21-AUG-PAGE-1.qxd 8/20/2025 10:45 PM Page 1

ਵੀਰਵਾਰ, 21 ਅਗਸਤ, 2025

6 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 80

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 21 AUGUST, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ


| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 12

# ਲੋਕ ਸਭਾ 'ਚ ਪੇਸ਼ 'ਹਿਟਲਰੀ' ਬਿੱਲ ਦਾ ਕਰੜਾ ਵਿਰੋਧ

## ਆਪੋਜ਼ੀਸ਼ਨ ਪਾਰਟੀਆਂ ਦੇ ਮੁੱਖ ਮੰਤਰੀਆਂ ਨੂੰ ਹਟਾਉਣ ਦਾ ਨਵਾਂ ਹੱਥਕੰਡਾ ਕਰਾਰ



**ਨਵੀਂ ਦਿੱਲੀ** : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀਆਂ, ਮੁੱਖ ਮੰਤਰੀ ਅਤੇ ਰਾਜ ਮੰਤਰੀਆਂ ਨੂੰ ਗੰਭੀਰ ਅਪਰਾਧਾਂ ਲਈ ਲਗਾਤਾਰ 30 ਦਿਨਾਂ ਲਈ ਗ੍ਰਿਫਤਾਰ ਤੇ ਹਿਰਾਸਤ ਵਿੱਚ ਰੱਖਣ ਦੀ ਸੂਰਤ ਵਿੱਚ ਅਹੁਦੇ ਤੋਂ ਹਟਾਉਣ ਲਈ ਇੱਕ ਕਾਨੂੰਨੀ ਢਾਂਚਾ ਬਣਾਉਣ ਸੰਬੰਧੀ ਬਿੱਲ ਬੁੱਧਵਾਰ ਲੋਕ ਸਭਾ 'ਚ ਪੇਸ਼ ਕੀਤਾ ਹੈ। ਸ਼ਾਹ ਜਿਵੇਂ ਹੀ ਸੰਵਿਧਾਨ 'ਚ 130ਵੀਂ ਸੋਧ ਕਰਦਾ ਬਿੱਲ ਪੇਸ਼ ਕਰਨ ਲਈ ਉੱਠੇ ਤਾਂ ਬੇਮਿਸਾਲ ਹੰਗਾਮਾ ਦੇਖਣ ਨੂੰ ਮਿਲਿਆ। ਸ਼ਾਹ ਨੇ ਹੰਗਾਮੇ ਦੌਰਾਨ ਹੀ ਬਿੱਲ ਪੇਸ਼ ਕੀਤਾ। ਸਦਨ ਨੂੰ ਪਹਿਲਾਂ ਤਿੰਨ ਵਜੇ ਤੱਕ ਮੁਲਤਵੀ ਕੀਤਾ ਗਿਆ। ਸਦਨ ਮੁੜ ਜੁੜਿਆ ਤਾਂ ਵਿਰੋਧੀ ਧਿਰਾਂ ਵੱਲੋਂ ਰੌਲਾ-ਰੱਪਾ ਜਾਰੀ ਰਹਿਣ 'ਤੇ ਸਦਨ ਦੀ ਕਾਰਵਾਈ ਸ਼ਾਮ 5 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

ਇਸ ਤੋ ਪਹਿਲਾਂ ਜਿਵੇਂ ਹੀ ਸ਼ਾਹ ਬਿੱਲ ਪੇਸ਼ ਕਰਨ ਲਈ ਉੱਠੇ, ਤ੍ਰਿਣਮੂਲ ਕਾਂਗਰਸ ਪਾਰਟੀ ਦੇ ਨੇਤਾ ਕਲਿਆਣ ਬੈਨਰਜੀ ਦੀ ਅਗਵਾਈ ਹੇਠ ਵਿਰੋਧੀ ਸੰਸਦ ਮੈਂਬਰ ਸਦਨ ਦੇ ਐਨ ਵਿਚਾਲੇ ਆ ਗਏ, ਉਨ੍ਹਾਂ ਬਿੱਲਾਂ ਨੂੰ ਪਾੜ ਦਿੱਤਾ ਅਤੇ ਬਿੱਲ ਦੀਆਂ ਕਾਪੀਆਂ ਸ਼ਾਹ ਦੇ ਮੂੰਹ 'ਤੇ ਸੁੱਟ ਦਿੱਤੀਆਂ। ਚੇਅਰਪਰਸਨ ਅਤੇ ਪ੍ਰੀਜ਼ਾਈਡਿੰਗ ਅਫਸਰ ਨੇ ਤੁਰੰਤ ਸਦਨ ਨੂੰ ਦੁਪਹਿਰ 3 ਵਜੇ ਤੱਕ ਮੁਲਤਵੀ ਕਰ ਦਿੱਤਾ।

ਜਿਵੇਂ ਹੀ ਕਲਿਆਣ ਬੈਨਰਜੀ ਅਤੇ ਹੋਰ ਟੀ ਐੱਮ ਸੀ ਸੰਸਦ ਮੈਂਬਰਾਂ ਨੇ ਸ਼ਾਹ ਵੱਲ ਹਮਲਾ ਕੀਤਾ, ਸੰਸਦ ਮੈਂਬਰ ਅਨੁਰਾਗ ਠਾਕੁਰ, ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਗ੍ਰਹਿ ਮੰਤਰੀ ਦੇ ਦੁਆਲੇ ਇੱਕ ਸੁਰੱਖਿਆ ਘੇਰਾ ਬਣਾ ਲਿਆ। ਸਦਨ ਮੁਲਤਵੀ ਹੋਣ ਤੋਂ ਬਾਅਦ ਵੀ, ਲੋਕ ਸਭਾ ਦੇ ਐਨ ਵਿਚਾਲੇ ਹਫੜਾ-ਦਫੜੀ ਵਾਲੇ ਦ੍ਰਿਸ਼ ਦੇਖੇ ਗਏ, ਜਿੱਥੇ ਵਿਰੋਧੀ ਸੰਸਦ ਮੈਂਬਰ ਤੇ ਸੱਤਾਧਾਰੀ ਪਾਰਟੀ ਦੇ ਮੈਂਬਰ ਹੱਥੋਪਾਈ ਹੋਣ ਤੋਂ ਮਸਾਂ ਰੁਕੇ। ਵਿਰੋਧੀ ਮੈਂਬਰਾਂ ਨੇ ਸ਼ਾਹ ਨੂੰ ਬਿੱਲ 'ਤੇ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ। ਜਦੋਂ ਸਦਨ ਮੁਲਤਵੀ ਕੀਤਾ ਗਿਆ, ਤਾਂ ਸਦਨ ਦੇ ਐਨ ਵਿਚਾਲੇ ਅਤੇ ਗਲਿਆਰੇ 'ਚ ਬਿੱਲਾਂ ਦੇ ਫਟੇ ਹੋਏ ਟੁਕੜੇ ਖਿਲਰੇ ਪਏ ਸਨ। ਭਾਜਪਾ ਮੈਂਬਰਾਂ ਨੇ ਬੇਕਾਬੂ ਵਿਰੋਧੀ ਸੰਸਦ ਮੈਂਬਰਾਂ ਨੂੰ ਮੁਅੱਤਲ ਕਰਨ ਦੀ ਮੰਗ ਕੀਤੀ ਹੈ।

ਸ਼ਾਹ ਦੇ ਕਹਿਣ 'ਤੇ ਬਿੱਲ ਨੂੰ ਨਜ਼ਰਸਾਨੀ ਲਈ ਸਾਂਝੀ ਸੰਸਦੀ ਕਮੇਟੀ ਹਵਾਲੇ ਕਰ ਦਿੱਤਾ ਗਿਆ ਹੈ।

ਤ੍ਰਿਣਮੂਲ ਕਾਂਗਰਸ ਦੀਆਂ ਲੋਕ ਸਭਾ ਮੈਂਬਰਾਂ ਮਿਤਾਲੀ ਬਾਗ ਤੇ ਸ਼ਤਾਬਦੀ ਰਾਇ ਨੇ ਦੋਸ਼ ਲਾਇਆ ਕਿ ਮੰਤਰੀਆਂ ਕਿਰਨ ਰਿਜੀਜੂ ਤੇ ਰਵਨੀਤ ਬਿੱਟੂ ਨੇ ਉਨ੍ਹਾਂ ਨੂੰ ਧੱਕੇ ਮਾਰੇ।

ਆਪੋਜ਼ੀਸ਼ਨ ਪਾਰਟੀਆਂ ਨੇ ਬਿੱਲ ਨੂੰ ਸੰਵਿਧਾਨ ਵਿਰੋਧੀ ਤੇ ਭਾਰਤੀ ਲੋਕਤੰਤਰ 'ਤੇ ਹਿਟਲਰੀ ਹਮਲਾ ਕਰਾਰ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਬਿੱਲ ਜੁਡੀਸ਼ਰੀ ਦੀ ਆਜ਼ਾਦੀ ਖਤਮ ਕਰ ਦੇਵੇਗਾ। ਉਨ੍ਹਾ ਕਿਹਾ, 'ਇਹ ਨਾਦਰਸ਼ਾਹੀ ਕਦਮ ਲੋਕਤੰਤਰ ਤੇ ਫੈਡਰਲਿਜ਼ਮ 'ਤੇ ਮਾਰੂ ਹਮਲਾ ਹੈ। ਬਿੱਲ ਹੁਣ ਸਾਡੀ ਜੁਡੀਸ਼ਰੀ ਦੀ ਆਜ਼ਾਦੀ ਖੋਹਣਾ ਚਾਹੁੰਦਾ ਹੈ। ਇਹ ਭਾਰਤੀ ਲੋਕਤੰਤਰ 'ਤੇ ਹਿਟਲਰੀ ਹਮਲੇ ਨਾਲੋਂ ਘੱਟ ਨਹੀਂ। ਦੁਨੀਆ ਵਿੱਚ ਫਾਸ਼ੀ ਹਕੂਮਤਾਂ ਨੇ ਇਸੇ ਤਰ੍ਹਾਂ ਸੱਤਾ 'ਤੇ ਜਕੜ ਮਜ਼ਬੂਤ ਕੀਤੀ।'

ਤ੍ਰਿਣਮੂਲ ਦੇ ਸਾਂਸਦ ਅਭਿਸ਼ੇਕ ਬੈਨਰਜੀ ਨੇ ਕਿਹਾ ਕਿ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਸੁਧਾਈ 'ਚ ਚੋਣ ਕਮਿਸ਼ਨ (ਈ ਸੀ) ਨੂੰ ਵਰਤਣ 'ਚ ਨਾਕਾਮ ਰਹੀ ਸਰਕਾਰ ਨੇ ਹੁਣ ਇੱਕ ਹੋਰ 'ਈ' (ਈ ਡੀ) ਨੂੰ ਸਰਗਰਮ ਕਰ ਦਿੱਤਾ ਹੈ, ਜਿਹੜੀ ਆਪੋਜ਼ੀਸ਼ਨ ਦੇ ਕਿਸੇ ਵੀ ਮੁੱਖ ਮੰਤਰੀ ਨੂੰ ਫੜ ਕੇ 30 ਦਿਨ ਅੰਦਰ ਕਰ ਦੇਵੇਗੀ ਤੇ ਰਾਜ ਸਰਕਾਰਾਂ ਪਲਟਾ ਦੇਵੇਗੀ। ਤ੍ਰਿਣਮੂਲ ਕਾਂਗਰਸ ਦੀ ਇੱਕ ਹੋਰ ਸਾਂਸਦ ਮਹੁਆ ਮੋਇਤਰਾ ਨੇ ਕਿਹਾ, 'ਆਪੋਜ਼ੀਸ਼ਨ ਦੀਆਂ ਭਵਿੱਖਬਾਣੀਆਂ ਸਹੀ ਸਾਬਤ ਹੋਈਆਂ ਹਨ ਤੇ ਭਾਜਪਾ ਸਿਰਫ 240 ਮੈਂਬਰਾਂ ਨਾਲ ਹੀ ਸੰਵਿਧਾਨ ਬਦਲ ਰਹੀ ਹੈ। ਸੀ ਪੀ ਆਈ (ਐੱਮ) ਦੇ ਸਾਂਸਦ ਜੌਹਨ ਬ੍ਰਿਟਸ ਨੇ ਬਿੱਲ ਨੂੰ ਮਾਰੂ ਦੱਸਿਆ।

ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਇਹ ਬਿੱਲ ਮਾਰੂ ਤੇ ਗੈਰ-ਜਮਹੂਰੀ ਹੈ। ਉਨ੍ਹਾ ਕਿਹਾ ਕਿ ਕਿਸੇ ਵੀ ਮੁੱਖ ਮੰਤਰੀ 'ਤੇ ਕੋਈ ਵੀ ਕੇਸ ਪਾ ਕੇ ਉਸ ਨੂੰ ਬਿਨਾਂ ਮੁਜਰਮ ਸਾਬਤ ਕੀਤੇ 30 ਦਿਨ ਲਈ ਗ੍ਰਿਫਤਾਰ ਕਰਕੇ ਉਸ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਕਾਂਗਰਸ ਦੇ ਮਨੀਸ਼ ਤਿਵਾੜੀ ਨੇ ਕਿਹਾ ਕਿ ਬਿੱਲ ਕਾਨੂੰਨ ਦੇ ਰਾਜ ਨੂੰ ਤਬਾਹ ਕਰਦਾ ਹੈ। ਏ ਆਈ ਐੱਮ ਆਈ ਐੱਮ ਦੇ ਸਾਂਸਦ ਅਸਦੂਦੀਨ ਓਵੈਸੀ ਨੇ ਕਿਹਾ ਕਿ ਸਰਕਾਰ ਪੁਲਸ ਰਾਜ ਕਾਇਮ ਕਰਨ 'ਤੇ ਤੁਲੀ ਹੋਈ ਹੈ।

## ਇਹ ਹੈ ਬਿੱਲ ਵਿਚਲੀ ਘੁੰਢੀ

ਇਹ ਬਿੱਲ ਭਾਰਤੀ ਸਿਆਸਤ ਵਿੱਚ ਭੁਚਾਲ ਲਿਆ ਦੇਣ ਵਾਲਾ ਹੈ। 1963 ਦੇ ਐਕਟ ਵਿੱਚ ਅਜਿਹੀ ਵਿਵਸਥਾ ਨਹੀਂ ਹੈ, ਜੋ ਗੰਭੀਰ ਦੋਸ਼ਾਂ 'ਚ ਗ੍ਰਿਫਤਾਰ ਮੁੱਖ ਮੰਤਰੀ ਜਾਂ ਮੰਤਰੀ ਨੂੰ ਹਟਾਉਂਦੀ ਹੋਵੇ, ਪਰ ਗੌਰਮਿੰਟ ਆਫ ਯੂਨੀਅਨ ਟੈਰੇਟਰੀਜ਼ (ਸੋਧ) ਬਿੱਲ-2025 ਵਿੱਚ ਧਾਰਾ 45 ਵਿੱਚ ਸੋਧ ਕਰਕੇ ਅਜਿਹਾ ਕਾਨੂੰਨੀ ਢਾਂਚਾ ਬਣਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਇਸ ਵੇਲੇ ਸੰਵਿਧਾਨ ਵਿੱਚ ਅਜਿਹੀ ਵਿਵਸਥਾ ਨਹੀਂ ਹੈ, ਜਿਸ ਨਾਲ ਗੰਭੀਰ ਫੌਜਦਾਰੀ ਦੋਸ਼ਾਂ ਵਿੱਚ ਗ੍ਰਿਫਤਾਰ ਪ੍ਰਧਾਨ ਮੰਤਰੀ, ਕੇਂਦਰੀ ਮੰਤਰੀ ਜਾਂ ਰਾਜਾਂ ਤੇ ਦਿੱਲੀ ਦੇ ਮੁੱਖ ਮੰਤਰੀ ਜਾਂ ਮੰਤਰੀਆਂ ਨੂੰ ਹਟਾਇਆ ਜਾ ਸਕਦਾ ਹੈ। 130ਵੇਂ ਸੰਵਿਧਾਨ ਸੋਧ ਬਿੱਲ ਰਾਹੀਂ ਆਰਟੀਕਲ 75, 164 ਤੇ 239 ਏ ਏ ਵਿੱਚ ਸੋਧ ਕਰਕੇ ਅਜਿਹਾ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ। ਜੰਮੂ-ਕਸ਼ਮੀਰ ਪੁਨਰਗਠਨ ਐਕਟ 2019 ਵਿੱਚ ਵੀ ਗੰਭੀਰ ਫੌਜਦਾਰੀ ਦੋਸ਼ਾਂ ਤਹਿਤ ਗ੍ਰਿਫਤਾਰ ਮੁੱਖ ਮੰਤਰੀ ਜਾਂ ਮੰਤਰੀ ਨੂੰ ਹਟਾਉਣ ਦੀ ਵਿਵਸਥਾ ਨਹੀਂ ਹੈ। ਹੁਣ ਧਾਰਾ 54 ਵਿੱਚ ਸੋਧ ਕਰਕੇ 30 ਦਿਨ ਦੀ ਹਿਰਾਸਤ ਤੋਂ ਬਾਅਦ ਹਟਾਉਣ ਦਾ ਨਿਯਮ ਲਿਆਂਦਾ ਜਾ ਰਿਹਾ ਹੈ।

ਬਿੱਲ ਮੁਤਾਬਕ ਕੋਈ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਮੰਤਰੀ ਕਿਸੇ ਅਜਿਹੇ ਅਪਰਾਧ ਲਈ 30 ਦਿਨ ਹਿਰਾਸਤ ਵਿੱਚ ਰਹਿੰਦਾ ਹੈ, ਜਿਸ ਦੀ ਸਜ਼ਾ ਪੰਜ ਸਾਲ ਜਾਂ ਵੱਧ ਹੋਵੇ, ਤਾਂ ਉਸ ਨੂੰ 31ਵੇਂ ਦਿਨ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਵੇਗਾ। ਜੇ ਅਸਤੀਫਾ ਨਹੀਂ ਦਿੰਦਾ ਤਾਂ ਉਸ ਦੀ ਕੁਰਸੀ ਖੁਦ-ਬ-ਖੁਦ ਚਲੇ ਜਾਵੇਗੀ। ਕੇਂਦਰ ਸ਼ਾਸਤ ਪ੍ਰਦੇਸ਼ਾਂ, ਜਿਵੇਂ ਜੰਮੂ-ਕਸ਼ਮੀਰ ਤੇ ਦਿੱਲੀ ਵਿੱਚ ਜੇ ਮੁੱਖ ਮੰਤਰੀ 31ਵੇਂ ਦਿਨ ਅਸਤੀਫਾ ਨਹੀਂ ਦਿੰਦਾ ਤਾਂ ਲੈਫਟੀਨੈਂਟ ਗਵਰਨਰ ਉਸ ਨੂੰ ਹਟਾ ਸਕਦਾ ਹੈ। ਸਰਕਾਰ ਦਾ ਦਾਅਵਾ ਹੈ ਕਿ ਇਸ ਨਾਲ ਸੰਵਿਧਾਨਕ ਨੈਤਿਕਤਾ ਤੇ ਸੁਸ਼ਾਸਨ ਨੂੰ ਬੜ੍ਹਾਵਾ ਮਿਲੇਗਾ, ਪਰ ਕੀ ਵਾਕਈ ਇੰਜ ਹੈ? ਬਿੱਲ ਵਿੱਚ ਖਾਸ ਗੱਲ ਇਹ ਹੈ ਕਿ ਇਹ ਦੋਸ਼ ਲੱਗਣ 'ਤੇ ਕਾਰਵਾਈ ਦੀ ਗੱਲ ਕਰਦਾ ਹੈ, ਨਾ ਕਿ ਦੋਸ਼ ਸਿੱਧ ਹੋਣ 'ਤੇ।

# ਦਿੱਲੀ ਦੀ ਮੁੱਖ ਮੰਤਰੀ 'ਤੇ 'ਜਾਨਵਰ ਪ੍ਰੇਮੀ' ਵੱਲੋਂ ਹਮਲਾ



**ਨਵੀਂ ਦਿੱਲੀ** : ਭਾਜਪਾ ਨੇ ਕਿਹਾ ਕਿ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ 'ਤੇ ਬੁੱਧਵਾਰ ਸਵੇਰੇ ਸਿਵਲ ਲਾਈਨਜ਼ ਸਥਿਤ ਉਨ੍ਹਾ ਦੀ ਸਰਕਾਰੀ ਰਿਹਾਇਸ਼ 'ਤੇ 'ਜਨ ਸੁਣਵਾਈ' ਪ੍ਰੋਗਰਾਮ ਦੌਰਾਨ ਹਮਲਾ ਕੀਤਾ ਗਿਆ।

ਦਿੱਲੀ ਭਾਜਪਾ ਦੇ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਕਿਹਾ ਕਿ ਹਮਲਾਵਰ ਨੇ ਪਹਿਲਾਂ ਮੁੱਖ ਮੰਤਰੀ ਨੂੰ ਕੁਝ ਕਾਗਜ਼ਾਤ ਦਿੱਤੇ ਅਤੇ ਫਿਰ ਹਮਲਾ ਕਰ ਦਿੱਤਾ। ਮੁਲਜ਼ਮ ਦੀ ਪਛਾਣ 41 ਸਾਲਾ ਰਾਜੇਸ਼ ਖੀਮਜੀ ਵਜੋਂ ਹੋਈ ਹੈ, ਜੋ ਕਿ ਗੁਜਰਾਤ ਦੇ ਰਾਜਕੋਟ ਦਾ ਰਹਿਣ ਵਾਲਾ ਹੈ। ਮੁੱਖ ਮੰਤਰੀ ਦੇ ਮੱਥੇ 'ਤੇ ਮਾਮੂਲੀ ਸੱਟ ਲੱਗੀ ਹੈ। ਪੁਲਸ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਕੇ ਪੁੱਛਗਿੱਛ ਕਰ ਰਹੀ ਸੀ।

ਦਿੱਲੀ ਸਰਕਾਰ 'ਚ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਲੋਕਾਂ ਨਾਲ ਮੁੱਖ ਮੰਤਰੀ ਦਾ ਨਿਡਰ ਸੰਪਰਕ ਅਤੇ ਜਨਤਕ ਸੇਵਾ ਪ੍ਰਤੀ ਅਟੁੱਟ ਵਚਨਬੱਧਤਾ ਸਪੱਸ਼ਟ ਤੌਰ 'ਤੇ ਵਿਰੋਧੀ ਧਿਰ ਨੂੰ ਪਰੇਸ਼ਾਨ ਕਰਦੀ ਹੈ, ਜੋ ਅਜਿਹੀਆਂ ਸ਼ਰਮਨਾਕ ਚਾਲਾਂ 'ਤੇ ਉਤਰ ਆਈ ਹੈ। ਦਿੱਲੀ ਅਸੈਂਬਲੀ ਵਿੱਚ ਵਿਰੋਧੀ ਧਿਰ ਦੀ ਆਗੂ ਆਤਿਸ਼ੀ ਨੇ ਇੱਕ ਪੋਸਟ 'ਚ ਕਿਹਾ, "ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ 'ਤੇ ਹਮਲਾ ਬਹੁਤ ਨਿੰਦਣਯੋਗ ਹੈ। ਲੋਕਤੰਤਰ ਵਿੱਚ, ਅਸਹਿਮਤੀ ਅਤੇ ਵਿਰੋਧ ਲਈ ਜਗ੍ਹਾ ਹੁੰਦੀ ਹੈ, ਪਰ ਹਿੰਸਾ ਲਈ ਕੋਈ ਜਗ੍ਹਾ ਨਹੀਂ ਹੁੰਦੀ। ਉਮੀਦ ਹੈ ਕਿ ਦਿੱਲੀ ਪੁਲਸ ਦੋਸ਼ੀਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰੇਗੀ।" ਦਿੱਲੀ ਕਾਂਗਰਸ ਦੇ ਪ੍ਰਧਾਨ ਦੇਵੇਂਦਰ ਯਾਦਵ ਨੇ ਵੀ ਹਮਲੇ ਦੀ ਨਿੰਦਾ ਕੀਤੀ ਅਤੇ ਕਿਹਾ, "ਜ਼ਿੰਮੇਵਾਰਾਂ ਨੂੰ ਸਖਤ ਸਜ਼ਾ ਮਿਲਣੀ ਚਾਹੀਦੀ ਹੈ, ਪਰ ਇਹ ਇਸ ਗੱਲ ਨੂੰ ਵੀ ਦਰਸਾਉਂਦਾ ਹੈ ਕਿ ਦਿੱਲੀ ਵਿੱਚ ਕੋਈ ਵੀ ਸੁਰੱਖਿਅਤ ਨਹੀਂ ਹੈ, ਸਿਰਫ ਔਰਤਾਂ ਹੀ ਨਹੀਂ, ਸਗੋਂ ਕੋਈ ਵੀ। ਜਿਸ ਤਰ੍ਹਾਂ ਦੇ ਵਿਵਹਾਰ ਅਤੇ ਦੁਖਦਾਈ ਘਟਨਾ ਦਾ ਰੇਖਾ ਨੇ ਸਾਹਮਣਾ ਕੀਤਾ ਹੈ, ਉਸ ਦੀ ਸਖਤ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਮੈਂ ਚੇਤਾਵਨੀ ਦੇਣਾ ਚਾਹੁੰਦਾ ਹਾਂ ਕਿ ਜਾਗਣ ਦਾ ਸਮਾਂ ਆ ਗਿਆ ਹੈ ਅਤੇ ਔਰਤਾਂ ਦੀ ਸੁਰੱਖਿਆ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।"

ਇਸੇ ਦੌਰਾਨ ਮੁਲਜ਼ਮ ਦੀ ਮਾਂ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਪੁੱਤਰ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਉਹ ਅਵਾਰਾ ਕੁੱਤਿਆਂ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਖਿਲਾਫ ਪ੍ਰਦਰਸ਼ਨ 'ਚ ਹਿੱਸਾ ਲੈਣ ਲਈ ਕੌਮੀ ਰਾਜਧਾਨੀ ਗਿਆ ਸੀ। ਮੁਲਜ਼ਮ ਰਾਜਕੋਟ ਦੇ ਕੋਠਾਰੀਆ ਰੋਡ ਸਥਿਤ ਗੋਕੁਲ ਪਾਰਕ ਵਿੱਚ ਆਪਣੀ ਪਤਨੀ, ਪੁੱਤਰ ਅਤੇ ਮਾਤਾ-ਪਿਤਾ ਨਾਲ ਰਹਿੰਦਾ ਹੈ। ਉਸ ਦੀ ਗ੍ਰਿਫਤਾਰੀ ਮਗਰੋਂ ਰਾਜਕੋਟ ਪੁਲਸ ਉਸ ਦੇ ਘਰ ਪਹੁੰਚੀ ਅਤੇ ਉਸ ਦੀ ਮਾਂ ਭਾਨੂਬੇਨ ਸਕਾਰੀਆ ਤੋਂ ਪੁੱਛਗਿੱਛ ਕੀਤੀ। ਬਾਅਦ ਵਿੱਚ ਭਾਨੂਬੇਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਦਾ ਪੁੱਤਰ ਇੱਕ ਆਟੋ-ਰਿਕਸ਼ਾ ਚਾਲਕ ਹੈ ਅਤੇ ਉਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸੰਬੰਧ ਨਹੀਂ ਹੈ। ਉਹ ਪਸ਼ੂ ਪ੍ਰੇਮੀ ਹੈ ਅਤੇ ਦਿੱਲੀ ਦੀਆਂ ਸੜਕਾਂ ਤੋਂ ਸਾਰੇ ਆਵਾਰਾ ਕੁੱਤਿਆਂ ਨੂੰ ਸ਼ੈਲਟਰਾਂ ਵਿੱਚ ਭੇਜਣ ਦੇ ਸੁਪਰੀਮ ਕੋਰਟ ਦੇ ਹਾਲ ਹੀ ਦੇ ਹੁਕਮ ਤੋਂ ਬਹੁਤ ਦੁਖੀ ਸੀ। ਕੁਝ ਦਿਨ ਪਹਿਲਾਂ ਉਹ ਹਰਿਦੁਆਰ ਗਿਆ ਅਤੇ ਫਿਰ ਫੋਨ 'ਤੇ ਦੱਸਿਆ ਕਿ ਉਹ ਦਿੱਲੀ ਵਿੱਚ ਕੁੱਤਿਆਂ ਦੇ ਸਮਰਥਨ ਵਿੱਚ ਇੱਕ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਜਾ ਰਿਹਾ ਹੈ।

## 50 ਸਕੂਲਾਂ ਨੂੰ ਧਮਕੀਆਂ

**ਨਵੀਂ ਦਿੱਲੀ** : ਕੌਮੀ ਰਾਜਧਾਨੀ ਦੇ ਕਰੀਬ 50 ਸਕੂਲਾਂ ਨੂੰ ਈ-ਮੇਲ ਰਾਹੀਂ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲਣ ਤੋਂ ਬਾਅਦ ਪੁਲਸ ਤੇ ਹੋਰ ਐਮਰਜੈਂਸੀ ਏਜੰਸੀਆਂ ਨੇ ਫੌਰੀ ਤਲਾਸ਼ੀ ਮੁਹਿੰਮ ਵਿੱਢ ਦਿੱਤੀ। ਜਿਨ੍ਹਾਂ ਸਕੂਲਾਂ ਨੂੰ ਧਮਕੀਆਂ ਮਿਲੀਆਂ ਹਨ ਉਨ੍ਹਾਂ ਵਿੱਚ ਦਵਾਰਕਾ ਦਾ ਰਾਹੁਲ ਮਾਡਲ ਸਕੂਲ ਤੇ ਮੈਕਸਫੋਰਟ ਸਕੂਲ ਅਤੇ ਮਾਲਵੀਆ ਨਗਰ ਵਿੱਚ ਐੱਸ ਕੇ ਵੀ ਅਤੇ ਪ੍ਰਸਾਦ ਨਗਰ ਵਿੱਚ ਆਂਧਰਾ ਸਕੂਲ ਸ਼ਾਮਲ ਹਨ। 18 ਅਗਸਤ ਨੂੰ 32 ਸਕੂਲਾਂ ਨੂੰ ਧਮਕੀਆਂ ਮਿਲੀਆਂ ਸਨ, ਜੋ ਬਾਅਦ ਵਿੱਚ ਝੂਠੀਆਂ ਸਾਬਤ ਹੋਈਆਂ।

## ਮਹਿਲਾ ਸਣੇ 4 ਪ੍ਰਵਾਸੀ ਮਜ਼ਦੂਰਾਂ ਦੀ ਮੌਤ, ਕਈ ਜ਼ਖਮੀ

**ਝੱਜਰ** : ਬਹਾਦਰਗੜ੍ਹ ਸਬ-ਡਵੀਜ਼ਨ ਅਧੀਨ ਨੀਲੋਠੀ ਪਿੰਡ ਨੇੜੇ ਬੁੱਧਵਾਰ ਵੱਡੇ ਤੜਕੇ ਕੇ ਐੱਮ ਪੀ ਐਕਸਪ੍ਰੈਸਵੇਅ 'ਤੇ ਪਿਕਅੱਪ ਗੱਡੀ ਦੀ ਕੈਂਟਰ ਨਾਲ ਟੱਕਰ ਵਿੱਚ ਇਕ ਮਹਿਲਾ ਸਣੇ 4 ਵਿਅਕਤੀਆਂ ਦੀ ਮੌਤ ਹੋ ਗਈ ਅਤੇ 32 ਜ਼ਖਮੀ ਹੋ ਗਏ। ਜ਼ਖਮੀਆਂ, ਜਿਨ੍ਹਾਂ ਵਿਚ ਕੁੱਝ ਬੱਚੇ ਵੀ ਸ਼ਾਮਲ ਹਨ, ਨੂੰ ਰੋਹਤਕ ਦੇ ਪੀ ਜੀ ਆਈ ਰੈਫਰ ਕਰਨਾ ਪਿਆ। ਕੈਂਟਰ ਡਰਾਈਵਰ ਨੂੰ ਵੀ ਹਾਦਸੇ ਵਿੱਚ ਸੱਟਾਂ ਲੱਗੀਆਂ ਦੱਸੀਆਂ ਜਾ ਰਹੀਆਂ ਹਨ। ਪਰਵਾਸੀ ਮਜ਼ਦੂਰਾਂ ਦਾ ਸਮੂਹ ਪਿਕਅੱਪ ਗੱਡੀ ਵਿੱਚ ਯੂ ਪੀ ਤੋਂ ਮਹਿੰਦਰਗੜ੍ਹ ਜਾ ਰਿਹਾ ਸੀ।

## ਦਿੱਲੀ 'ਚ ਇਮਾਰਤ ਡਿੱਗਣ ਨਾਲ 3 ਮਜ਼ਦੂਰਾਂ ਦੀ ਮੌਤ

**ਨਵੀਂ ਦਿੱਲੀ** : ਕੇਂਦਰੀ ਦਿੱਲੀ ਦੇ ਦਰਿਆਗੰਜ ਵਿੱਚ ਸਦਭਾਵਨਾ ਪਾਰਕ ਨੇੜੇ ਬੁੱਧਵਾਰ ਇਮਾਰਤ ਡਿੱਗਣ ਕਾਰਨ 3 ਜਣਿਆਂ ਦੀ ਮੌਤ ਹੋ ਗਈ। ਮ੍ਰਿਤਕ ਜ਼ੁਬੈਰ, ਗੁਲਸਾਗਰ ਅਤੇ ਤੌਫੀਕ ਮਜ਼ਦੂਰ ਸਨ।

## ਰਾਧਾਕ੍ਰਿਸ਼ਨਨ ਵੱਲੋਂ ਕਾਗਜ਼ ਦਾਖਲ

**ਨਵੀਂ ਦਿੱਲੀ** : ਸੱਤਾਧਾਰੀ ਐੱਨ ਡੀ ਏ ਗੱਠਜੋੜ ਦੇ ਉਮੀਦਵਾਰ ਅਤੇ ਮਹਾਰਾਸ਼ਟਰ ਦੇ ਰਾਜਪਾਲ ਸੀ ਪੀ ਰਾਧਾਕ੍ਰਿਸ਼ਨਨ ਨੇ ਬੁੱਧਵਾਰ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਦੇ ਨਾਲ 9 ਸਤੰਬਰ ਨੂੰ ਹੋਣ ਵਾਲੀ ਚੋਣ ਲਈ ਮੰਚ ਤਿਆਰ ਹੋ ਗਿਆ ਹੈ। ਰਾਧਾਕ੍ਰਿਸ਼ਨਨ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਐੱਨ ਡੀ ਏ ਦੇ ਸੀਨੀਅਰ ਆਗੂ ਵੀ ਸਨ। ਆਪੋਜ਼ੀਸ਼ਨ ਪਾਰਟੀਆਂ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਬੀ. ਸੁਦਰਸ਼ਨ ਰੈਡੀ ਨੂੰ ਉਮੀਦਵਾਰ ਐਲਾਨਿਆ ਹੈ।

# ਅਧਿਆਪਕਾ ਦੇ ਕਤਲ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦਾ ਐਲਾਨ

**ਚੰਡੀਗੜ੍ਹ** : ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ ਨੇ ਸਕੂਲ ਅਧਿਆਪਕਾ ਮਨੀਸ਼ਾ ਕਤਲ ਕੇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦਾ ਐਲਾਨ ਕੀਤਾ ਹੈ। ਭਿਵਾਨੀ ਵਿਚ ਪਲੇਅਵੇਅ ਸਕੂਲ ਦੀ ਅਧਿਆਪਕਾ ਮਨੀਸ਼ਾ ਦੀ ਮੌਤ ਇੱਕ ਵੱਡਾ ਸਿਆਸੀ ਤੇ ਸਮਾਜਕ ਮੁੱਦਾ ਬਣ ਗਈ ਹੈ। ਪੀੜਤ ਪਰਿਵਾਰ ਵੱਲੋਂ ਪਿਛਲੇ ਦਸ ਦਿਨਾਂ ਤੋਂ ਮਨੀਸ਼ਾ ਦਾ ਸਸਕਾਰ ਨਾ ਕੀਤੇ ਜਾਣਾ ਅਤੇ ਪਿੰਡ ਵਿਚ ਲਗਾਤਾਰ ਜਾਰੀ ਪ੍ਰਦਰਸ਼ਨਾਂ ਨੇ ਸਰਕਾਰ ਨੂੰ ਪਿੱਛਲ ਪੈਰੀਂ ਲੈ ਆਂਦਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੰਗਲਵਾਰ ਦੇਰ ਰਾਤ ਇਸ ਕੇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦਾ ਐਲਾਨ ਕੀਤਾ।

ਮਨੀਸ਼ਾ 11 ਅਗਸਤ ਨੂੰ ਨਰਸਿੰਗ ਕਾਲਜ ਵਿੱਚ ਦਾਖਲੇ ਲਈ ਘਰੋਂ ਨਿਕਲੀ ਸੀ, ਪਰ ਵਾਪਸ ਨਹੀਂ ਮੁੜੀ। 13 ਅਗਸਤ ਨੂੰ ਸਿੰਘਾਨੀ ਪਿੰਡ ਦੇ ਖੇਤ ਵਿੱਚ ਉਸ ਦੀ ਲਾਸ਼ ਬਰਾਮਦ ਹੋਈ। 14 ਅਗਸਤ ਨੂੰ ਪੋਸਟ ਮਾਰਟਮ ਰਿਪੋਰਟ 'ਚ ਉਸ ਦੀ ਗਲਾ ਵੱਢ ਕੇ ਹੱਤਿਆ ਕੀਤੇ ਜਾਣ ਦੀ ਪੁਸ਼ਟੀ ਹੋਈ, ਹਾਲਾਂਕਿ ਉਸ ਨਾਲ ਜਿਨਸੀ ਦੁਰਾਚਾਰ ਤੋਂ ਇਨਕਾਰ ਕੀਤਾ ਗਿਆ। ਪਿੰਡ ਵਾਸੀ ਤੇ ਪਰਵਾਰਕ ਮੈਂਬਰ ਰਿਪੋਰਟ ਤੋਂ ਸੰਤੁਸ਼ਟ ਨਜ਼ਰ ਨਹੀਂ ਆਏ। ਇਸ ਮਗਰੋਂ ਦੂਜੀ ਵਾਰ ਪੋਸਟ ਮਾਰਟਮ ਹੋਇਆ, ਪਰ ਪਰਵਾਰ ਦੀ ਉਸ ਤੋਂ ਵੀ ਤਸੱਲੀ ਨਹੀਂ ਹੋਈ। ਹੁਣ ਪਰਵਾਰ ਨੇ ਏਮਜ਼ (ਦਿੱਲੀ) ਦੇ ਡਾਕਟਰਾਂ ਕੋਲੋਂ ਤੀਜਾ ਪੋਸਟ ਮਾਰਟਮ ਕਰਵਾਉਣ ਦੀ ਮੰਗ ਕੀਤੀ ਹੈ।

ਲਗਾਤਾਰ ਧਰਨੇ ਤੇ ਅੰਦੋਲਨ ਕਰਕੇ ਦਬਾਅ ਵਿਚ ਆਈ ਸੂਬਾ ਸਰਕਾਰ ਨੇ ਭਿਵਾਨੀ ਵਿੱਚ 21 ਅਗਸਤ ਤੱਕ ਇੰਟਰਨੈੱਟ ਸੇਵਾਵਾਂ ਬੰਦ ਰੱਖਣ ਦਾ ਫੈਸਲਾ ਕੀਤਾ ਹੈ। ਉਧਰ ਪ੍ਰਸ਼ਾਸਨ ਨੇ ਪਰਵਾਰ ਨੂੰ ਸ਼ਾਂਤ ਕਰਨ ਲਈ ਐੱਸ ਪੀ ਦਾ ਤਬਾਦਲਾ, ਐੱਸ ਐੱਚ ਓ ਸਣੇ ਕਈ ਪੁਲਸ ਮੁਲਾਜ਼ਮਾਂ ਦੀ ਮੁਅੱਤਲੀ ਤੇ ਹੁਣ ਸੀ ਬੀ ਆਈ ਜਾਂਚ ਜਿਹੇ ਕਈ ਕਦਮ ਚੁੱਕੇ ਹਨ। ਇਸ ਦੇ ਬਾਵਜੂਦ ਪੀੜਤ ਪਰਵਾਰ ਅਜੇ ਤੱਕ ਧੀ ਦੇ ਅੰਤਮ ਸੰਸਕਾਰ ਲਈ ਤਿਆਰ ਨਹੀਂ ਹੈ। ਬੁੱਧਵਾਰ ਸਵੇਰੇ ਪਿੰਡ ਦੀ ਪੰਚਾਇਤ ਦੀ ਬੈਠਕ ਵਿੱਚ ਫੈਸਲਾ ਹੋਇਆ ਕਿ ਪਹਿਲਾਂ ਏਮਜ਼ 'ਚੋਂ ਪੋਸਟਮਾਰਟਮ ਹੋਵੇਗਾ ਤੇ ਉਸ ਮਗਰੋਂ ਅੰਤਮ ਰਸਮਾਂ ਪੂਰੀਆਂ ਕੀਤੀਆਂ ਜਾਣਗੀਆਂ।

ਮਨੀਸ਼ਾ ਮਾਮਲਾ ਹੁਣ ਸਿਰਫ਼ ਕਤਲ ਦੀ ਜਾਂਚ ਤੱਕ ਸੀਮਤ ਨਹੀਂ ਰਿਹਾ। ਹੁਣ ਇਹ ਪ੍ਰਸ਼ਾਸਨ ਅਤੇ ਜਨਤਾ ਵਿਚਕਾਰ ਵਿਸ਼ਵਾਸ ਦੇ ਸੰਕਟ ਦਾ ਪ੍ਰਤੀਕ ਬਣ ਗਿਆ ਹੈ। ਲਗਾਤਾਰ ਤਿੰਨ ਪੋਸਟਮਾਰਟਮ ਦੀ ਮੰਗ, ਲੰਬੇ ਧਰਨੇ ਅਤੇ ਇੰਟਰਨੈੱਟ ਬੰਦ ਕਰਨਾ ਦਰਸਾਉਂਦਾ ਹੈ ਕਿ ਲੋਕਾਂ ਨੂੰ ਸਥਾਨਕ ਪੁਲਸ ਜਾਂ ਸਰਕਾਰੀ ਸੰਸਥਾਵਾਂ 'ਤੇ ਕੋਈ ਵਿਸ਼ਵਾਸ ਨਹੀਂ ਹੈ। ਇਹ ਮਾਮਲਾ ਆਉਣ ਵਾਲੇ ਦਿਨਾਂ ਵਿੱਚ ਸਿਆਸੀ ਤੌਰ 'ਤੇ ਵੀ ਗੂੰਜ ਸਕਦਾ ਹੈ। ਵਿਰੋਧੀ ਧਿਰ ਪਹਿਲਾਂ ਹੀ ਕਾਨੂੰਨ ਵਿਵਸਥਾ 'ਤੇ ਸਰਕਾਰ ਨੂੰ ਘੇਰ ਰਹੀ ਹੈ।

ਉਧਰ ਮਨੀਸ਼ਾ ਦੇ ਪਿਤਾ ਸੰਜੈ ਨੇ ਸਪੱਸ਼ਟ ਕੀਤਾ ਕਿ ਉਨ੍ਹਾ 'ਤੇ ਕਿਸੇ ਦਾ ਕੋਈ ਦਬਾਅ ਨਹੀਂ ਹੈ। ਵਿਰੋਧ ਪ੍ਰਦਰਸ਼ਨ ਤਾਂ ਹੀ ਖਤਮ ਕੀਤਾ ਜਾਵੇਗਾ ਜੇ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਲਿਖਤੀ ਰੂਪ ਵਿੱਚ ਪੂਰਾ ਕਰਨ ਦਾ ਭਰੋਸਾ ਦੇਵੇਗੀ।

# ਨਫਰਤੀ ਭਾਸ਼ਣ ਮਾਮਲੇ 'ਚ ਅੱਬਾਸ ਅੰਸਾਰੀ ਬਰੀ

**ਪ੍ਰਯਾਗਰਾਜ** : ਅਲਾਹਾਬਾਦ ਹਾਈ ਕੋਰਟ ਨੇ 2022 ਦੇ ਨਫਰਤੀ ਭਾਸ਼ਣ ਮਾਮਲੇ ਵਿੱਚ ਸਾਬਕਾ ਸੰਸਦ ਮੈਂਬਰ ਮੁਖਤਾਰ ਅੰਸਾਰੀ ਦੇ ਪੁੱਤਰ ਅੱਬਾਸ ਅੰਸਾਰੀ ਦੀ ਸਜ਼ਾ ਰੱਦ ਕਰ ਦਿੱਤੀ ਹੈ। ਜਸਟਿਸ ਸਮੀਰ ਜੈਨ ਨੇ ਸੰਸਦ ਮੈਂਬਰ-ਵਿਧਾਇਕ ਦੀ ਵਿਸ਼ੇਸ਼ ਅਦਾਲਤ ਦੇ ਉਸ ਹੁਕਮ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਦੋ ਸਾਲ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮਊ ਦੀ ਵਿਸ਼ੇਸ਼ ਅਦਾਲਤ ਨੇ 31 ਮਈ ਨੂੰ ਨਫਰਤੀ ਭਾਸ਼ਣ ਮਾਮਲੇ ਵਿੱਚ ਅੱਬਾਸ ਨੂੰ ਦੋਸ਼ੀ ਠਹਿਰਾਉਂਦਿਆਂ ਸਜ਼ਾ ਸੁਣਾਈ ਸੀ। ਅੱਬਾਸ ਨੇ ਅਪੀਲੀ ਅਦਾਲਤ ਵਿੱਚ ਅਰਜ਼ੀ ਦਿੱਤੀ, ਜਿਸ ਨੇ 5 ਜੁਲਾਈ ਨੂੰ ਉਸ ਦੀ ਪਟੀਸ਼ਨ ਖਾਰਜ ਕਰ ਦਿੱਤੀ। ਇਸ ਮਗਰੋਂ ਉਸ ਨੇ ਰਾਹਤ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ। ਉਸ ਨੂੰ ਆਈ ਪੀ ਸੀ ਦੀ ਧਾਰਾ 153-ਏ ਅਤੇ 189, ਧਾਰਾ




506 ਅਤੇ ਧਾਰਾ 171ਐੱਫ ਤਹਿਤ ਸਜ਼ਾ ਸੁਣਾਈ ਗਈ ਸੀ। ਅੰਸਾਰੀ ਨੂੰ 2,000 ਰੁਪਏ ਦਾ ਜੁਰਮਾਨਾ ਵੀ ਕੀਤਾ ਗਿਆ ਸੀ। ਭਾਸ਼ਣ ਦੌਰਾਨ ਮੰਚ 'ਤੇ ਮੌਜੂਦ ਰਹੇ ਅੱਬਾਸ ਦੇ ਚੋਣ ਏਜੰਟ ਮਨਸੂਰ ਖਾਨ ਨੂੰ ਵੀ ਇਸ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਛੇ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਮਊ ਸਦਰ ਵਿਧਾਨ ਸਭਾ ਹਲਕੇ ਤੋਂ ਸੁਹੇਲਦੇਵ ਭਾਰਤੀ ਸਮਾਜ ਪਾਰਟੀ ਦੇ ਤੱਤਕਾਲੀ ਵਿਧਾਇਕ ਅੰਸਾਰੀ ਨੇ ਸੂਬਾ ਸਰਕਾਰ ਦੇ ਅਧਿਕਾਰੀਆਂ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਮਗਰੋਂ ਸਮਾਜਵਾਦੀ ਪਾਰਟੀ ਦੇ ਸੱਤਾ ਵਿੱਚ ਆਉਣ 'ਤੇ ਕਥਿਤ ਨਤੀਜੇ ਭੁਗਤਣ ਦੀ ਧਮਕੀ ਦਿੱਤੀ ਸੀ। ਉਨ੍ਹਾ ਕਥਿਤ ਤੌਰ 'ਤੇ ਕਿਹਾ ਸੀ, 'ਮੈਂ ਅਖਿਲੇਸ਼ ਭਈਆ (ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ) ਨੂੰ ਕਿਹਾ ਹੈ ਕਿ ਸਰਕਾਰ ਬਣਨ ਤੋਂ ਬਾਅਦ ਛੇ ਮਹੀਨਿਆਂ ਤੱਕ ਨੌਕਰਸ਼ਾਹਾਂ ਦਾ ਕੋਈ ਤਬਾਦਲਾ ਜਾਂ ਤਾਇਨਾਤੀ ਨਹੀਂ ਹੋਵੇਗੀ। ਸਾਰੇ ਉੱਥੇ ਹੀ ਰਹਿਣਗੇ, ਜਿੱਥੇ ਉਹ ਹਨ। ਪਹਿਲਾਂ ਲੇਖਾ-ਜੋਖਾ ਹੋਵੇਗਾ, ਫਿਰ ਹੀ ਤਬਾਦਲੇ ਹੋਣਗੇ।' ਉਨ੍ਹਾ ਮਊ ਸੀਟ 38,000 ਤੋਂ ਵੱਧ ਵੋਟਾਂ ਨਾਲ ਜਿੱਤੀ ਸੀ।

## ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ 23 ਨੂੰ



**ਜਲੰਧਰ (ਰਾਜੇਸ਼ ਥਾਪਾ)**

21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋ ਰਹੇ ਭਾਰਤੀ ਕਮਿਊਨਿਸਟ ਪਾਰਟੀ ਦੇ ਮਹਾਂ-ਸੰਮੇਲਨ ਨੂੰ ਸਮਰਪਿਤ ਜਗਜੀਤ ਸਿੰਘ ਆਨੰਦ ਯਾਦਗਾਰੀ ਸੈਮੀਨਾਰ 'ਵਰਤਮਾਨ ਹਾਲਾਤ ਵਿੱਚ ਪ੍ਰਗਤੀਸ਼ੀਲ ਪੱਤਰਕਾਰੀ ਦੀ ਭੂਮਿਕਾ', ਜੋ ਕਿ 23 ਅਗਸਤ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤਾ ਜਾ ਰਿਹਾ ਹੈ, ਦਾ ਸੱਦਾ ਪੱਤਰ ਦੇਣ ਲਈ ਪ੍ਰਬੰਧਕੀ ਟੀਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ ਪੁੱਜੀ। ਡਾ. ਵਰਿੰਦਰ ਸਿੰਘ ਮੁਖੀ ਲਾਅ ਵਿਭਾਗ, ਪ੍ਰੋਫੈਸਰ ਰੂਪਮ ਜਗੋਤਾ, ਡਾ. ਨਿਰਮਲਾ ਦੇਵੀ, ਡਾ. ਨਮਰਤਾ ਜੋਸ਼ੀ ਮੁਖੀ ਪੱਤਰਕਾਰਤਾ ਵਿਭਾਗ ਤੇ ਡਾ. ਚਰਨ ਕੰਵਲ ਵਾਲੀਆ ਨੂੰ ਅਜੇ ਯਾਦਵ ਸੰਪਾਦਕ 'ਆਪਣੀ ਮਿੱਟੀ ਆਪਣੇ ਲੋਕ', ਐਡਵੋਕੇਟ ਗੁਰਜੀਤ ਕਾਹਲੋਂ, ਐਡਵੋਕੇਟ ਰਜਿੰਦਰ ਮੰਡ ਪ੍ਰਬੰਧਕ ਗੁਰਮੀਤ ਸਿੰਘ ਸ਼ੁਗਲੀ ਯਾਦਗਾਰੀ ਟਰੱਸਟ ਨੇ ਸੱਦਾ ਪੱਤਰ ਸੌਂਪਿਆ।

## ਕਰਿਆਨਾ ਫਰੋਸ਼ ਦੀ ਹੱਤਿਆ, ਰੋਸ ਵਜੋਂ ਡੇਰਾ ਬਾਬਾ ਨਾਨਕ ਦੇ ਬਾਜ਼ਾਰ ਬੰਦ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)** ਮੰਗਲਵਾਰ ਦੇਰ ਰਾਤ ਡੇਰਾ ਬਾਬਾ ਨਾਨਕ ਦੇ ਕਰਿਆਨਾ ਫਰੋਸ਼ ਰਵੀ ਢਿੱਲੋਂ ਦੀ ਫਿਰੌਤੀ ਨਾ ਦੇਣ ਕਾਰਨ ਤਿੰਨ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਰੋਸ ਵਜੋਂ ਦੁਕਾਨਦਾਰਾਂ ਤੇ ਕਸਬਾ ਵਾਸੀਆਂ ਨੇ ਡੇਰਾ ਬਾਬਾ ਨਾਨਕ ਦਾ ਬਾਜ਼ਾਰ ਬੰਦ ਰੱਖਣ ਉਪਰੰਤ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਮੂਹਰੇ ਧਰਨਾ ਲਗਾ ਕੇ ਸਰਕਾਰ ਅਤੇ ਪੁਲਸ ਖਿਲਾਫ ਨਾਅਰੇਬਾਜ਼ੀ ਕੀਤੀ। ਬੁਲਾਰਿਆਂ ਨੇ ਐੱਸ ਐੱਚ ਓ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ। ਵੀਰ ਸਿੰਘ ਰੰਧਾਵਾ ਸਪੁੱਤਰ ਪਾਰਲੀਮੈਂਟ ਮੈਂਬਰ, ਸਾਬਕਾ ਚੇਅਰਮੈਨ ਨਰਿੰਦਰ ਸਿੰਘ ਚੌੜਾ, ਹਰਦੀਪ ਸਿੰਘ ਚੇਅਰਮੈਨ, ਪਾਲੀ ਬੇਦੀ, ਰਾਜੂ ਪੰਡਿਤ, ਵਿਪਨ ਸੋਨੀ, ਲਾਡੀ ਆਦਿ ਨੇ ਕਿਹਾ ਕਿ ਰਵੀ ਢਿੱਲੋਂ ਨੂੰ ਪਿਛਲੇ ਸਮੇਂ ਤੋਂ ਧਮਕੀਆਂ ਆ ਰਹੀਆਂ ਸਨ ਅਤੇ ਉਸ ਨੂੰ ਦੋ ਪੁਲਸ ਮੁਲਾਜ਼ਮਾਂ ਦੀ ਸੁਰੱਖਿਆ ਵੀ ਮਿਲੀ ਸੀ ਅਤੇ ਮੰਗਲਵਾਰ ਨੂੰ ਜਦੋਂ ਰਵੀ ਢਿੱਲੋਂ ਦੁਕਾਨ ਬੰਦ ਕਰ ਕੇ ਜਦੋਂ ਆਪਣੇ ਘਰ ਜਾਣਾ ਸੀ ਐੱਸ ਐੱਚ ਓ ਦੋਵੇਂ ਗੰਨਮੈਨਾਂ ਨੂੰ ਆਪਣੇ ਨਾਲ ਲੈ ਗਿਆ ਤੇ ਇਸ ਉਪਰੰਤ ਗੈਂਗਸਟਰਾਂ ਨੇ ਰਵੀ ਢਿੱਲੋਂ ਨੂੰ ਤਿੰਨ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਰਵੀ ਢਿੱਲੋਂ ਦੀ ਮੌਤ ਐੱਸ ਐੱਚ ਓ ਦੀ ਅਣਗਹਿਲੀ ਕਾਰਨ ਹੋਈ ਹੈ। ਉਨ੍ਹਾਂ ਕਿਹਾ ਕਿ ਵਪਾਰੀ ਰਵੀ ਢਿੱਲੋਂ ਦੀ ਹੱਤਿਆ ਕਰਨ ਦੀ ਜ਼ਿੰਮੇਵਾਰੀ ਲੈਣ ਵਾਲੇ ਸ਼ੇਰਾ ਮਾਨ ਨੇ ਵੀ ਆਪਣੀ ਪੋਸਟ 'ਚ ਕਿਹਾ ਹੈ ਕਿ ਜਿੰਨੇ ਜ਼ਿੰਮੇਵਾਰ ਅਸੀਂ ਹਾਂ ਓਨਾ ਜ਼ਿੰਮੇਵਾਰ ਪੁਲਸ ਥਾਣਾ ਡੇਰਾ ਬਾਬਾ ਨਾਨਕ ਦਾ ਐੱਸ ਐੱਚ ਓ ਹੈ।

## ਅੱਜ-ਨਾਮਾ

ਵੱਡੀ ਅਦਾਲਤ ਸੁਣਵਾਈ ਹੈ ਕਰੀ ਜਾਂਦੀ,
ਗਵਰਨਰ ਕੋਲ ਕੀ ਹੋਏ ਅਧਿਕਾਰ ਬੇਲੀ।
ਕਰੇ ਉਹ ਪਾਸ ਕਿ ਐਵੇਂ ਹੈ ਰੋਕ ਸਕਦਾ,
ਭੇਜਦੀ ਫਾਈਲਾਂ ਜੋ ਰਾਜ ਸਰਕਾਰ ਬੇਲੀ।
ਹਾਂ ਜਾਂ ਨਾਂਹ ਦਾ ਉੱਤਰ ਨਹੀਂ ਉਹ ਦੇਂਦਾ,
ਐਵੇਂ ਹੈ ਬੈਠ ਰਹਿੰਦਾ ਘੇਸਲ ਮਾਰ ਬੇਲੀ।
ਪੈਂਦੀ ਆ ਲੋਕਾਂ ਦੇ ਬਾਤ ਨਹੀਂ ਪਿੜ-ਪੱਲੇ,
ਕੀਹਦੀ ਜਿੱਤ ਜਾਂ ਕੀਹਦੀ ਆ ਹਾਰ ਬੇਲੀ।
ਬਣਾਇਆ ਪਿਆ ਮਜ਼ਾਕ ਬੱਸ ਲੋਕਤੰਤਰ,
ਹਰ ਕੋਈ ਆਗੂ ਹੈ ਪੀਰਾਂ ਦਾ ਪੀਰ ਬੇਲੀ।
ਸਿਆਣੇ ਬਹੁਤ ਆ ਆਪਣੇ ਘਰਾਂ ਤੀਕਰ,
ਨਹੀਂ ਕੋਈ ਮੁਲਕ ਦੇ ਲਈ ਗੰਭੀਰ ਬੇਲੀ।

-ਤੀਸ ਮਾਰ ਖਾਂ

# ਅਕਾਲੀ ਆਗੂ ਵਾਹਿਦ ਦੇ ਟਿਕਾਣਿਆਂ 'ਤੇ ਛਾਪੇ

**ਫਗਵਾੜਾ** : ਈ ਡੀ ਨੇ ਬੁੱਧਵਾਰ ਸਵੇਰੇ ਸੀਨੀਅਰ ਅਕਾਲੀ ਆਗੂ ਜਰਨੈਲ ਸਿੰਘ ਵਾਹਿਦ ਦੇ ਫਗਵਾੜਾ ਸਥਿਤ ਟਿਕਾਣਿਆਂ 'ਤੇ ਛਾਪਾ ਮਾਰਿਆ। ਏਜੰਸੀ ਦੇ ਅਧਿਕਾਰੀਆਂ ਨੇ ਫਗਵਾੜਾ ਖੰਡ ਮਿੱਲ, ਵਾਹਿਦ ਦੀ ਰਿਹਾਇਸ਼ ਅਤੇ ਫਗਵਾੜਾ ਵਿੱਚ ਉਸ ਦੇ ਪਰਵਾਰ ਦੀ ਮਲਕੀਅਤ ਵਾਲੇ ਇੱਕ ਜਿੰਮ 'ਤੇ ਦਸਤਕ ਦਿੱਤੀ। ਵਾਹਿਦ ਪਹਿਲਾਂ ਆਪਣੇ ਐੱਨ ਆਰ ਆਈ ਸਾਥੀ ਸੁਖਬੀਰ ਐੱਸ ਸੰਦਲ ਨਾਲ ਖੰਡ ਮਿੱਲ ਦਾ ਸਹਿ-ਮਾਲਕ ਸੀ ਪਰ ਹੁਣ ਇਸ ਨੂੰ ਸੁਲਤਾਨਪੁਰ ਲੋਧੀ ਤੋਂ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਦੀ ਰਾਣਾ ਸ਼ੂਗਰ ਮਿੱਲ ਵੱਲੋਂ ਚਲਾਇਆ ਜਾ ਰਿਹਾ ਹੈ।



ਕੇਂਦਰੀ ਏਜੰਸੀ ਵਾਹਿਦ ਵਿਰੁੱਧ ਮਾਮਲੇ ਦੀ ਜਾਂਚ ਵਿਜੀਲੈਂਸ ਬਿਊਰੋ ਵੱਲੋਂ ਦੋ ਸਾਲ ਪਹਿਲਾਂ ਖੰਡ ਮਿੱਲ ਦੀ ਸਰਕਾਰੀ ਜ਼ਮੀਨ ਵੇਚਣ ਦੇ ਦੋਸ਼ ਹੇਠ ਦਰਜ ਕੀਤੇ ਗਏ ਇੱਕ ਕੇਸ ਦੇ ਆਧਾਰ 'ਤੇ ਕਰ ਰਹੀ ਹੈ। ਵਾਹਿਦ, ਉਸ ਦੀ ਪਤਨੀ ਰੁਪਿੰਦਰ ਕੌਰ ਅਤੇ ਪੁੱਤਰ ਸੰਦੀਪ ਸਿੰਘ ਨੂੰ ਵੀ ਉਸ ਸਮੇਂ ਵਿਜੀਲੈਂਸ ਬਿਊਰੋ ਨੇ ਗ੍ਰਿਫਤਾਰ ਕੀਤਾ ਸੀ। ਸਤੰਬਰ 2023 ਵਿੱਚ ਉਨ੍ਹਾਂ ਵਿਰੁੱਧ ਆਈ ਪੀ ਸੀ ਦੀਆਂ ਧਾਰਾਵਾਂ 420, 467, 468, 471, 166 ਅਤੇ 176 ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਐੱਫ ਆਈ ਆਰ ਦਰਜ ਕੀਤੀ ਗਈ ਸੀ।

ਵਾਹਿਦ 2003 ਵਿੱਚ ਹਵਾਲਾ ਰੂਟ ਰਾਹੀਂ ਕਥਿਤ ਮਨੀ ਲਾਂਡਰਿੰਗ ਨਾਲ ਸੰਬੰਧਤ ਇੱਕ ਮਾਮਲੇ ਵਿੱਚ ਪਹਿਲਾਂ ਹੀ ਈ ਡੀ ਦੀ ਜਾਂਚ ਦੇ ਘੇਰੇ ਵਿੱਚ ਸੀ। ਇਹ ਮਾਮਲਾ ਉਸ ਸਮੇਂ ਵਾਹਿਦ ਦੇ ਐੱਨ ਆਰ ਆਈ ਸਾਥੀ ਸੰਦਲ ਵੱਲੋਂ ਖੰਡ ਮਿੱਲ ਵਿੱਚ ਕੀਤੇ ਗਏ ਨਿਵੇਸ਼ ਨਾਲ ਸੰਬੰਧਤ ਸੀ। ਉਨ੍ਹਾਂ ਦੇ ਸਾਰੇ ਵਿੱਤੀ ਲੈਣ-ਦੇਣ ਦੀ ਜਾਂਚ ਕੀਤੀ ਗਈ ਸੀ ਅਤੇ ਈ ਡੀ ਨੇ ਉਸ ਨੂੰ 2015 ਵਿੱਚ ਵੀ ਇਸੇ ਮਾਮਲੇ ਵਿੱਚ ਤਲਬ ਕੀਤਾ ਸੀ। ਉਸ ਸਮੇਂ ਉਹ ਮਾਰਕਫੈੱਡ ਦਾ ਚੇਅਰਪਰਸਨ ਵੀ ਸੀ। 2002 ਵਿੱਚ ਵਾਹਿਦ ਨੂੰ ਸਟਾਫ ਸਿਲੈਕਸ਼ਨ ਬੋਰਡ (ਐੱਸ ਐੱਸ ਬੀ), ਪੰਜਾਬ ਦੇ ਮੈਂਬਰ ਵਜੋਂ ਹੋਰ ਬੋਰਡ ਮੈਂਬਰਾਂ ਦੇ ਨਾਲ, ਵਿਜੀਲੈਂਸ ਬਿਊਰੋ ਵੱਲੋਂ 1998-2002 ਵਿੱਚ ਸੂਬੇ ਵਿੱਚ ਅਕਾਲੀ ਦਲ ਦੇ ਸ਼ਾਸਨ ਦੌਰਾਨ ਕੁਝ ਨਿਯੁਕਤੀਆਂ ਵਿੱਚ ਬੇਨਿਯਮੀਆਂ ਕਰਨ ਲਈ ਗ੍ਰਿਫਤਾਰ ਕੀਤਾ ਗਿਆ ਸੀ। ਹਾਲਾਂਕਿ ਉਹ 2010 ਵਿੱਚ ਮੁਹਾਲੀ ਅਦਾਲਤ ਦੁਆਰਾ ਕਲੀਨ ਚਿੱਟ ਪ੍ਰਾਪਤ ਕਰਨ ਵਿੱਚ ਸਫਲ ਰਿਹਾ।

# ਸੂਰਤ ਸਿੰਘ ਧਰਮਕੋਟ ਵੱਲੋਂ ਮਹਾਂ-ਸੰਮੇਲਨ ਲਈ ਇੱਕ ਲੱਖ ਦਾ ਯੋਗਦਾਨ

## ਗਿਆਨੀ ਗੁਰਦੇਵ ਸਿੰਘ ਦੇ ਪਰਵਾਰ ਵੱਲੋਂ 11 ਹਜ਼ਾਰ ਭੇਟ

**ਸ਼ਾਹਕੋਟ (ਗਿਆਨ ਸੈਦਪੁਰੀ)**- ਭਾਰਤੀ ਕਮਿਊਨਿਸਟ ਪਾਰਟੀ ਦੇ 25ਵੇਂ ਮਹਾਂ ਸੰਮੇਲਨ ਲਈ ਚੱਲ ਰਹੀ ਫੰਡ ਅਤੇ ਤਿਆਰੀ ਮੁਹਿੰਮ ਦੌਰਾਨ ਕੁੱਲ ਹਿੰਦ ਕਿਸਾਨ ਸਭਾ ਦੀ ਪੰਜਾਬ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਸੂਰਤ ਸਿੰਘ ਧਰਮਕੋਟ ਨੇ 1 ਲੱਖ ਰੁਪਏ ਦਾ ਸਨਮਾਨਯੋਗ ਯੋਗਦਾਨ ਪਾਇਆ ਹੈ। ਪਾਰਟੀ ਨੇ ਉਹਨਾਂ ਦਾ ਧੰਨਵਾਦ ਕੀਤਾ ਹੈ। ਇਸੇ ਦੌਰਾਨ ਕਾਮਰੇਡ ਸੂਰਤ ਸਿੰਘ ਧਰਮਕੋਟ ਆਪਣੀ ਸਿਹਤ ਸਮੱਸਿਆ ਦੇ ਸਬੰਧ ਵਿੱਚ ਕਾਮਰੇਡ ਗਿਆਨੀ ਗੁਰਦੇਵ ਸਿੰਘ ਦੇ ਬੇਟਿਆਂ ਡਾ. ਸੰਦੀਪ ਜੌੜਾ ਅਤੇ ਖੇਤੀਬਾੜੀ ਅਫਸਰ ਡਾ. ਨਵਦੀਪ ਜੌੜਾ ਦੇ ਘਰ ਗਏ। ਪਾਰਟੀ ਦੀ 25ਵੀਂ ਕਾਂਗਰਸ ਅਤੇ ਗਿਆਨੀ ਗੁਰਦੇਵ ਸਿੰਘ ਦੀਆਂ ਯਾਦਾਂ ਸਾਂਝੀਆਂ ਕਰਨ ਦੇ ਸੰਦਰਭ ਵਿੱਚ ਗੱਲਾਬਾਤਾਂ ਕਰਨ ਉਪਰੰਤ ਸਾਥੀ ਸੂਰਤ ਸਿੰਘ ਨੇ ਜਾਣ ਦੀ ਇਜਾਜ਼ਤ ਮੰਗੀ ਤਾਂ ਮਾਤਾ ਰਖਸ਼ਾ ਦੇਵੀ ਜੀ ਨੇ ਦੋ ਮਿੰਟ ਹੋਰ ਰੁਕਣ ਲਈ ਕਿਹਾ। ਉਨ੍ਹਾਂ ਉਤਸ਼ਾਹੀ ਰੌਂਅ ਵਿੱਚ ਪਾਰਟੀ ਦੇ ਮਹਾਂ ਸੰਮੇਲਨ ਲਈ 11000 ਰੁਪਏ ਸੌਂਪਦੇ ਹੋਏ ਮਹਾਂ ਸੰਮੇਲਨ ਦੀ ਸਫਲਤਾ ਦੀ ਕਾਮਨਾ ਕੀਤੀ। ਕਾਮਰੇਡ ਸੂਰਤ ਸਿੰਘ ਨੇ ਕਿਹਾ ਕਿ ਗਿਆਨੀ ਗੁਰਦੇਵ ਸਿੰਘ ਦੇ ਪਰਵਾਰ ਦੀ ਸੀ ਪੀ ਆਈ ਪ੍ਰਤੀ ਸਮਰਪਣ ਭਾਵਨਾ ਦਰਸਾਉਂਦੀ ਹੈ ਕਿ ਪਰਵਾਰ ਦੇ ਸੰਸਕਾਰਾਂ ਵਿੱਚ ਗਿਆਨੀ ਹੁਰੀ ਅੱਜ ਵੀ ਜ਼ਿੰਦਾ ਹਨ। ਉਹਨਾਂ ਕਿਹਾ ਕਿ ਗਿਆਨੀ ਜੀ ਦੀ ਮਿਕਨਾਤੀਸੀ ਸ਼ਖਸੀਅਤ ਵਾਲੀ ਖਿੱਚ ਉਹਨਾਂ ਦੇ ਸਾਥੀਆਂ ਲਈ ਅੱਜ ਵੀ ਪ੍ਰੇਰਨਾ ਸਰੋਤ ਹੈ।



21-AUG-PAGE-1.qxd 8/20/2025 10:48 PM Page 2



# ਸਿਧਾਰਥ ਵਰਧਰਾਜਨ ਤੇ ਹੋਰ ਉਘੇ ਪੱਤਰਕਾਰਾਂ ਵਿਰੁੱਧ ਰਾਜਧ੍ਰੋਹ ਦੇ ਕੇਸ ਰੱਦ ਕੀਤੇ ਜਾਣ : ਜਮਹੂਰੀ ਫਰੰਟ

**ਜਲੰਧਰ :** ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਉੱਘੇ ਪੱਤਰਕਾਰਾਂ ਸਿਧਾਰਥ ਵਰਧਰਾਜਨ ਅਤੇ ਕਰਨ ਥਾਪਰ ਵਿਰੁੱਧ ਰਾਜਧ੍ਰੋਹ (ਬੀ ਐੱਨ ਐੱਸ ਧਾਰਾ 152) ਅਤੇ ਹੋਰ ਸੰਗੀਨ ਧਾਰਾਵਾਂ ਲਾ ਕੇ ਐੱਫ ਆਈ ਆਰ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। 'ਦ ਵਾਇਰ' ਦੇ ਬਾਨੀ ਸੰਪਾਦਕ ਸਿਧਾਰਥ ਵਰਧਰਾਜਨ ਅਤੇ ਕਰਨ ਥਾਪਰ ਕੌਮਾਂਤਰੀ ਪੱਧਰ 'ਤੇ ਮਕਬੂਲ ਪੱਤਰਕਾਰ ਹਨ ਅਤੇ ਅਸਾਮ ਪੁਲਸ ਵੱਲੋਂ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਉਨ੍ਹਾਂ ਵਿਰੁੱਧ ਰਾਜਧ੍ਰੋਹ ਦੀ ਧਾਰਾ ਤਹਿਤ ਦੋ ਮਹੀਨੇ 'ਚ ਦੂਜੀ ਐੱਫ ਆਈ ਆਰ ਦਰਜ ਕਰਨ ਤੋਂ ਜ਼ਾਹਰ ਹੈ ਕਿ 'ਦ ਵਾਇਰ' ਵਰਗੇ ਆਨਲਾਈਨ ਨਿਊਜ਼ ਪੋਰਟਲਾਂ ਦੀ ਬੇਬਾਕ ਪੱਤਰਕਾਰੀ ਭਗਵਾਂ ਹਕੂਮਤ ਨੂੰ ਚੁਭਦੀ ਹੈ। ਭਾਜਪਾ ਦੀ ਲੀਡਰਸ਼ਿਪ ਹਰ ਹਰਬਾ ਵਰਤ ਕੇ ਉੱਘੇ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨਾ ਚਾਹੁੰਦੀ ਹੈ ਕਿਉਂਕਿ ਉਨ੍ਹਾਂ ਦੀਆਂ ਮਿਆਰੀ ਆਲੋਚਨਾਤਮਕ ਟਿੱਪਣੀਆਂ ਆਰਐੱਸਐੱਸ-ਭਾਜਪਾ ਦੇ ਫਿਰਕੂ ਫਾਸ਼ੀ ਪ੍ਰੋਜੈਕਟ ਦਾ ਪਰਦਾਫਾਸ਼



ਕਰਦੀਆਂ ਹਨ ਅਤੇ ਭਾਰਤ ਦੇ ਰਾਜਨੀਤਕ ਹਾਲਾਤ ਨੂੰ ਸਮਝਣ ਲਈ ਉਨ੍ਹਾਂ ਉੱਪਰ ਦੁਨੀਆ ਭਰ ਵਿਚ ਭਰੋਸਾ ਕੀਤਾ ਜਾਂਦਾ ਹੈ। 12 ਅਗਸਤ ਨੂੰ ਸੁਪਰੀਮ ਕੋਰਟ ਨੇ ਨਵੇਂ ਦੇਸ਼ਧ੍ਰੋਹ ਕਾਨੂੰਨ ਦੀ ਸੰਵਿਧਾਨਕਤਾ ਨੂੰ ਚੁਣੌਤੀ ਦੇਣ ਵਾਲੀ 'ਦ ਵਾਇਰ' ਦੀ ਪਟੀਸ਼ਨ 'ਤੇ ਨੋਟਿਸ ਜਾਰੀ ਕੀਤਾ ਸੀ ਅਤੇ ਜੁਲਾਈ ਮਹੀਨੇ ਓਪਰੇਸ਼ਨ ਸਿੰਦੂਰ ਬਾਰੇ 'ਦ ਵਾਇਰ' ਦੀ ਰਿਪੋਰਟ ਨੂੰ ਆਧਾਰ ਬਣਾ ਕੇ ਅਦਾਰੇ ਵਿਰੁੱਧ ਅਸਾਮ ਵਿਚ 'ਰਾਜਧ੍ਰੋਹ' ਦਾ ਜੋ ਬਦਲਾਲਊ ਕੇਸ ਦਰਜ ਕੀਤਾ ਗਿਆ। ਉਸ ਵਿੱਚ ਸਿਧਾਰਥ ਵਰਧਰਾਜਨ ਸਮੇਤ ਸੰਬੰਧਤ ਪੱਤਰਕਾਰਾਂ ਨੂੰ ਅਸਾਮ ਪੁਲਸ ਦੁਆਰਾ ਕੀਤੀ ਜਾਣ ਵਾਲੀ ਕਿਸੇ ਵੀ ਦੰਡਾਤਮਕ ਕਾਰਵਾਈ ਤੋਂ ਸੁਰੱਖਿਆ ਪ੍ਰਦਾਨ ਕੀਤੀ ਸੀ। ਸੁਪਰੀਮ ਕੋਰਟ ਦੇ ਹੁਕਮਾਂ ਦੀ ਪ੍ਰਵਾਹ ਨਾ ਕਰਦੇ ਹੋਏ ਉਸੇ ਦਿਨ ਗੁਹਾਟੀ ਅਪਰਾਧ ਸ਼ਾਖਾ ਵੱਲੋਂ ਰਾਜ ਪੁਲਸ ਦੁਆਰਾ 'ਰਾਜਧ੍ਰੋਹ' ਦੀ ਧਾਰਾ ਲਾ ਕੇ ਦਰਜ ਕੀਤੀ ਇਕ ਨਵੀਂ ਐੱਫ ਆਈ ਆਰ ਵਿੱਚ ਵਰਧਰਾਜਨ ਅਤੇ ਕਰਨ ਥਾਪਰ ਨੂੰ ਸੰਮਨ ਜਾਰੀ ਕਰਨਾ ਦਰਸਾਉਂਦਾ ਹੈ ਕਿ ਰਾਜਕੀ ਸਰਕਾਰ ਦਾ ਸੰਦ ਬਣ ਕੇ ਕੰਮ ਕਰਦੇ ਪੁਲਸ ਅਧਿਕਾਰੀਆਂ ਦੇ ਮਨਸ਼ੇ ਬੇਬਾਕ ਪੱਤਰਕਾਰਾਂ ਦੀ ਸੰਘੀ ਨੱਪਣ ਦੇ ਹਨ। ਫਰੰਟ ਦੇ ਆਗੂਆਂ ਨੇ ਮੰਗ ਕੀਤੀ ਕਿ ਪੱਤਰਕਾਰਾਂ ਅਤੇ ਹੋਰ ਚਿੰਤਕਾਂ ਦੀ ਜ਼ੁਬਾਨਬੰਦੀ ਕਰਨ ਦੀ ਜਾਬਰ ਨੀਤੀ ਬੰਦ ਕੀਤੀ ਜਾਵੇ, ਪ੍ਰੈੱਸ ਦੀ ਆਜ਼ਾਦੀ ਉੱਪਰ ਹਮਲੇ ਬੰਦ ਕੀਤੇ ਜਾਣ ਅਤੇ 'ਦ ਵਾਇਰ' ਵਿਰੁੱਧ ਦਰਜ ਸਾਰੀਆਂ ਐੱਫ ਆਈ ਆਰ ਤੁਰੰਤ ਰੱਦ ਕੀਤੀਆਂ ਜਾਣ।

# ਕ੍ਰਿਪਾਲ ਸਿੰਘ ਵਾਲਾ 'ਚ ਧਾਰਮਿਕ ਸਮਾਗਮ 24 ਨੂੰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਪਿੰਡ ਕ੍ਰਿਪਾਲ ਸਿੰਘ ਵਾਲਾ ਵਿਖੇ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਗੁਰਦੁਆਰਾ ਖੂਹੀ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਯਾਦ 'ਚ ਵਿਸ਼ਾਲ ਬਰਸੀ ਸਮਾਗਮ 24 ਅਗਸਤ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾ ਭਾਵਨਾ ਨਾਲ ਕਰਾਇਆ ਜਾ ਰਿਹਾ ਹੈ।



ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਪ੍ਰਸਿੱਧ ਰਾਗੀ ਜਥੇ, ਧਰਮ ਪ੍ਰਚਾਰਕ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਪ੍ਰਬੰਧਕ ਭਾਈ ਸੁਖਵਿੰਦਰ ਸਿੰਘ ਖਾਲਸਾ ਗਹਿਲ, ਪ੍ਰਧਾਨ ਇੰਦਰਪਾਲ ਸਿੰਘ, ਰਾਜੂ ਸਿੰਘ, ਗੋਰਾ ਸਿੰਘ, ਅਜੀਤ ਸਿੰਘ, ਗੁਰਦੇਵ ਸਿੰਘ, ਗੁਰਦੀਪ ਸਿੰਘ, ਗਗਨ ਸਿੰਘ, ਸੁਖਦੇਵ ਸਿੰਘ, ਸੁਰਿੰਦਰ ਸਿੰਘ, ਗੁਰਤੇਜ ਸਿੰਘ ਤੇ ਮਾਸਟਰ ਸੁਖਪਾਲ ਸਿੰਘ ਕਲਾਲ ਮਾਜਰਾ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਪਰਿਵਾਰ ਸਮੇਤ ਧਾਰਮਿਕ ਸਮਾਗਮ 'ਚ ਸ਼ਾਮਲ ਹੋ ਕੇ ਗੁਰਮਤਿ ਬਾਣੀ ਤੇ ਸੰਤ ਮਹਾਂਪੁਰਸ਼ਾਂ ਉਪਦੇਸ਼ਾਂ ਦਾ ਲਾਹਾ ਲੈਣ।

# 312 ਦਿਨਾਂ ਤੋਂ ਭਾਈ ਗੁਰਜੀਤ ਸਿੰਘ ਖਾਲਸਾ 400 ਫੁੱਟ ਉੱਚੇ ਟਾਵਰ 'ਤੇ ਡਟੇ

**ਸਮਾਣਾ (ਇਕਬਾਲ ਸਿੰਘ ਬੱਲ)** ਐਸਜੀਪੀਸੀ ਗੈਰ ਸਿਆਸੀ ਵੱਲੋਂ ਭਾਰਤੀ ਕਿਸਾਨ ਏਕਤਾ ਡਕੌਂਦਾ ਤੇ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟਬੁੱਢਾ ਜਥੇਬੰਦੀ ਨੇ ਸਰਬ ਧਰਮ ਬੇਅਦਬੀ ਰੋਕੋ ਕਾਨੂੰਨ ਬਣਾਉਣ ਵਾਸਤੇ 12 ਅਕਤੂਬਰ ਤੋਂ ਚੱਲ ਰਹੇ ਸਮਾਣਾ ਟਾਵਰ ਮੋਰਚਾ ਨੂੰ ਸਮਰਥਨ ਦਿੱਤਾ। ਲਖਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਭਾਈ ਗੁਰਜੀਤ ਸਿੰਘ ਖਾਲਸਾ, ਜੋ 312 ਦਿਨਾਂ ਤੋਂ 400 ਫੁੱਟ ਉੱਚੇ ਟਾਵਰ ਉੱਪਰ ਧਾਰਮਿਕ ਗ੍ਰੰਥਾਂ ਦੀਆਂ ਬੇਅਦਬੀਆਂ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਵਾਸਤੇ ਮੋਰਚਾ ਲਾ ਕੇ ਬੈਠੇ ਹਨ, ਉਨ੍ਹਾਂ ਦੇ ਸਮਰਥਨ ਵਿੱਚ ਸਿਰਸਾ, ਫ਼ਤਿਹਾਬਾਦ ਤੇ ਧਨੌਲੀ ਤੋਂ ਆਈਆਂ ਹੋਈਆਂ ਸੰਗਤਾਂ ਵੱਲੋਂ ਸਮਾਣਾ ਟਾਵਰ ਮੋਰਚਾ ਉੱਪਰ ਹਾਜ਼ਰੀ ਭਰੀ ਗਈ। ਟਾਵਰ ਮੋਰਚਾ ਕਮੇਟੀ ਦੇ ਆਗੂ ਗੁਰਪ੍ਰੀਤ ਸਿੰਘ, ਤਲਵਿੰਦਰ ਸਿੰਘ ਔਲਖ ਤੇ ਰਮੀ ਸਹਿਗਲ ਨਾਲ 12 ਅਕਤੂਬਰ ਤੋਂ ਚੱਲ ਰਹੇ ਸਰਬ ਧਰਮ ਬੇਅਦਬੀ ਰੋਕੋ ਮੋਰਚੇ ਬਾਰੇ ਵਿਸਥਾਰ ਪੂਰਵਕ ਗੱਲਬਾਤ ਹੋਈ ਤੇ 400 ਫੁੱਟ ਉੱਚੇ ਟਾਵਰ ਉੱਪਰ ਡਟੇ ਹੋਏ ਭਾਈ ਗੁਰਜੀਤ ਸਿੰਘ ਖਾਲਸਾ ਦੇ ਨਾਲ ਵੀ ਵੀਡੀਓ ਕਾਲ ਦੇ ਰਾਹੀਂ ਗੱਲਬਾਤ ਹੋਈ ਹੈ ਤੇ ਵਾਹਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ



ਭਾਈ ਸਾਹਿਬ ਚੜ੍ਹਦੀ ਕਲਾ ਵਿੱਚ ਹਨ। ਅੱਖਾਂ ਲੰਮੇ ਸਮੇਂ ਤੋਂ ਟਾਵਰ ਉੱਪਰ ਮੋਰਚਾ ਲਾਈ ਬੈਠੇ ਭਾਈ ਸਾਹਿਬ ਦੀ ਕਈ ਵਾਰ ਸਿਹਤ ਜਿਆਦਾ ਡਾਊਨ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਾਈ ਸਾਹਿਬ ਦੱਸ ਰਹੇ ਸੀ ਕਿ ਕੱਲ੍ਹ ਵੀ ਉਹ ਲੰਮਾ ਸਮਾਂ ਬੇਹੋਸ਼ੀ ਦੀ ਹਾਲਾਤ ਵਿੱਚ ਰਹੇ ਤੇ ਭਾਈ ਗੁਰਜੀਤ ਸਿੰਘ ਖਾਲਸਾ ਨੇ ਸਰਬ ਧਰਮ ਪ੍ਰੇਮੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਹੋ ਰਹੀਆਂ ਧਾਰਮਿਕ ਬੇਅਦਬੀਆਂ ਨੂੰ ਰੋਕਣ ਵਾਸਤੇ ਸਖ਼ਤ ਕਾਨੂੰਨ ਹੋਣਾ ਬਹੁਤ ਜ਼ਰੂਰੀ ਹੈ ਤੇ 29 ਅਗਸਤ ਨੂੰ ਬਟਾਲਾ ਵਿਖੇ ਸਰਬ ਧਰਮ ਬੇਅਦਬੀ ਰੋਕੋ ਮੋਰਚੇ ਵੱਲੋਂ ਵੱਡਾ ਇਕੱਠ ਕੀਤਾ ਜਾ ਰਿਹਾ ਹੈ, ਇਸ ਲਈ ਸੰਗਤਾਂ ਨੂੰ ਅਪੀਲ ਹੈ ਕਿ ਵਧ-ਚੜ੍ਹ ਕੇ ਇਸ ਇਕੱਠ ਦਾ ਹਿੱਸਾ ਬਣੋ। ਔਲਖ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੱਲੋਂ ਵਿਧਾਨ ਸਭਾ ਦੇ ਵਿੱਚ ਬੇਅਦਬੀ ਰੋਕਣ ਵਾਸਤੇ ਲਿਆਂਦੇ ਕਾਨੂੰਨ ਨੂੰ ਵੀ ਜਾਣ ਬੁੱਝ ਕੇ ਲੰਮਾ ਲਟਕਾਇਆ ਜਾ ਰਿਹਾ ਅਤੇ ਸਾਰੇ ਧਰਮਾਂ ਦੇ ਨਾਲ ਗੱਲਬਾਤ ਲਈ ਛੇ ਮਹੀਨਿਆਂ ਦਾ ਲੰਬਾ ਸਮਾਂ ਦਿੱਤਾ ਗਿਆ ਹੈ, ਜਿਸ ਕਰਕੇ ਸਰਕਾਰ ਦੀ ਮਨਸ਼ਾ ਠੀਕ ਨਹੀਂ ਲੱਗ ਰਹੀ ਹੈ।

# ਹੈਲਥ ਐਂਡ ਵੈਲਨੈੱਸ ਸੈਂਟਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ

**ਦੋਦਾ (ਵਕੀਲ ਬਰਾੜ)** ਪਿੰਡ ਦੂਤਕੋਟ ਵਿਖੇ 35 ਲੱਖ ਰੁਪਏ ਦੀ ਲਾਗਤ ਨਾਲ ਹੈਲਥ ਐਂਡ ਵੈਲਨੈੱਸ ਸੈਂਟਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਡਾ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਕਾਫੀ ਲੰਮੇ ਸਮੇਂ ਤੋਂ ਆਰਜ਼ੀ ਪਈ ਪੰਚਾਇਤੀ ਜਗ੍ਹਾ ਵਿੱਚ ਡਿਸਪੈਂਸਰੀਚਲਾਈ ਜਾ ਰਹੀ ਸੀ। ਐਮਐਲਏ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਯਤਨਾਂ ਸਦਕਾ ਪਿੰਡ ਦੀ ਇਸ ਮੰਗ ਨੂੰ ਬੂਰ ਪਿਆ ਤੇ ਉਨ੍ਹਾਂ ਦੇ ਭਰਾ ਸ਼ਨੀ ਢਿੱਲੋਂ ਨੇ ਹੈਲਥ ਐਂਡ ਵੈਲਨੈੱਸ ਸੈਂਟਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ। ਪੰਚਾਇਤ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਕੰਮ ਬਹੁਤ ਛੇਤੀ ਨੇਪਰੇ ਚਾੜ੍ਹ ਦਿੱਤਾ ਜਾਵੇਗਾ। ਸ਼ਨੀ ਢਿੱਲੋਂ ਨੇ ਪੰਚਾਇਤੀ ਦਫ਼ਤਰ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਪੰਚਾਇਤ ਤੇ ਪਿੰਡ ਵਾਸੀਆਂ ਵੱਲੋਂ ਨਵੀਂ ਬਣ ਕੇ ਤਿਆਰ ਹੋਈ ਲੁਹਾਰੇ ਵਾਲੀ ਸੜਕ ਬਣਾਉਣ ਦਾ ਵੀ ਢਿੱਲੋਂ ਪਰਵਾਰ ਤੇ ਪਿੰਡ ਦੇ ਪਤਵੰਤੇ ਉਨ੍ਹਾਂ ਸੱਜਣਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਸਦਕਾ ਲੁਹਾਰੇ ਵਾਲੀ ਸੜਕ ਬਣੀ।

# ਬਲਾਕ ਕਾਂਗਰਸ ਕਮੇਟੀ ਦੀ ਮੀਟਿੰਗ 'ਚ ਅਹੁਦੇਦਾਰਾਂ ਦਾ ਸਨਮਾਨ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਪੁਲਸ ਜ਼ਿਲ੍ਹਾ ਖੰਨਾ ਦੇ ਪ੍ਰਧਾਨ ਲਖਵੀਰ ਸਿੰਘ ਲੱਖਾ ਦੇ ਆਦੇਸ਼ਾਂ ਤਹਿਤ ਹਲਕਾ ਇੰਚਾਰਜ਼ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਬਲਾਕ ਕਾਂਗਰਸ ਕਮੇਟੀ ਮਾਛੀਵਾੜਾ ਦੀ ਮੀਟਿੰਗ ਹੋਈ। ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਪਾਰਟੀ ਅਹੁਦੇਦਾਰਾਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਵਲੋਂ ਵੋਟ ਚੋਰੀ ਦਾ ਜੋ ਮੁੱਦਾ ਚੁੱਕਿਆ ਹੈ, ਉਸ ਨੂੰ ਘਰ-ਘਰ ਲੈ ਕੇ ਜਾਵਾਂਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਆਗੂ ਮਨੀਸ਼ ਸਿਸੋਦੀਆ, ਜੋ ਦਿੱਲੀ ਦਾ ਭਗੌੜਾ ਹੈ ਅਤੇ ਪੰਜਾਬ ਵਿਚ ਆ ਕੇ ਜੋ ਭੜਕਾਊ ਬਿਆਨ ਦਿੱਤੇ ਹਨ, ਉਸ ਨਾਲ ਸੱਭਿਆਚਾਰਕ ਤੇ ਭਾਈਚਾਰਕ ਸਾਂਝ ਨੂੰ ਸੱਟ ਲੱਗੀ ਹੈ, ਜਿਸ ਦੀ ਮੀਟਿੰਗ ਵਿੱਚ ਘੋਰ ਨਿੰਦਾ ਕੀਤੀ। ਬਲਾਕ ਪ੍ਰਧਾਨ ਤਿਵਾੜੀ ਨੇ ਵਰਕਰਾਂ ਨੂੰ ਆਉਣ ਵਾਲੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਤਿਆਰ ਬਰ ਤਿਆਰ ਰਹਿਣ ਲਈ ਕਿਹਾ। ਇਸ ਤੋਂ ਇਲਾਵਾ ਮੀਟਿੰਗ ਵਿੱਚ ਨਵੇਂ ਜ਼ਿਲ੍ਹਾ ਤੇ ਬਲਾਕ ਪੱਧਰ ਦੇ ਚੁਣੇ ਨਵੇਂ ਅਹੁਦੇਦਾਰਾਂ ਜੇ.ਪੀ. ਸਿੰਘ ਮੱਕੜ, ਜਗੀਰ ਸਿੰਘ ਰਾਜਗੜ੍ਹ, ਡਾ. ਮਨਜੀਤ ਸਿੰਘ ਮੰਡੇਰ, ਚਰਨਜੀਤ ਸਿੰਘ ਚਕਲੀ ਮੰਗਾਂ, ਮੰਡਲ ਪ੍ਰਧਾਨ ਨੰਦ ਕਿਸ਼ੋਰ, ਸਰਬਜੀਤ ਸਿੰਘ ਖੀਰਨੀਆਂ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ।

# ਚੇਅਰਮੈਨ ਢਿੱਲੋਂ ਨੇ 12 ਕਰੋੜ 28 ਲੱਖ ਦੀ ਲਾਗਤ ਨਾਲ ਸੜਕ ਅਪਗ੍ਰੇਡ ਕਰਨ ਦੀ ਸ਼ੁਰੂਆਤ ਕਰਾਈ

**ਧੂਰੀ (ਮਨੋਹਰ ਸਿੰਘ ਸੱਗੂ)** ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਤੇ ਪੰਜਾਬ ਲਘੂ ਉਦਯੋਗ ਅਤੇ ਐਕਸਪੋਰਟ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਨੇ ਧੂਰੀ-ਸ਼ੇਰਪੁਰ ਤੋਂ ਬਾਦਸ਼ਾਹਪੁਰ ਤੇ ਅਲਾਲ ਤੱਕ ਵਾਇਆ ਘਨੌਰੀ ਕਲਾਂ ਤੇ



ਸਲੇਮਪੁਰ ਤੱਕ ਕਰੀਬ 11.15 ਕਿਲੋਮੀਟਰ ਲੰਮੀ ਸੜਕ ਨੂੰ ਅਪਗ੍ਰੇਡ ਕਰਨ ਦੇ ਕੰਮ ਦੀ ਸ਼ੁਰੂਆਤ ਕਰਾਈ। ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਸੜਕ ਨੂੰ ਕਰੀਬ 12 ਕਰੋੜ 28 ਲੱਖ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕਰਕੇ 10 ਤੋਂ 18 ਫੁੱਟ ਚੌੜਾ ਕੀਤਾ ਜਾਣਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਪ ਸਰਕਾਰ ਸੂਬੇ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ ਤੇ ਇਸੇ ਲੜੀ ਤਹਿਤ ਵਿਧਾਨ ਸਭਾ ਹਲਕਾ ਧੂਰੀ ਦੀਆਂ ਸੜਕਾਂ ਦੀ ਕਾਇਆ ਕਲਪ ਕਰਨ ਵੱਲ ਉਚੇਚਾ ਧਿਆਨ ਦੇਣ ਤੋਂ ਇਲਾਵਾ ਸਰਕਾਰ ਦੀਆਂ ਸਾਰੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹਰੇਕ ਲਾਭਪਾਤਰੀ ਨੂੰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਚੋਣਾਂ 'ਚ ਲੋਕਾਂ ਨਾਲ ਕੀਤੇ ਸਾਰੇ ਵਾਅਦਿਆਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਤੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੇ ਇਤਿਹਾਸਕ ਫੈਸਲੇ ਦਾ ਵੱਡੇ ਪੱਧਰ ਤੇ ਲੋਕਾਂ ਨੂੰ ਲਾਭ ਹੋਇਆ ਹੈ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਨਸ਼ਿਆਂ ਦੇ ਕਾਰੋਬਾਰ 'ਚ ਲੱਗੇ ਵਿਅਕਤੀਆਂ ਨੂੰ ਵੱਡੇ ਪੱਧਰ 'ਤੇ ਕਾਬੂ ਕੀਤਾ ਜਾ ਰਿਹਾ ਹੈ ਤੇ ਸਰਕਾਰ ਨਸ਼ਿਆਂ ਦੀ ਲਾਹਣਤ ਨੂੰ ਜੜ੍ਹੋਂ ਖਤਮ ਕਰਨ ਲਈ ਦ੍ਰਿੜ ਇਰਾਦੇ ਨਾਲ ਯਤਨਸ਼ੀਲ ਹੈ।

# ਪੰਜਾਬੀ ਯੂਨੀਵਰਸਿਟੀ ਦਾ ਸੀਨੀਅਰ ਸਹਾਇਕ ਤੇ ਸੁਪਰਡੈਂਟ ਬਰਖ਼ਾਸਤ

**ਪਟਿਆਲਾ (ਰਜਿੰਦਰ ਸਿੰਘ ਥਿੰਦ)** ਪੰਜਾਬੀ ਯੂਨੀਵਰਸਿਟੀ ਨੇ ਕਰੀਬ ਚਾਰ ਸਾਲ ਪੁਰਾਣੇ ਜਾਅਲੀ ਬਿੱਲ ਮਾਮਲੇ 'ਚ ਸੀਨੀਅਰ ਸਹਾਇਕ ਨੀਸ਼ੂ ਚੌਧਰੀ ਤੇ ਸੁਪਰਡੈਂਟ ਰਮਿੰਦਰ ਕੌਰ ਨੂੰ ਬਰਖ਼ਾਸਤ ਕਰ ਦਿੱਤਾ ਹੈ, ਹਾਲਾਂਕਿ ਇਨ੍ਹਾਂ ਕ੍ਰਮਚਾਰੀਆਂ ਤੋਂ ਪੈਸੇ ਦੀ ਵਸੂਲੀ ਨਹੀਂ ਹੋ ਸਕੀ।ਮਾਹਿਰਾਂ ਦਾ ਕਹਿਣਾ ਹੈ ਕਿ ਯੂਨੀਵਰਸਿਟੀ ਆਉਣ ਵਾਲੇ ਦਿਨਾਂ 'ਚ ਇਨ੍ਹਾਂ ਦੋਵਾਂ ਤੋਂ ਪੈਸੇ ਦੀ ਵਸੂਲੀ ਨੂੰ ਲੈ ਕੇ ਅਗਲਾ ਕਦਮ ਚੁੱਕਿਆ ਜਾਵੇਗਾ। ਯੂਨੀਵਰਸਿਟੀ 'ਚ ਸਰਕਾਰੀ ਫੰਡਾਂ ਦੀ ਲਗਪਗ 12 ਕਰੋੜ ਰੁਪਏ ਦੀ ਹੇਰਾਫੇਰੀ ਕੀਤੀ ਗਈ।ਇਸ ਸਬੰਧੀ ਉਸ ਸਮੇਂ ਪਰਚਾ ਵੀ ਦਰਜ ਕੀਤਾ ਗਿਆ ਸੀ। ਵਾਈਸ ਚਾਂਸਲਰ ਪ੍ਰੋ. ਜਗਦੀਪ ਸਿੰਘ ਨੇ ਕਿਹਾ ਕਿ ਸੀਨੀਅਰ ਸਹਾਇਕ ਨਿਸ਼ੂ ਚੌਧਰੀ ਤੇ ਸੁਪਰਡੈਂਟ ਨੂੰ ਟਰਮੀਨੇਟ ਕੀਤਾ ਗਿਆ ਹੈ। ਫੰਡਾਂ ਦੀ ਹੇਰਫੇਰ ਨਾਲ ਯੂਨੀਵਰਸਿਟੀ ਨੂੰ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਵੀ ਕੀਤੀ ਜਾਵੇਗੀ।ਇਸ ਮਾਮਲੇ 'ਤੇ ਹੁਣ ਵੀ ਨਜ਼ਰ ਰੱਖੀ ਜਾ ਰਹੀ ਹੈ ਤ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।

# ਵਿਧਾਇਕ ਦੇ ਘਰ 'ਤੇ ਖਾਲਿਸਤਾਨੀ ਨਾਅਰੇ ਲਿਖਣ ਦੇ ਮਾਮਲੇ 'ਚ ਤਿੰਨ ਨੌਜਵਾਨ ਗ੍ਰਿਫ਼ਤਾਰ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਪਿੰਡ ਪੰਡੋਰੀ ਵਿਖੇ 15 ਅਗਸਤ ਨੂੰ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਘਰ ਅਤੇ ਹੋਰ ਕੰਧਾਂ 'ਤੇ ਖਾਲਿਸਤਾਨ ਪੱਖੀ ਨਾਅਰੇ ਲਿਖਣ ਦੇ ਮਾਮਲੇ ਵਿੱਚ ਬਰਨਾਲਾ ਪੁਲਸ ਨੇ ਤਿੰਨ ਨੌਜਵਾਨਾਂ ਨੂੰ ਕਾਬੂ ਕੀਤਾ। ਬਰਨਾਲਾ ਦੇ ਐਸਐਸਪੀ ਮੁਹੰਮਦ ਸਰਫ਼ਰਾਜ਼ ਆਲਮ ਨੇ ਦੱਸਿਆ ਕਿ 14 ਅਗਸਤ ਦੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਕੋਠੀ ਸਮੇਤ ਪਿੰਡ ਦੀਆਂ ਹੋਰ ਥਾਵਾਂ ਉੱਪਰ ਖਾਲਿਸਤਾਨੀ ਨਾਅਰੇ ਲਿਖੇ ਗਏ ਸਨ।ਸੂਚਨਾ ਮਿਲਦਿਆਂ ਹੀ ਪੁਲਸ ਮੌਕੇ 'ਤੇ ਪਹੁੰਚੀ ਤੇ ਸਥਿਤੀ ਦਾ ਜਾਇਜ਼ਾ ਲਿਆ।ਵਿਧਾਇਕ ਦੇ ਗੰਨਮੈਨ ਹਰਦੀਪ ਸਿੰਘ ਦੇ ਬਿਆਨ ਦੇ ਆਧਾਰ 'ਤੇ ਥਾਣਾ ਮਹਿਲ ਕਲਾਂ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਪੁਲਸ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਜਾਂਚ ਅੱਗੇ ਵਧਾਉਂਦਿਆਂ ਤਿੰਨ ਨੌਜਵਾਨਾਂ ਗੁਰਮੀਤ ਸਿੰਘ, ਗੁਰਸੇਵਕ ਸਿੰਘ ਉਰਫ਼ ਮਨੀ ਤੇ ਕਿਰਪਾ ਸਿੰਘ ਤਿੰਨੇ ਵਾਸੀ ਮਹਿਲ ਖੁਰਦ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਹੋਰ ਜਾਂਚ ਕੀਤੀ ਜਾ ਰਹੀ ਹੈ ਤੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

# ਲੜਕੀ ਨੂੰ ਅਗਵਾ ਕਰਨ ਦੀ ਕੋਸ਼ਿਸ਼ ਦੇ ਦੋਸ਼ ਹੇਠ ਦੋ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-** ਬਾਰ੍ਹਵੀਂ ਜਮਾਤ ਵਿੱਚ ਪੜ੍ਹਦੀ ਇੱਕ ਲੜਕੀ ਨੂੰ ਕਾਰ 'ਚ ਅਗਵਾ ਕਰ ਕੇ ਲੈ ਜਾਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਹੇਠ ਅਮਲੋਹ ਪੁਲਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਇੱਕ ਲੜਕੀ ਨੇ ਦੱਸਿਆ ਕਿ ਉਹ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ ਹੈ ਤੇ ਬੀਤੇ ਕੱਲ ਸਵੇਰੇ ਕਰੀਬ 7.30 ਵਜੇ ਜਦੋਂ ਉਹ ਆਪਣੇ ਸਕੂਲ ਜਾ ਰਹੀ ਸੀ ਤਾਂ ਅਮਲੋਹ ਦੇ ਬਾਜ਼ਾਰ ਵਿੱਚ ਹਰਮਨਜੋਤ ਸਿੰਘ ਅਤੇ ਉਸਦੇ ਸਾਥੀ ਰਣਬੀਰ ਸਿੰਘ ਨੇ ਉਸਨੂੰ ਜ਼ਬਰਦਸਤੀ ਕਾਰ ਨੰਬਰ ਪੀਬੀ 23 ਵਾਈ-8109 ਵਿੱਚ ਬਿਠਾ ਕੇ ਅਗਵਾ ਕਰਨ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਦਾ ਵਿਰੋਧ ਕਰਦੇ ਹੋਏ ਉਸਨੇ ਰੌਲਾ ਪਾ ਦਿੱਤਾ। ਲੋਕਾਂ ਦਾ ਇਕੱਠ ਹੁੰਦਾ ਦੇਖ ਉਕਤ ਨੌਜਵਾਨ ਉਥੋਂ ਭੱਜ ਗਏ ।ਸ਼ਿਕਾਇਤ ਕਰਤਾ ਦੇ ਬਿਆਨਾਂ ਤੇ ਹਰਮਨ ਸਿੰਘ ਵਾਸੀ ਪਿੰਡ ਵੜੈਚਾਂ ਅਤੇ ਰਣਬੀਰ ਸਿੰਘ ਵਾਸੀ ਅਮਲੋਹ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਥਾਣਾ ਅਮਲੋਹ ਵਿਖੇ ਮੁਕੱਦਮਾ ਦਰਜ ਕਰਕੇ ਮਹਿਲਾ ਥਾਣੇਦਾਰ ਅਮਨਦੀਪ ਕੌਰ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਰਾਜਪਾਲ ਵੱਲੋਂ ਡਾਰਕ ਰੂਮ ਲੈਬ ਸਪੈਸ਼ਲ ਬੱਚਿਆਂ ਨੂੰ ਸਮਰਪਤ

**ਪਟਿਆਲਾ (ਰਜਿੰਦਰ ਸਿੰਘ ਥਿੰਦ)** ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਵਾਣੀ ਸਕੂਲ ਫਾਰ ਹੀਅਰਿੰਗ ਇੰਪੇਅਰਡ ਤੋਂ ਬੇਹੱਦ ਪ੍ਰਭਾਵਤ ਹੋਏ ਹਨ।ਉਨ੍ਹਾਂ ਆਪਣੇ ਵੱਲੋਂ ਦਿੱਤੇ 20 ਲੱਖ ਰੁਪਏ ਦੇ ਵਿਸ਼ੇਸ਼ ਫੰਡਾਂ ਨਾਲ ਬਾਲ ਭਲਾਈ ਪ੍ਰੀਸ਼ਦ, ਪੰਜਾਬ ਵੱਲੋਂ ਸਪੈਸ਼ਲ ਤੇ ਬੌਧਿਕ ਅਪੰਗਤਾ ਤੋਂ ਪ੍ਰਭਾਵਤ




ਬੱਚਿਆਂ ਲਈ ਤਿਆਰ ਕਰਵਾਏ ਗਈ ਡਾਰਕ ਰੂਮ ਲੈਬ ਨੂੰ ਇਨ੍ਹਾਂ ਬੱਚਿਆਂ ਦੇ ਸਮਰਪਤ ਕੀਤਾ। ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਅਜਿਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਜ਼ਿੰਦਗੀ ਨੂੰ ਬਿਹਤਰ ਬਣਾ ਕੇ ਹੀ ਪੂਰੇ ਸਮਾਜ ਤੇ ਦੇਸ਼ ਦੀ ਜਿੰਦਗੀ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਇਹ ਨਵੀਂ ਬਣਾਈ ਗਈ ਡਾਰਕ ਰੂਮ ਲੈਬ ਬੌਧਿਕ ਅਪੰਗਤਾ ਦੇ ਸ਼ਿਕਾਰ ਬੱਚਿਆਂ ਦੀ ਜ਼ਿੰਦਗੀ ਨੂੰ ਆਮ ਸਧਾਰਨ ਲੋਕਾਂ ਵਰਗੀ ਬਣਾਉਣ ਅਤੇ ਇਨ੍ਹਾਂ ਦੇ ਉਗਰ ਸੁਭਾਅ ਨੂੰ ਸ਼ਾਂਤ ਕਰਨ ਲਈ ਅਹਿਮ ਭੂਮਿਕਾ ਨਿਭਾਏਗੀ। ਰਾਜਪਾਲ ਸ੍ਰੀ ਕਟਾਰੀਆ ਨੇ ਆਮ ਲੋਕਾਂ ਤੇ ਸਮਾਜ ਸੇਵੀਆਂ ਨੂੰ 1962 ਤੋਂ ਬੱਚਿਆਂ ਦੀ ਭਲਾਈ ਲਈ ਯਤਨਸ਼ੀਲ ਪੰਜਾਬ ਬਾਲ ਭਲਾਈ ਕੌਂਸਲ ਦੇ ਨਾਲ ਜੁੜਨ ਦਾ ਸੱਦਾ ਦਿੰਦਿਆਂ ਬਾਲ ਭਲਾਈ ਕੌਂਸਲ ਦੀਆਂ ਸੇਵਾਵਾਂ ਦੀ ਭਰਵੀਂ ਪ੍ਰਸੰਸਾ ਕੀਤੀ।ਉਨ੍ਹਾਂ ਅਜਿਹੇ ਬੱਚਿਆਂ ਦੀ ਛੁਪੀ ਪ੍ਰਤਿਭਾ ਨੂੰ ਜੇਕਰ ਪਛਾਣ ਕੇ ਅੱਗੇ ਲਿਆਂਦਾ ਜਾਵੇ ਤਾਂ ਇਹ ਸਮਾਜ ਲਈ ਬਹੁਤ ਉਪਯੋਗੀ ਸਾਬਤ ਹੋ ਸਕਦੇ ਹਨ। ਅਜਿਹੇ ਬੱਚਿਆਂ ਦੀ ਭਲਾਈ ਲਈ ਕੰਮ ਕਰ ਰਹੇ ਪਟਿਆਲਾ ਦੇ ਵਾਣੀ ਸਕੂਲ ਨੂੰ ਦਿਸ਼ਾ ਦੇਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਇਸ ਸਕੂਲ ਦੇ ਅਧਿਆਪਕਾਂ ਵੀ ਪ੍ਰਸੰਸਾ ਦੇ ਪਾਤਰ ਹਨ। ਡਾ. ਬਲਬੀਰ ਸਿੰਘ ਨੇ ਬਲਬ ਦੀ ਖੋਜ ਕਰਨ ਵਾਲੇ ਐਡੀਸਨ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਕਿਸੇ ਨਾ ਕਿਸੇ ਵਿਸ਼ੇਸ਼ ਸਮਰੱਥਾ ਦੇ ਮਾਲਕ ਹੁੰਦੇ ਹਨ ਤੇ ਇਹ ਬੱਚੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਿਤਵੇ ਰੰਗਲਾ ਪੰਜਾਬ ਦੇ ਵਿਸ਼ੇਸ਼ ਫੁੱਲ ਹਨ।ਸਿਹਤ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਅਜਿਹੇ ਵਿਦਿਆਰਥੀਆਂ ਅੰਦਰ ਛੁਪੀ ਪ੍ਰਤਿਭਾ ਨੂੰ ਪਛਾਣ ਕੇ ਉਨ੍ਹਾਂ ਨੂੰ ਅੱਗੇ ਲਿਆ ਰਹੀ ਹੈ ਤੇ ਪਟਿਆਲਾ ਦਾ ਵਾਣੀ ਸਕੂਲ ਇਸੇ ਤਰਜ਼ 'ਤੇ ਕੰਮ ਰਿਹਾ ਹੈ।

# ਫੋਟੋਗ੍ਰਾਫਰਾਂ ਨੇ ਵਿਸ਼ਵ ਫੋਟੋਗ੍ਰਾਫ਼ੀ ਡੇਅ ਸਮਾਜ ਸੇਵਾ ਰਾਹੀਂ ਮਨਾਇਆ



**ਬੁਢਲਾਡਾ (ਅਸ਼ੋਕ ਲਾਕੜਾ)** ਵਿਸ਼ਵ ਫੋਟੋਗ੍ਰਾਫ਼ੀ ਡੇਅ ਮੌਕੇ ਫੋਟੋਗ੍ਰਾਫਰਾਂ ਨੇ ਇੱਕ ਵੱਖਰੀ ਝਲਕ ਪੇਸ਼ ਕਰਦਿਆਂ ਇਸ ਦਿਨ ਨੂੰ ਸਮਾਜ ਸੇਵਾ ਰਾਹੀਂ ਮਨਾਇਆ। ਇਸ ਸਬੰਧਤੀ ਸਭ ਤੋਂ ਪਹਿਲਾਂ ਸਾਰੇ ਫੋਟੋਗ੍ਰਾਫਰ ਭਰਾਵਾਂ ਨੇ ਇਕੱਠੇ ਹੋ ਕੇ ਪਿੰਗਲਵਾੜਾ ਪਹੁੰਚ ਕੇ ਉਥੇ ਰਹਿੰਦੇ ਵਿਸ਼ੇਸ਼ ਜ਼ਰੂਰਤਾਂ ਵਾਲੇ ਲੋਕਾਂ ਨਾਲ ਮਿਲਾਪ ਕੀਤਾ। ਫੋਟੋਗ੍ਰਾਫਰਾਂ ਨੇ ਉਨ੍ਹਾਂ ਨਾਲ ਸਮਾਂ ਬਿਤਾ ਕੇ ਸੁਨੇਹਾ ਦਿੱਤਾ ਕਿ ਅਜਿਹੇ ਲੋਕ ਵੀ ਸਮਾਜ ਦੇ ਬਰਾਬਰ ਦੇ ਹਿੱਸੇਦਾਰ ਹਨ ਤੇ ਉਨ੍ਹਾਂ ਨੂੰ ਪਿਆਰ, ਇਜਤ ਤੇ ਮਮਤਾ ਮਿਲਣੀ ਚਾਹੀਦੀ ਹੈ। ਇਸ ਤੋਂ ਬਾਅਦ ਫੋਟੋਗ੍ਰਾਫ਼ਰਾਂ ਦਾ ਕਾਫ਼ਲਾ ਨੇਕੀ ਆਸ਼ਰਮ ਵੀ ਪਹੁੰਚਿਆ, ਜਿੱਥੇ ਉਨ੍ਹਾਂ ਨੇ ਆਸ਼ਰਮ ਵਿੱਚ ਰਹਿੰਦੇ ਬਜ਼ੁਰਗਾਂ ਤੇ ਹੋਰ ਲੋਕਾਂ ਨਾਲ ਗੱਲਬਾਤ ਕੀਤੀ। ਫੋਟੋਗ੍ਰਾਫਰ ਭਰਾਵਾਂ ਨੇ ਕਿਹਾ ਕਿ ਫੋਟੋਗ੍ਰਾਫੀ ਸਿਰਫ਼ ਇੱਕ ਪੇਸ਼ਾ ਜਾਂ ਰੁਜ਼ਗਾਰ ਨਹੀਂ, ਸਗੋਂ ਇਹ ਮਨੁੱਖਤਾ ਦੀ ਸੇਵਾ ਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦਾ ਸਾਧਨ ਵੀ ਬਣ ਸਕਦੀ ਹੈ। ਇਸ ਮੌਕੇ ਚੇਅਰਮੈਨ ਇੰਦਰਜੀਤ ਟੋਨੀ ਨੇ ਕਿਹਾ ਕਿ ਫੋਟੋਗ੍ਰਾਫਰਾਂ ਦਾ ਇਹ ਸਾਂਝਾਂ ਕਦਮ ਇਕ ਮਿਸਾਲ ਹੈ, ਜੋ ਹੋਰ ਲੋਕਾਂ ਨੂੰ ਵੀ ਸਮਾਜਿਕ ਸੇਵਾ ਨਾਲ ਜੁੜਨ ਲਈ ਪ੍ਰੇਰਿਤ ਕਰੇਗਾ। ਪੰਜਾਬ ਮੀਤ ਪ੍ਰਧਾਨ ਗਿਆਨ ਸ਼ਰਮਾ ਨੇ ਕਿਹਾ ਕਿ ਫੋਟੋਗ੍ਰਾਫਰ ਭਰਾਵਾਂ ਨੇ ਹਮੇਸ਼ਾ ਸਮਾਜਕ ਕਾਰਜਾਂ 'ਚ ਆਪਣੀ ਸਰਗਰਮ ਭੂਮਿਕਾ ਨਿਭਾਈ ਹੈ। ਪ੍ਰਧਾਨ ਸੰਦੀਪ ਸ਼ਰਮਾ, ਸਕੱਤਰ ਕੁਲਦੀਪ ਸ਼ਰਮਾ ਅਤੇ ਖਜਾਨਚੀ ਕਰਮਜੀਤ ਸ਼ਰਮਾ ਨੇ ਵੀ ਸਭ ਫੋਟੋਗ੍ਰਾਫਰਾਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਜ ਲਈ ਸਮਾਂ ਕੱਢਿਆ। ਸਾਰੇ ਫੋਟੋਗ੍ਰਾਫਰ ਵੱਡੇ ਉਤਸ਼ਾਹ ਨਾਲ ਹਾਜ਼ਰ ਰਹੇ ਤੇ ਵਧ-ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਨੇ ਮਿਲ ਕੇ ਇਹ ਸਹੁੰ ਵੀ ਚੁੱਕੀ ਕਿ ਅਗਲੇ ਸਮਿਆਂ ਵਿੱਚ ਵੀ ਇਸ ਤਰ੍ਹਾਂ ਦੇ ਸਮਾਜਿਕ ਪ੍ਰੋਗਰਾਮ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ।

# ਕਿਸਾਨ ਮਹਾ ਰੈਲੀ 'ਚ ਸ਼ਾਮਲ ਹੋਣ ਲਈ ਖਹਿਰਾ ਤੋਂ ਕਾਫਲਾ ਰਵਾਨਾ

**ਫਿਲੌਰ (ਹਰਜਿੰਦਰ ਕੌਰ ਚਾਹਲ)** ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ 'ਚ ਭੀਕੇਯੂ ਦੁਆਬਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਰਾਏ ਦੀ ਪ੍ਰਧਾਨਗੀ ਹੇਠ ਕੁੱਕੜ ਪਿੰਡ (ਜਲੰਧਰ) ਦੀ ਦਾਣਾ ਮੰਡੀ ਦੇ ਵਿੱਚ ਕਿਸਾਨ ਮਹਾ ਰੈਲੀ ਚ ਸ਼ਾਮਲ ਹੋਣ ਲਈ ਪਿੰਡ ਖਹਿਰਾ ਤੋਂ ਭੀਕੇਯੂ ਦੁਆਬਾ ਦੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਢੇਸੀ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਪਾਲ ਸਿੰਘ ਜਲੰਧਰ ਬੱਛੋਵਾਲ ਸਰਪੰਚ, ਕਸ਼ਮੀਰ ਸਿੰਘ ਬੱਕਾਪੁਰ, ਬਲਵਿੰਦਰ ਸਿੰਘ ਖਹਿਰਾ ਬਲਾਕ ਪ੍ਰਧਾਨ ਫਿਲੌਰ ਦੀ ਅਗਵਾਈ 'ਚ ਕਾਫਲਾ ਰਵਾਨਾ ਹੋਇਆ।ਇਸ ਮੌਕੇ ਪੰਜਾਬ ਸਰਕਾਰ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਭੁਪਿੰਦਰ ਸਿੰਘ ਸੰਘੇੜਾ ਲੰਬੜਦਾਰ ਫਿਲੌਰ, ਕੁਲਦੀਪ ਸਿੰਘ ਕੰਗ ਤੇਹਿੰਗ, ਕੁਲਦੀਪ ਸਿੰਘ ਜੌਹਲ, ਗੁਰਦੇਵ ਸਿੰਘ ਦੇਬੀ, ਪ੍ਰੀਤਮ ਲਾਲ ਸਰਪੰਚ ਪਿੰਡ ਸੈਫਾਬਾਦ, ਸੁਖਵਿੰਦਰ ਸਿੰਘ, ਬਲਵਿੰਦਰ ਸਿੰਘ ਅਤੇ ਯੂਨੀਅਨ ਦੇ ਅਹੁਦੇਦਾਰ ਤੇ ਮੈਂਬਰ ਸ਼ਾਮਲ ਸਨ।




# ਚੰਗੀਆਂ ਕਿਤਾਬਾਂ ਨਰੋਏ ਸਮਾਜ ਦੀ ਸਿਰਜਣਾ ਕਰਦੀਆਂ : ਸਾਹਿਤਕਾਰ



**ਬੱਧਨੀ ਕਲਾਂ (ਲਵਲੀ ਮਾਛੀਕੇ)** ਟੈਲੀਵਿਜ਼ਨ ਤੇ ਇੰਟਰਨੈੱਟ ਜਿਹੇ ਵਸੀਲਿਆਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਅਨੇਕਾਂ ਮਾਰੂ ਬੁਰਾਈਆਂ ਵੱਲ ਧੱਕ ਦਿੱਤਾ ਹੈ।ਅਜਿਹੇ ਖਤਰਨਾਕ ਮੋੜ 'ਤੇ ਨੌਜਵਾਨ ਵਰਗ ਨੂੰ ਉਸਾਰੂ ਸੇਧ ਦੇਣ ਤੇ ਉਨ੍ਹਾਂ 'ਚ ਨਰੋਈਆਂ ਕਦਰਾਂ ਕੀਮਤਾਂ ਦੀ ਸੋਝੀ ਪੈਦਾ ਕਰਨ ਲਈ ਉਨ੍ਹਾਂ ਦਾ ਚੰਗੀਆਂ ਪੁਸਤਕਾਂ ਨਾਲ ਲਗਾਓ ਪੈਦਾ ਕਰਨਾ ਅਜੋਕੇ ਸਮੇਂ 'ਚ ਬੇਹੱਦ ਜ਼ਰੂਰੀ ਹੈ।ਇਹ ਵਿਚਾਰ ਪਿੰਡ ਦੀਨਾ ਸਾਹਿਬ ਦੇ ਪੰਚਾਇਤ ਘਰ ਵਿਖੇ ਇੱਕ ਸਾਹਿਤਕ ਮਿਲਣੀ ਦੌਰਾਨ ਸਾਹਿਤਕਾਰ ਯਸ਼ ਪੱਤੋ, ਫੌਜੀ ਅਮਰਜੀਤ ਸਿੰਘ ਦੀਨਾ, ਉੱਘੀ ਲੇਖਿਕਾ ਅਮਨਦੀਪ ਕੌਰ ਹਾਕਮ ਸਿੰਘ ਵਾਲਾ ਤੇ ਕਵੀ ਜੀਤ ਜਗਪਾਲ ਗਾਜੀਆਨਾ ਨੇ ਪ੍ਰਗਟ ਕੀਤੇ। ਉਨ੍ਹਾਂ ਅੱਗੇ ਆਖਿਆ ਕਿ ਸਾਹਿਤਕ ਜਾਂ ਚੰਗੀਆਂ ਪੁਸਤਕਾਂ ਮਨੁੱਖ ਦੀ ਜ਼ਿੰਦਗੀ ਦਾ ਰਾਹ ਦਸੇਰਾ ਬਣਦੀਆਂ ਹਨ, ਸੋ ਪੁਸਤਕ ਸੱਭਿਆਚਾਰ ਨੂੰ ਵਿਕਸਤ ਕਰਨਾ ਸਮੇਂ ਦੀ ਵੱਡੀ ਲੋੜ ਹੈ।ਲੇਖਕਾਂ ਨੇ ਕਿਹਾ ਕਿ ਉਸਾਰੂ ਸਾਹਿਤ ਪੜ੍ਹਨ ਨਾਲ ਜਿੱਥੇ ਬੱਚਿਆਂ, ਨੌਜਵਾਨਾਂ ਦਾ ਚੰਗਾ ਚਰਿੱਤਰ ਨਿਰਮਾਣ ਹੋ ਸਕਦਾ ਹੈ, ਉੱਥੇ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਵੀ ਹੋਵੇਗੀ।ਉਨ੍ਹਾਂ ਅੱਗੇ ਆਖਿਆ ਕਿ ਲੇਖਕਾਂ, ਸਾਹਿਤਕਾਰਾਂ, ਅਧਿਆਪਕਾਂ ਤੇ ਸਮਾਜ ਪ੍ਰਤੀ ਚਿੰਤਤ ਲੋਕਾਂ ਨੂੰ ਨੌਜਵਾਨ ਵਰਗ ਨੂੰ ਉਸਾਰੂ ਸਾਹਿਤ ਪੜ੍ਹਨ ਲਈ ਰੁਚਿਤ ਕਰਨ ਲਈ ਵੱਡੇ ਯਤਨ ਕਰਨੇ ਚਾਹੀਦੇ ਹਨ।ਇਸ ਸਮੇਂ ਲੇਖਕ ਲਾਲੀ ਕਰਤਾਰਪੁਰੀ ਨੇ ਆਪਣੀ ਨਵ ਪ੍ਰਕਾਸ਼ਿਤ ਪੁਸਤਕ 'ਵਾਵਰੋਲਿਆਂ ਦੇ ਦਰਮਿਆਨ' ਯਸ਼ ਪੱਤੋ ਨੂੰ ਭੇਟ ਕੀਤੀ।

# 'ਜਲ ਹੀ ਜੀਵਨ' ਸਿਰਫ਼ ਕਹਿਣ ਤੱਕ ਸੀਮਤ

**ਬਠਿੰਡਾ, (ਰਾਜੀਵ ਗੋਇਲ)** ਇੱਕ ਪਾਸੇ ਤਾਂ ਸਰਕਾਰ ਦੇ ਸਲੋਗਨ ਪੜ੍ਹਨ ਨੂੰ ਮਿਲਦੇ ਹਨ ਕਿ 'ਜਲ ਹੀ ਜੀਵਨ ਹੈ' ਤੇ ਦੂਜੇ ਪਾਸੇ ਇਹ ਜੀਵਨ ਦਾਨ ਦੇਣ ਵਾਲਾ ਜਲ ਭਗਤਾ ਭਾਈ ਕਾ ਦੇ ਸੁਸਾਇਟੀ ਰੋਡ ਸਮੇਤ ਹੋਰ ਥਾਂਵਾਂ 'ਤੇ ਸਾਂਝੀਆਂ ਟੂਟੀਆਂ ਰਾਹੀਂ ਅਜ਼ਾਈਂ ਵਿਅਰਥ ਜਾਂਦਾ ਆਮ ਦੇਖਿਆ ਜਾ ਸਕਦਾ ਹੈ। ਜੇਕਰ ਪਾਣੀ ਨਾ ਆਵੇ ਤਾਂ ਲੋਕਾਂ ਲਈ ਆਫਤ ਆ ਜਾਂਦੀ ਹੈ, ਪਰ ਜੇ ਪਾਣੀ ਆਉਂਦਾ ਹੈ ਤਾਂ ਉਸਦੀ ਸਾਂਭ ਸੰਭਾਲ ਕਰਨ ਨੂੰ ਵੀ ਆਪਣਾ ਫ਼ਰਜ਼ ਨਹੀਂ ਸਮਝਿਆ ਜਾਂਦਾ ਹੈ। ਹਰ ਗੱਲ ਸਰਕਾਰ ਦੇ ਵੱਸ ਦੀ ਵੀ ਨਹੀਂ ਹੁੰਦੀਂ, ਸਗੋਂ ਲੋਕਾਂ ਨੂੰ ਆਪਣਾ ਫਰਜ਼ ਸਮਝਣਾ ਚਾਹੀਦਾ ਹੈ, ਪਰ ਜੇਕਰ ਦੂਜੇ ਪਾਸੇ ਸਰਕਾਰੀ ਮੁਲਾਜ਼ਮਾਂ ਦੀ ਗੱਲ ਕੀਤੀ ਜਾਵੇ ਤਾਂ ਸ਼ਾਇਦ



ਮੋਟੀਆਂ ਤਨਖਾਹਾਂ ਲੈਣ ਵਾਲੇ ਇਹ ਮੁਲਾਜ਼ਮ ਕੰਮ ਨੂੰ ਆਪਣਾ ਕਰਮ ਸਮਝਣ ਦੀ ਬਜਾਏ ਮੁਫ਼ਤ ਦੀ ਤਨਖਾਹ ਲੈਣ ਵਿੱਚ ਵੱਧ ਵਿਸ਼ਵਾਸ ਰੱਖਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਕੁਨੈਕਸ਼ਨ ਜ਼ਾਰੀ ਕਰਨ ਵੇਲੇ ਹਰ ਘਰ ਨੂੰ ਪਾਇਪ ਅੱਗੇ ਟੂਟੀ ਲਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ। ਉਧਰ ਆਮ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਪੂਰੇ ਸ਼ਹਿਰ ਅੰਦਰ ਧਿਆਨ ਦਿੱਤਾ ਜਾਵੇ ਤਾਂ ਬਹੁਤ ਸਾਰੇ ਹੋਰ ਵੀ ਕੁਨੈਕਸ਼ਨ ਮਿਲਣਗੇ, ਜਿੱਥੇ ਪਾਣੀ ਹਰ ਰੋਜ਼ ਇਸੇ ਤਰ੍ਹਾਂ ਅਜ਼ਾਈਂ ਡੁੱਲ੍ਹਦਾ ਰਹਿੰਦਾ ਹੈ।

# ਆਦਮਪੁਰ ਜ਼ੋਨ ਦਾ ਐਥਲੈਟਿਕਸ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸ਼ੁਰੂ



**ਆਦਮਪੁਰ (ਪਰਮਜੀਤ ਸਿੰਘ)-** ਜ਼ੋਨਲ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਪ੍ਰਿੰਸੀਪਲ ਸ੍ਰੀ ਰਾਮ ਆਸਰਾ ਸਟੇਟ ਐਵਾਰਡੀ ਦੀ ਅਗਵਾਈ ਵਿੱਚ ਵੱਖ ਵੱਖ ਸਕੂਲਾਂ ਦੀਆਂ ਟੀਮਾਂ ਦੇ ਐਥਲੈਟਿਕਸ ਮੁਕਾਬਲੇ ਡਰੋਲੀ ਕਲਾਂ ਪਿੰਡ ਦੀ ਗਰਾਊਂਡ ਵਿੱਚ ਸ਼ੁਰੂ ਹੋਏ । ਖੇਡਾਂ ਤੇ ਸਰੀਰਿਕ ਸਿੱਖਿਆ ਦੇ ਅਧਿਆਪਕਾਂ ਵਲੋਂ ਮੁੱਖ ਮਹਿਮਾਨ ਪ੍ਰਿੰਸੀਪਲ ਰਾਮ ਆਸਰਾ ਦਾ ਹਾਰ ਪਾ ਕੇ ਸਵਾਗਤ ਕੀਤਾ ਗਿਆ ਜਿਹਨਾਂ ਰਿਬਨ ਕੱਟ ਕੇ ਟੂਰਨਾਮੈਂਟ ਦਾ ਉਦਘਾਟਨ ਕਰਦਿਆਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਉਤਸ਼ਾਹਿਤ ਕੀਤਾ । ਇਸ ਮੌਕੇ ਜ਼ਿਲ੍ਹਾ ਕਮੇਟੀ ਜਨਰਲ ਸਕੱਤਰ ਬਲਜੀਤ ਸਿੰਘ ਢਿੱਲੋਂ, ਜ਼ੋਨਲ ਸੈਕਟਰੀ ਲੈਕਚਰਾਰ ਸੋਨੀਆ, ਪ੍ਰਿੰਸੀਪਲ ਸਤਿੰਦਰ ਕੌਰ ਕੰਦੋਲਾ, ਸਕੂਲ ਮੁਖੀ ਸੁਰਿੰਦਰ ਕੁਮਾਰ ਡਰੋਲੀ ਖੁਰਦ, ਰਿੰਪਲ ਬਸਰਾ ਮਾਣਕੋ, ਮੈਡਮ ਵਿਜੇ ਲਕਸ਼ਮੀ ਜਲਭੇ, ਮੈਡਮ ਜਸਬੀਰ ਕੌਰ ਘੁੜਿਆਲ, ਲੈਕਚਰਾਰ ਸੁਰੇਸ਼ ਕੁਮਾਰ ਪੰਡੋਰੀ ਨਿੱਝਰਾਂ, ਲੈਕਚਰਾਰ ਹਰਵਿੰਦਰ ਸਿੰਘ ਡਰੋਲੀ ਕਲਾਂ, ਸਮੂਹ ਖੇਡ ਅਧਿਆਪਕ ਤੇ ਵੱਖ ਵੱਖ ਸਕੂਲਾਂ ਦੇ ਅਧਿਆਪਕ ਸਾਹਿਬਾਨ ਹਾਜ਼ਰ ਸਨ । ਸਟੇਜ ਸਕੱਤਰ ਦੀ ਭੂਮਿਕਾ ਲੈਕਚਰਾਰ ਗੁਰਿੰਦਰ ਸਿੰਘ ਨੇ ਨਿਭਾਈ।ਰਿਫਰੈਸ਼ਮੈਂਟ ਦੀ ਸੇਵਾ ਆਦਮਪੁਰ ਸਕੂਲ ਦੇ ਸਟਾਫ ਵਲੋਂ ਕੀਤੀ ਗਈ ।

# ਨਵ ਨਿਯੁਕਤ ਪ੍ਰਧਾਨ ਹਰਪ੍ਰੀਤ ਸਿੰਘ ਪੰਜੋਲੀ ਦਾ ਸਨਮਾਨ

**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਆਮ ਆਦਮੀ ਪਾਰਟੀ ਦੇ ਐਸੀ ਭਾਈਚਾਰੇ ਦੀ ਇੱਕ ਮੀਟਿੰਗ ਸਰਹਿੰਦ ਦੇ ਹੋਟਲ ਵਿਖੇ ਹੋਈ। ਵਿਧਾਇਕ ਲਖਵੀਰ ਸਿੰਘ ਰਾਏ ਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਅਜੇ ਲਿਬੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਐਸਸੀ ਵਿੰਗ ਦੇ ਅਹੁਦੇਦਾਰਾਂ ਨੇ ਵੱਡੀ ਗਿਣਤੀ ਦੇ ਵਿੱਚ ਸ਼ਮੂਲੀਅਤ ਕੀਤੀ। ਮੀਟਿੰਗ ਉਪਰੰਤ ਆਮ ਆਦਮੀ ਪਾਰਟੀ ਵੱਲੋਂ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ (ਐਸ.ਸੀ. ਵਿੰਗ) ਹਰਪ੍ਰੀਤ ਸਿੰਘ ਤੇ ਜ਼ਿਲ੍ਹਾ ਟਰੇਡ ਵਿੰਗ ਦੇ ਪ੍ਰਧਾਨ ਅਸੀਸ ਅੱਤਰੀ ਨੂੰ ਸਨਮਾਨਤ ਕੀਤਾ ਗਿਆ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਪਿਛਲੇ ਸਵਾ ਤਿੰਨ ਸਾਲਾਂ ਤੋਂ ਪੰਜਾਬ ਸਰਕਾਰ ਸੂਬੇ ਦੇ ਹਿੱਤ ਵਿੱਚ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕਾ-ਦੁੱਕਾ ਕੰਮਾਂ ਨੂੰ ਛੱਡ ਕੇ ਬਾਕੀ ਲਗਭਗ ਸਾਰੇ ਕੰਮ ਪੂਰੇ ਕੀਤੇ ਗਏ ਹਨ।ਜਿਹੜੇ ਕੰਮ ਰਹਿੰਦੇ ਹਨ, ਉਹ ਵੀ ਸਰਕਾਰ ਵਿੱਚ ਰਹਿੰਦਿਆਂ ਹੀ ਪੂਰੇ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਜੋ ਲੋਕ ਕਹਿੰਦੇ ਹਨ ਕਿ ਆਮ ਆਦਮੀ ਪਾਰਟੀ ਨੇ ਕੀ ਕੀਤਾ ਹੈ, ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਕੰਮਾਂ ਦੀ ਲਿਸਟ ਤੋਂ ਜਾਣੂ ਕਰਾਇਆ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਣੀਆਂ ਹਨ।ਉਸ ਉਪਰੰਤ ਨਗਰ ਕੌਂਸਲ ਦੀਆਂ ਚੋਣਾਂ ਹਨ।ਸਾਨੂੰ ਹੁਣ ਤੋਂ ਹੀ ਇਨ੍ਹਾਂ ਦੇ ਲਈ ਤਿਆਰੀ ਵਿੱਢ ਲੈਣੀ ਚਾਹੀਦੀ ਹੈ। ਜ਼ਿਲ੍ਹਾ



ਪ੍ਰਧਾਨ ਅਜੇ ਲਿਬੜਾ ਨੇ ਕਿਹਾ ਕਿ ਪਾਰਟੀ ਦੇ ਸੰਗਠਨ ਨੂੰ ਮਜਬੂਤ ਕਰਨ ਦੇ ਲਈ ਉਹ ਨਵੇਂ ਅਹੁਦੇਦਾਰਾਂ ਦਾ ਸਵਾਗਤ ਕਰਦੇ ਹਨ ਅਤੇ ਹਰ ਤਰ੍ਹਾਂ ਦੇ ਸਹਿਯੋਗ ਲਈ ਤਿਆਰ ਹਨ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਅਤੇ ਅਜੇ ਲਿਬੜਾ ਵੱਲੋਂ ਨਵ ਨਿਯੁਕਤ ਅਹੁਦੇਦਾਰ ਹਰਪ੍ਰੀਤ ਸਿੰਘ ਪੰਜੋਲੀ ਅਤੇ ਅਸੀਸ ਅੱਤਰੀ ਨੂੰ ਸਿਰੋਪਾਓ ਭੇਂਟ ਕਰ ਸਨਮਾਨਤ ਕੀਤਾ ਗਿਆ।

# ਆਈ ਸੀ ਟੀ ਅਕੈਡਮੀ-ਇਨਫੋਸਿਸ ਫਾਊਂਡੇਸ਼ਨ ਟ੍ਰੇਨਿੰਗ ਟੂ ਪਾਵਰ ਕਰੀਅਰਜ਼ ਇਨ ਬਿਜ਼ਨੈੱਸ ਅਕਾਊਂਟਿੰਗ ਦਾ ਆਯੋਜਨ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਨੇ ਆਈਸੀਟੀ ਅਕੈਡਮੀ-ਇਨਫੋਸਿਸ ਫਾਊਂਡੇਸ਼ਨ ਟ੍ਰੇਨਿੰਗ ਪ੍ਰੋਗਰਾਮ ਆਨ ਬਿਜ਼ਨੈੱਸ ਅਕਾਊਂਟਿੰਗ ਪ੍ਰੋਸੈਸ-ਐਗਜ਼ੀਕਿਊਟਿਵ ਦਾ ਆਯੋਜਨ ਕੀਤਾ। ਟ੍ਰੇਨਿੰਗ ਦਾ ਉਦਘਾਟਨ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਇਸ ਉਦਯੋਗ-ਕੇਂਦ੍ਰਿਤ ਸਿੱਖਣ ਦੇ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।ਡਾ. ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ, ਡਾ. ਕਮਲਜੀਤ ਕੌਰ, ਇੰਚਾਰਜ, ਸਿਖਲਾਈ ਅਤੇ ਪਲੇਸਮੈਂਟ ਸੈੱਲ ਅਤੇ ਪ੍ਰੋਗਰਾਮ ਲਈ ਸਿੰਗਲ ਪੁਆਇੰਟ ਆਫ਼ ਸੰਪਰਕ, ਡਾ. ਕੰਚਨ ਰਾਣੀ, ਮੁਖੀ, ਵਣਜ ਤੇ ਪ੍ਰਬੰਧਨ ਵਿਭਾਗ ਤੇ ਡਾ. ਰੁਚੀ ਮਲਹੋਤਰਾ, ਸਿਖਲਾਈ ਅਤੇ ਪਲੇਸਮੈਂਟ ਕੋਆਰਡੀਨੇਟਰ, ਵਣਜ ਅਤੇ ਪ੍ਰਬੰਧਨ ਵਿਭਾਗ ਵੀ ਮੌਜੂਦ ਸਨ। ਡਾ. ਕਮਲਜੀਤ ਕੌਰ ਨੇ ਪ੍ਰੋਗਰਾਮ ਦੇ ਉਦੇਸ਼ਾਂ ਦੀ ਰੂਪਰੇਖਾ ਦਿੱਤੀ ਤੇ ਅਕਾਦਮਿਕ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਪੂਰਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਮੰਗ ਅਨੁਸਾਰ ਹੁਨਰ ਪ੍ਰਦਾਨ ਕਰਨ ਲਈ ਤੇ




ਯੂਨੀਵਰਸਿਟੀ ਨਾਲ ਭਾਈਵਾਲੀ ਕਰਨ ਲਈ ਆਈਸੀਟੀ ਅਕੈਡਮੀ ਅਤੇ ਇਨਫੋਸਿਸ ਫਾਊਂਡੇਸ਼ਨ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸਿਖਲਾਈ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਬੀ.ਕਾਮ ਅਤੇ ਬੀਬੀਏ ਦੇ ਅੰਤਮ ਸਾਲ ਦੇ ਵਿਦਿਆਰਥੀਆਂ ਲਈ ਤਿਆਰ ਕੀਤਾ ਗਿਆ ਹੈ, ਜਿਸ ਵਿਚ ਰੁਚਿਕਾ ਵਰਮਾ ਦੁਆਰਾ 20 ਘੰਟੇ ਦੀ ਸਾਫਟ ਸਕਿੱਲ ਸਿਖਲਾਈ ਜਿਸ ਵਿੱਚ ਸੰਚਾਰ, ਪੇਸ਼ਕਾਰੀ, ਸਮੱਸਿਆ-ਹੱਲ, ਕਾਰੋਬਾਰੀ ਲੇਖਣ ਤੇ ਟੀਮ ਵਰਕ ਸ਼ਾਮਲ ਹੈ। ਇਸ ਤੋਂ ਇਲਾਵਾ ਕਾਰੋਬਾਰੀ ਲੇਖਾ ਪ੍ਰਕਿਰਿਆਵਾਂ, ਵਿੱਤੀ ਪ੍ਰਬੰਧਨ, ਕਾਰਪੋਰੇਟ ਵਿੱਤ, ਅਤੇ ਕਲਾਉਡ ਲੇਖਾ ਪਲੇਟਫਾਰਮਾਂ ਵਰਗੇ ਆਧੁਨਿਕ ਲੇਖਾਕਾਰੀ ਸਾਧਨਾਂ ਦੀ ਵਰਤੋਂ ਵਿੱਚ 80 ਘੰਟੇ ਦੀ ਤਕਨੀਕੀ ਸਿਖਲਾਈ ਵੀ ਦਿੱਤੀ ਜਾਏਗੀ। ਪ੍ਰੋਗਰਾਮ ਵਿੱਚ ਕੁੱਲ 66 ਵਿਦਿਆਰਥੀਆਂ ਨੇ ਦਾਖਲਾ ਲਿਆ। ਹਰੇਕ ਨੇ ਇੱਕ ਲਾਜ਼ਮੀ ਪ੍ਰੀ-ਮੁਲਾਂਕਣ ਟੈਸਟ ਸਫਲਤਾਪੂਰਵਕ ਪੂਰਾ ਕੀਤਾ ਹੈ। ਇਹ ਪਹਿਲ ਭਾਰਤ ਸਰਕਾਰ ਦੇ ਸਕਿੱਲ ਇੰਡੀਆ ਵਿਜ਼ਨ ਨਾਲ ਮੇਲ ਖਾਂਦੀ ਹੈ ਤੇ ਇਸਦਾ ਉਦੇਸ਼ ਭਾਗੀਦਾਰਾਂ ਦੀ ਰੁਜ਼ਗਾਰਯੋਗਤਾ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣਾ ਹੈ।ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਨੇ ਪਹਿਲਾਂ ਹਨੀਵੈੱਲ ਸਾਈਬਰ ਸੁਰੱਖਿਆ ਮਹਿਲਾ ਸਸ਼ਕਤੀਕਰਨ ਸੀਐਸਆਰ ਪ੍ਰੋਗਰਾਮ 'ਤੇ ਆਈਸੀਟੀ ਅਕੈਡਮੀ ਨਾਲ ਸਹਿਯੋਗ ਕੀਤਾ ਸੀ ਤੇ ਵੱਕਾਰੀ ਸੈਂਟਰ ਆਫ਼ ਐਕਸੀਲੈਂਸ ਐਵਾਰਡ ਪ੍ਰਾਪਤ ਕੀਤਾ ਸੀ। ਇਨਫੋਸਿਸ ਫਾਊਂਡੇਸ਼ਨ ਨਾਲ ਮੌਜੂਦਾ ਸਹਿਯੋਗ ਯੂਨੀਵਰਸਿਟੀ ਦੀ ਉਦਯੋਗ-ਤਿਆਰ ਗ੍ਰੈਜੂਏਟ ਤਿਆਰ ਕਰਨ ਦੀ ਵਚਨਬੱਧਤਾ ਵਿੱਚ ਇੱਕ ਹੋਰ ਮੀਲ ਪੱਥਰ ਹੈ।

# ਯਮੁਨਾ ਨਦੀ ਨੂੰ ਸਾਫ ਤੇ ਨਿਰਮਲ ਬਣਾਉਣ ਲਈ ਗਠਨ ਕੀਤੀ ਜਾਵੇਗੀ ਸੰਯੁਕਤ ਕਮੇਟੀ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਾਂ ਗੰਗਾ ਦੀ ਤਰਜ 'ਤੇ ਯਮੁਨਾ ਨਦੀ ਨੂੰ ਵੀ ਸਾਫ ਅਤੇ ਨਿਰਮਲ ਬਣਾਉਣ ਲਈ ਸੀਡਬਲਿਊਸੀ, ਹਰਿਆਣਾ ਸਰਕਾਰ ਅਤੇ ਦਿੱਲੀ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ਸੰਯੁਕਤ ਕਮੇਟੀ ਗਠਨ ਕੀਤੀ ਜਾਵੇਗੀ।ਇਹ ਕਮੇਟੀ ਯਮੁਨਾ ਨਦੀਂ ਦੀ ਸਫਾਈ ਦੇ ਨਾਲ-ਨਾਲ ਇਸ ਨਾਲ ਸਬੰਧਿਤ ਹੋਰ ਸਮਸਿਆਵਾਂ ਦੇ ਹੱਲ 'ਤੇ ਵੀ ਕੰਮ ਕਰੇਗੀ। ਮੁੱਖ ਮੰਤਰੀ ਨਵੀਂ ਦਿੱਲੀ ਦੇ ਕਿਰਤ ਸ਼ਕਤੀ ਭਵਨ ਵਿੱਚ ਕੇਂਦਰੀ ਜਲ੍ਹ ਸ਼ਕਤੀ ਮੰਤਰੀ ਸੀ ਆਰ ਪਾਟਿਲ ਦੀ ਅਗਵਾਈ ਹੇਠ 'ਇੰਟਰ ਸਟੇਟ ਕੁਆਰਡੀਨੇਸ਼ਨ ਰਿਲੇਟਿਡ ਟੂ ਯਮੁਨਾ ਵਾਟਰ ਜੇਜੁਵਿਨੇਸ਼ਨ' ਨੂੰ ਲੈ ਕੇ ਆਯੋਜਿਤ ਮੀਟਿੰਗ ਦੇ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰ ਰਹੇ ਸਨ। ਮੀਟਿੰਗ ਵਿੱਚ ਕੇਂਦਰੀ ਸ਼ਹਿਰੀ ਆਵਾਸ ਅਤੇ ਉਰਜਾ ਮੰਤਰੀ ਸ੍ਰੀ ਮਨੋਹਰ ਲਾਲ ਵੀ ਮੌਜੂਦ ਸਨ।

# ਪਿੰਡ ਸੀਰਵਾਲਾ ਦੇ ਸ੍ਰੀ ਗੁਰਦੁਆਰਾ 'ਚ ਲਾਇਆ ਕੈਂਪ

**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)** 'ਬੀਜੇਪੀ ਦੇ ਸੇਵਾਦਾਰ ਆ ਗਏ ਤੁਹਾਡੇ ਦੁਆਰ' ਪ੍ਰੋਗਰਾਮ ਪਿੰਡ ਸੀਰਵਾਲਾ ਵਿੱਚ ਵਿਖੇ ਕੈਂਪ ਲਾਇਆ ਗਿਆ। ਕੈਂਪ ਦੇ ਇੰਚਾਰਜ ਮੰਡਲ ਪ੍ਰਧਾਨ ਪੱਪੂ ਕਾਨਿਆਂ ਵਾਲੀ ਸੁਖਜਿੰਦਰ ਸੀਰ ਵਾਲਾ ਵਾਈਸ ਪ੍ਰਧਾਨ ਅਗਵਾਈ 'ਚ ਹੋਏ ਇਸ ਪ੍ਰੋਗਰਾਮ 'ਚ ਮੌਕੇ 'ਤੇ ਹੀ ਲੋਕਾਂ ਦੇ ਕੇਂਦਰ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਵੱਖ-ਵੱਖ ਸਹੂਲਤਾਂ ਦੇ ਕਾਰਡ ਬਣਾ ਕੇ ਦਿੱਤੇ ਗਏ।ਨਾਲ ਹੀ ਲੋਕਾਂ ਨੂੰ ਕੇਂਦਰ ਸਰਕਾਰ ਦੀਆਂ ਉਪਲਬਧੀਆਂ ਤੋਂ ਜਾਣੂ ਕਰਾਇਆ ਗਿਆ।ਵਿਧਾਨ ਸਭਾ ਇੰਚਾਰਜ ਰਾਜੇਸ਼ ਗੋਰਾ ਪਠੇਲਾ ਨੇ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਜਨਹਿੱਤ ਚਲਾਈਆਂ ਜਾ ਰਹੀਆਂ ਯੋਜਨਾਵਾਂ ਤੋਂ ਜਾਣੂ ਕਰਾਇਆ ਤੇ ਇਨ੍ਹਾਂ ਦਾ ਲਾਭ ਲੈਣ ਲਈ ਪ੍ਰੇਰਿਆ। ਇਸ ਮੌਕੇ ਮੰਡਲ, ਸਾਬਕਾ ਪ੍ਰਧਾਨ ਨਗਰ ਕੌਸ਼ਲ ਰਵਿੰਦਰ ਕਟਾਰੀਆ, ਆਖਿਲ ਭਾਰਤੀ, ਨੀਟਾ ਤੰਵਰ, ਸ਼ਿਵ ਨੰਦਨ ਕਟਾਰੀਆ, ਨਵੀਨ ਸੁਖਦੇਵ ਸੁੱਖਾ, ਰਜਤ ਭਾਰਤੀ, ਮਨੀਸ਼ ਧਾਮੀਜਾ, ਰਾਹੁਲ ਕਟਾਰੀਆ, ਸ਼ਮਿੰਦਰ ਸਿੰਘ ਸੇਖੋਂ, ਮੰਡਲ ਪ੍ਰਧਾਨ ਪ੍ਰਧਾਨ



ਖੱਪਿਆਂ ਵਾਲੀ, ਪਾਲਾ ਸਿੰਘ, ਚਰਨਜੀਤ ਸਿੰਘ, ਜੰਮੂ ਆਣਾ ਨਸੀਬ ਸਿੰਘ ਜੰਮੂਆਣਾ, ਪ੍ਰੀਤ ਬਾਜਾ, ਮੰਗਲ ਸਿੰਘ, ਦਵਿੰਦਰ ਸਿੰਘ, ਸੁਖਦੀਪ ਸਿੰਘ, ਜਸਪਾਲ ਸਿੰਘ ਸੈਕਟਰੀ ਸੀਰਵਾਲਾ ਸਮੇਤ ਹੋਰ ਵੱਡੀ ਗਿਣਤੀ 'ਚ ਭਾਜਪਾ ਵਰਕਰ ਮੌਜੂਦ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

21-Aug-PAGE-3.qxd 8/20/2025 10:44 PM Page 1



# ਮਾਨ ਸਰਕਾਰ ਨੇ ਸਾਢੇ ਤਿੰਨ ਸਾਲਾਂ 'ਚ 55000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ : ਸੇਖਵਾਂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਵਾਸੀਆਂ ਨੂੰ ਸਾਫ਼-ਸੁਥਰੀਆਂ, ਪਾਰਦਰਸ਼ੀ ਅਤੇ ਜਵਾਬਦੇਹ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ 504 ਨਵੇਂ ਭਰਤੀ ਪਟਵਾਰੀਆਂ ਨੂੰ 18 ਮਹੀਨਿਆਂ ਦੀ ਲਾਜ਼ਮੀ ਸਿਖਲਾਈ ਪੂਰੀ ਕਰਨ ਉਪਰੰਤ ਫ਼ੀਲਡ ਵਿੱਚ ਬਤੌਰ ਰੈਗੂਲਰ ਪਟਵਾਰੀ ਤੈਨਾਤ ਕੀਤਾ ਗਿਆ ਹੈ।ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਕਾਦੀਆਂ ਦੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਲੋਕਾਂ ਨੂੰ ਸਾਫ਼-ਸੁਥਰੀਆਂ, ਪਾਰਦਰਸ਼ੀ ਅਤੇ ਜਵਾਬਦੇਹ ਨਾਗਰਿਕ ਕੇਂਦਰਿਤ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਇਨ੍ਹਾਂ ਪਟਵਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ।ਉਨ੍ਹਾਂ ਉਮੀਦ ਜਤਾਈ ਕਿ ਨੌਜਵਾਨ ਉਮੀਦਵਾਰਾਂ ਦੀ ਭਰਤੀ ਆਉਣ ਵਾਲੇ ਦਿਨਾਂ ਵਿੱਚ ਭ੍ਰਿਸ਼ਟਾਚਾਰ-ਮੁਕਤ ਸਮਾਜ ਦੀ ਸਿਰਜਣਾ ਲਈ ਅਹਿਮ ਸਾਬਤ ਹੋਵੇਗੀ ਅਤੇ ਉਚ ਵਿੱਦਿਅਕ ਯੋਗਤਾ ਪਾਸ ਇਨ੍ਹਾਂ ਪਟਵਾਰੀਆਂ ਦੀ ਤਾਇਨਾਤੀ ਨਾਲ ਈਜ਼ੀ ਜਮ੍ਹਾਂਬੰਦੀ, ਈਜ਼ੀ ਰਜਿਸਟਰੀ ਜਿਹੇ ਸੁਧਾਰਾਂ ਨੂੰ ਹੇਠਲੇ ਪੱਧਰ ਉੱਤੇ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਹੋ ਸਕੇਗੀ।ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਇਨ੍ਹਾਂ ਨਵੇਂ ਭਰਤੀ ਪਟਵਾਰੀਆਂ ਨੂੰ ਟਰੇਨਿੰਗ ਦੌਰਾਨ ਹਿਸਾਬ ਮੁਸਾਹਤ, ਲੈਂਡ ਰਿਕਾਰਡ, ਪੈਮਾਇਸ਼, ਰਿਕਾਰਡ ਦੀ ਤਿਆਰੀ, ਇਲੈਕਸ਼ਨ, ਮੁਰੱਬੇਬੰਦੀ, ਖੇਤੀਬਾੜੀ ਅਤੇ ਕੰਪਿਊਟਰ ਵਿਸ਼ਿਆਂ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਵਿਸ਼ਿਆਂ ਵਿਚੋਂ ਇਲੈਕਸ਼ਨ ਅਤੇ ਖੇਤੀਬਾੜੀ ਸਬੰਧੀ ਵਿਸ਼ੇਸ਼ ਟਰੇਨਿੰਗ ਦਿੱਤੀ ਗਈ। ਇਲੈਕਸ਼ਨ ਵਿਸ਼ੇ ਵਿਚ ਮੁੱਖ ਤੌਰ 'ਤੇ ਵੋਟਰ ਸੂਚੀਆਂ ਤਿਆਰ ਕਰਨ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਖੇਤੀਬਾੜੀ ਵਿਸ਼ੇ ਵਿੱਚ ਹਾੜੀ ਅਤੇ ਸਾਉਣੀ ਦੀਆਂ ਫ਼ਸਲਾਂ, ਕੀੜੇ ਮਾਰ ਦਵਾਈਆਂ, ਖਾਦ ਅਤੇ ਫ਼ਸਲਾਂ ਦੇ ਬੀਜ ਸਬੰਧੀ ਪੂਰਨ ਤੌਰ 'ਤੇ ਜਾਣਕਾਰੀ ਦਿੱਤੀ ਗਈ।ਆਈਐੱਲਐੱਮਐੱਸ (ਇਨਟੈਗਰੇਟਿਡ ਲੈਂਡ ਮੈਨੇਜਮੈਂਟ ਸਿਸਟਮ) ਸਾਫ਼ਟਵੇਅਰ 'ਤੇ ਇਨ੍ਹਾਂ ਉਮੀਦਵਾਰਾਂ ਨੂੰ ਪ੍ਰੈਕਟੀਕਲ ਤੌਰ ਤੇ ਜਮ੍ਹਾਂਬੰਦੀ ਦੀ ਡਾਟਾ ਐਂਟਰੀ, ਇੰਤਕਾਲ ਦਰਜ ਕਰਨਾ, ਰੋਜ਼ਨਾਮਚਾ, ਫ਼ਰਦ ਬਦਰ ਆਦਿ ਦੀ ਸਿਖਲਾਈ ਦਿੱਤੀ ਗਈ ਹੈ।ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਢੇ ਤਿੰਨ ਸਾਲਾਂ ਦੌਰਾਨ 55000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਆਪਣਾ ਚੋਣ ਵਾਅਦਾ ਨਿਭਾਇਆ ਹੈ।ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਵਿੱਚ ਰਾਜ ਸਰਕਾਰ ਵੱਲੋਂ ਹੋਰ ਵਿਭਾਗਾਂ ਵਿੱਚ ਵੀ ਸਰਕਾਰੀ ਭਰਤੀ ਕੀਤੀ ਜਾਵੇਗੀ।



# ਪਤੰਗਬਾਜ਼ੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਚਾਈਨਾ ਡੋਰ 'ਤੇ ਸ਼ਿਕੰਜਾ ਕੱਸਣ ਦੀ ਲੋੜ

**ਗੁਰਦਾਸਪੁਰ, (ਜਨਕ ਮਹਾਜਨ)**-

ਪਤੰਗਾਂ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੋਕ ਚਾਈਨਾ ਡੋਰ ਦੀ ਲਪੇਟ ਵਿਚ ਆਉਣ ਲੱਗ ਪਏ ਹਨ ਅਜਿਹਾ ਹੀ ਇਕ ਮਾਮਲਾ ਅੱਜ ਸਵੇਰੇ ਹਨੂੰਮਾਨ ਚੌਕ ਤੋਂ ਤਿੱਬੜੀ ਰੋਡ ਜਾਂਦੀ ਇਕ ਐਕਟਿਵਾ ਸਵਾਰ ਔਰਤ ਦੀ ਸਕੂਟਰੀ ਵਿਚ ਚਾਈਨਾ ਡੋਰ ਫਸਣ ਕਾਰਨ ਔਰਤ ਨੇ ਬੜੀ ਹੁਸ਼ਿਆਰੀ ਨਾਲ ਸਕੂਟਰੀ ਰੋਕ ਲਈ। ਇਸ ਦੌਰਾਨ ਵੇਖਦੇ ਹੀ ਵੇਖਦੇ ਨੇੜਲੇ ਦੁਕਾਨਦਾਰਾਂ ਨੇ ਦੌੜ ਕੇ ਆ ਕੇ ਉਕਤ ਸਕੂਟਰੀ ਤੋਂ ਚਾਈਨਾ ਡੋਰ ਹਟਾ ਕੇ ਉਸ ਔਰਤ ਦੀ ਜਾਨ ਬਚਾਈ। ਅੰਗਰੇਜ਼ੀ ਦੀ ਕਹਾਵਤ ਹੈ ਕਿ 'ਨਿਪ ਦੀ ਈਵਲ ਇਨ ਦਿ ਬੱਡ' ਮਤਲਬ ਬੁਰਾਈ ਨੂੰ ਸ਼ੁਰੂ ਤੋਂ ਹੀ ਦਬਾ ਦੇਣਾ ਚਾਹੀਦਾ ਹੈ। ਮੌਸਮ ਕਰਵਟ ਲੈਣ ਨਾਲ ਪਤੰਗਬਾਜ਼ੀ ਜਲਦੀ ਸ਼ੁਰੂ ਹੋਣ ਦੇ ਚਾਂਸ ਹਨ, ਇਸ ਲਈ ਦੁਕਾਨਦਾਰ ਵੀ ਇਸ ਕਾਰੋਬਾਰ ਨੂੰ ਬੜਾਵਾ ਦੇਣ ਲਈ ਪਤੰਗ ਅਤੇ ਡੋਰ ਆਦਿ ਦੀ ਜਮਾਂ ਖੋਰੀ ਸ਼ੁਰੂ ਕਰ ਦੇਣਗੇ। ਇਸ ਸਭ ਨੂੰ ਦੇਖਦੇ ਹੋਏ ਸਿਵਲ ਅਤੇ ਪੁਲਸ ਪ੍ਰਸ਼ਾਸਨ ਨੂੰ ਸ਼ਹਿਰੀ ਅਤੇ ਦਿਹਾਤੀ ਖੇਤਰ ਵਿੱਚ ਪਤੰਗਬਾਜ਼ੀ ਦਾ ਕੰਮ ਕਰਨ ਵਾਲੇ ਦੁਕਾਨਦਾਰਾਂ 'ਤੇ ਨਜ਼ਰ ਰੱਖਣੀ ਚਾਹੀਦੀ ਹੈ ਤਾਂ ਜੋ ਉਹ ਚਾਈਨਾ ਡੋਰ ਆਦਿ ਨਾ ਸਟੋਰ ਕਰ ਸਕਣ ਅਤੇ ਨਾ ਵੇਚਣ। ਚਾਈਨਾ ਡੋਰ ਵੇਚਣ ਵਾਲਿਆਂ ਨੂੰ ਸਮਾਂ ਰਹਿੰਦੇ ਤਾੜਨਾ ਕਰਨੀ ਚਾਹੀਦੀ ਹੈ ਤਾਂ ਜੋ ਚਾਈਨਾ ਡੋਰ ਦੀ ਜਮ੍ਹਾਂਖੋਰੀ ਬੰਦ ਹੋ ਸਕੇ ਅਤੇ ਲੋਕ ਇਸ ਦੀ ਖਰੀਦਦਾਰੀ ਨਾ ਕਰ ਸਕਣ। ਲੋਕਾਂ ਨੇ ਦੱਸਿਆ ਕਿ ਚਾਈਨਾ ਡੋਰ ਦੀ ਲਪੇਟ 'ਚ ਜਿਥੇ ਆਮ ਲੋਕ, ਜਾਨਵਰ ਅਤੇ ਪੰਛੀ ਇਸ ਦੀ ਲਪੇਟ ਵਿਚ ਆਉਣ ਕਾਰਨ ਦਮ ਤੋੜ ਦਿੰਦੇ ਹਨ। ਲੋਕਾਂ ਨੇ ਚਾਈਨਾ ਡੋਰ ਨੂੰ ਨੱਥ ਪਾਉਣ ਲਈ ਪ੍ਰਸ਼ਾਸਨ ਪਾਸੋਂ ਸਖ਼ਤੀ ਨਾਲ ਕਾਰਵਾਈ ਦੀ ਮੰਗ ਕੀਤੀ ਹੈ।



# ਪਿੰਡ ਸ਼ਹੀਦ ਵਿਖੇ ਕਿਸਾਨ ਜਾਗਰੂਕਤਾ ਕੈਂਪ ਲੱਗਾ

**ਪੱਟੀ (ਬਲਦੇਵ ਸਿੰਘ ਸੰਧੂ)**

ਡਿਪਟੀ ਕਮਿਸ਼ਨਰ ਰਾਹੁਲ ਅਤੇ ਜ਼ਿਲ੍ਹਾ ਸਿਖਲਾਈ ਅਫਸਰ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਪਿੰਡ ਸ਼ਹੀਦ ਵਿਖੇ ਸਰਕਲ ਇੰਚਾਰਜ ਰਜਿੰਦਰ ਕੁਮਾਰ ਕੁਮਾਰ ਏਈਓ ਅਤੇ ਗੁਰਪ੍ਰੀਤ ਸਿੰਘ ਬੀਟੀਐਮ ਨੇ ਜਾਗਰੂਕਤਾ ਕੈਂਪ ਲਗਾਇਆ।ਇਸ ਮੌਕੇ ਮਾਹਿਰਾਂ ਨੇ ਕਿਹਾ ਕਿ ਧਰਤੀ ਦੀ ਬਨਾਵਟ ਅਤੇ ਇਸ ਵਿੱਚ ਪਾਈ ਜਾਣ ਵਾਲੀ ਜੈਵਿਕ ਸੰਪਤੀ ਦੇ ਮਹੱਤਵ ਬਾਰੇ ਜਾਣਕਾਰੀ ਨਾ ਹੋਣਾ ਸਾਡੀ ਇੱਕ ਬਹੁਤ ਵੱਡੀ ਕਮਜ਼ੋਰੀ ਹੈ।ਇਹ ਇੱਕ ਪ੍ਰਮਾਣਿਕ ਸੱਚ ਹੈ ਕਿ ਧਰਤੀ ਕੇਵਲ ਮਿੱਟੀ ਨਹੀਂ ਇਹ ਆਪਣੀ ਤਰ੍ਹਾਂ ਹੀ ਸੰਜੀਵ ਜਿਊਂਦੀ ਜਾਗਦੀ ਹੈ ਅਤੇ ਇਸ ਵਿੱਚ ਪਾਇਆ ਜਾਣ ਵਾਲਾ ਜੈਵਿਕ ਧਨ ਭਾਵ ਕਿ ਕਾਰਬਨਿਕ ਮਾਦਾ ਅਤੇ ਬਹੁਤ ਸਾਰੇ ਵੱਖ-ਵੱਖ ਤਰ੍ਹਾਂ ਦੇ ਸੂਖਮ ਜੀਵਾਣੂ ਇਸ ਦੀ ਜ਼ਿੰਦਗੀ ਦਾ ਆਧਾਰ ਹਨ।ਜਿਵੇਂ ਜਿਵੇਂ ਮਿੱਟੀ ਵਿੱਚ ਜੈਵਿਕ ਮਾਦਾ ਅਤੇ ਸੂਖਮ ਜੀਵਾਂ ਦੀ ਗਿਣਤੀ ਘਟਦੀ ਜਾਂਦੀ ਹੈ ਤਿਵੇਂ ਤਿਵੇਂ ਮਿੱਟੀ ਕਮਜ਼ੋਰ ਹੋ ਜਾਂਦੀ ਹੈ।ਨਤੀਜਨ ਧਰਤੀ ਦੀ ਉਪਜਾਊ ਸ਼ਕਤੀ ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ ਅਤੇ ਇਹ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ।ਜ਼ਮੀਨ ਨੂੰ ਹਮੇਸ਼ਾ ਲਈ ਉਪਜਾਊ ਬਣਾਏ ਰੱਖਣ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਉੱਦਮ ਕਰਨ ਜਿਸ ਦੇ ਵਿੱਚ ਭੂਮੀ ਦੇ ਜੈਵਿਕ ਮਾਦੇ ਦਾ ਨਿਰੰਤਰ ਨਿਰਮਾਣ ਕਰਨਾ ਜਾਂ ਇਸ ਕੰਮ ਨੂੰ ਕਰਨ ਲਈ ਅਨੁਕੂਲ ਹਾਲਾਤ ਮੁਹੱਈਆ ਹੋ ਸਕਣ।ਇਸ ਉਦੇਸ਼ ਲਈ ਸਭ ਤੋਂ ਪਹਿਲਾਂ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣਾ ਬੰਦ ਕਰਨਾ ਜ਼ਰੂਰੀ ਹੈ।ਫਸਲ ਲੈਣ ਤੋਂ ਬਾਅਦ ਫਸਲਾਂ ਦੀ ਰਹਿੰਦ ਖੂੰਹਦ ਨੂੰ ਵਾਪਸ ਧਰਤੀ ਵਿੱਚ ਮਿਲਾ ਕੇ ਅਤੇ ਨਾਲ ਹੀ ਸਮੇਂ ਸਮੇਂ ਤੇ ਹਰੀ ਖਾਦ ਨੂੰ ਖੇਤ ਵਿੱਚ ਮਿਲਾ ਕੇ ਜੈਵਿਕ ਮਾਦੇ ਦਾ ਲਗਾਤਾਰ ਨਿਰਮਾਣ ਸੰਭਵ ਹੈ।ਇਸ ਮੌਕੇ ਜਾਣਕਾਰੀ ਦਿੱਤੀ ਗਈ ਕਿ ਸਬਸਿਡੀ ਤਹਿਤ ਪਰਾਲੀ ਪ੍ਰਬੰਧਨ ਮਸ਼ੀਨਰੀ ਦੀ ਫਿਜੀਕਲ ਵੈਰੀਫਿਕੇਸ਼ਨ 22 ਅਗਸਤ ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਦਾਣਾ ਮੰਡੀ ਨੇੜੇ ਬਲਾਕ ਖੇਤੀਬਾੜੀ ਦਫਤਰ ਪੱਟੀ ਕੀਤੀ ਜਾਵੇਗੀ ।ਇਸ ਦੌਰਾਨ ਕਿਸਾਨਾਂ ਨੂੰ ਪੀਐਮ ਕਿਸਾਨ ਸਨਮਾਨ ਨਿਧੀ ਯੋਜਨਾ ਸਬੰਧੀ ਆ ਰਹੀ ਮੁਸ਼ਕਲਾਂ ਦਾ ਹੱਲ ਕੀਤਾ ਗਿਆ।ਇਸ ਮੌਕੇ ਸਰਪੰਚ ਮਨਦੀਪ ਸਿੰਘ, ਨਵਦੀਪ ਸਿੰਘ ਘਰਿਆਲਾ, ਰਜਿੰਦਰ ਸਿੰਘ, ਦਵਿੰਦਰ ਸਿੰਘ ਧਰਮ ਸਿੰਘ ਮੈਂਬਰ ਪੰਚਾਇਤ, ਬਲਰਾਜ ਸਿੰਘ ਖੇਤੀ ਉਪ ਨਿਰੀਖਕ, ਦਿਲਬਾਗ ਸਿੰਘ ਫੀਲਡ ਵਰਕਰ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ ਗਈ।



# ਸਾਲਾਨਾ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ 29 ਨੂੰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੀ ਜ਼ਰੂਰੀ ਇਕੱਤਰਤਾ ਸਾਹਿਤ ਕੇਂਦਰ ਦੇ ਪ੍ਰਧਾਨ ਡਾ. ਲੇਖ ਰਾਜ ਦੀ ਰਹਿਨੁਮਾਈ ਹੇਠ ਹੋਈ। ਮੀਟਿੰਗ ਦੌਰਾਨ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਵੱਲੋਂ ਸਲਾਨਾ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਕਰਵਾਉਣ ਬਾਰੇ ਨਿੱਠ ਕੇ ਵਿਚਾਰ ਚਰਚਾ ਕੀਤੀ ਗਈ। ਹਾਜ਼ਰ ਮੈਂਬਰਾਂ ਨੇ ਸਾਹਿਤ ਦੀ ਸੂਖਮ ਵਿਧਾ 'ਕਵਿਤਾ' ਨੂੰ ਪ੍ਰਗਤੀਵਾਦੀ ਤੇ ਲੋਕ ਪੱਖੀ ਨਜ਼ਰੀਏ ਅਨੁਸਾਰ ਲਿਖਣ/ਬੋਲਣ/ ਗਾਉਣ ਅਤੇ ਉਸ ਨੂੰ ਆਮ ਲੋਕਾਂ ਤੱਕ,ਖਾਸ ਕਰਕੇ ਨੌਜਵਾਨ ਪੀੜ੍ਹੀ ਤੱਕ ਲਿਜਾਣ ਦਾ ਹਰ ਉਪਰਾਲਾ ਕਰਨ ਲਈ ਆਪਣੀ ਵਚਨਬੱਧਤਾ ਪ੍ਰਗਟਾਈ। ਯਤਨਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਜ਼ਿਲ੍ਹਾ ਸਾਹਿਤ ਕੇਂਦਰ ਦੀ ਮੀਤ ਪ੍ਰਧਾਨ ਅਤੇ ਹਿੰਦੂ ਕੰਨਿਆ ਮਹਾਂ ਵਿਦਿਆਲਿਆ ਕਾਲਜ ਧਾਰੀਵਾਲ ਦੀ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨਾਗਰਾ ਵੱਲੋਂ ਇਸ ਵਾਰ ਦੇ ਕਵੀ ਦਰਬਾਰ ਦੀ ਮੇਜ਼ਬਾਨੀ ਕਰਨ ਦੀ ਇੱਛਾ ਪ੍ਰਗਟਾਈ ਗਈ, ਜਿਸ ਨੂੰ ਸਰਬਸੰਮਤੀ ਨਾਲ ਸਵੀਕਾਰ ਕਰਦਿਆਂ 29 ਅਗਸਤ ਦਿਨ ਸ਼ੁੱਕਰਵਾਰ ਨੂੰ ਹਿੰਦੂ ਕੰਨਿਆਂ ਮਹਾਂਵਿਦਿਆਲਿਆ ਕਾਲਜ ਧਾਰੀਵਾਲ ਵਿਖੇ ਸਲਾਨਾ ਕਵੀ ਦਰਬਾਰ ਆਯੋਜਿਤ ਕਰਨ ਦਾ ਫੈਸਲਾ ਲਿਆ। ਜ਼ਿਲ੍ਹੇ ਦੇ ਸੁਹਿਰਦ ਕਵੀਆਂ ਨੂੰ ਆਪਣੀ ਕਲਾ ਦਾ ਮੁਜ਼ਾਹਰਾ ਕਰਨ ਲਈ ਸਵੇਰੇ 10 ਵਜੇ ਨਿਸ਼ਚਿਤ ਸਥਾਨ 'ਤੇ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਗਈ। ਮਿਲ ਬੈਠ ਕੇ ਕੀਤੀ ਗਹਿਰੀ ਵਿਚਾਰ ਚਰਚਾ ਉਪਰੰਤ ਇਸ ਵਾਰੀ ਹਰਭਜਨ ਸਿੰਘ ਹੁੰਦਲ ਯਾਦਗਾਰੀ ਸਨਮਾਨ ਲੋਕ-ਪੱਖੀ ਗਾਇਕੀ ਤੇ ਲੋਕ-ਹਿੱਤੂ ਗੀਤਕਾਰੀ ਵਿੱਚ ਵਿਸ਼ੇਸ਼ ਨਾਮਣਾ ਖੱਟਣ ਵਾਲੀ ਪ੍ਰੌੜ ਸ਼ਖਸੀਅਤ ਰਿਟਾਇਰ ਹੈੱਡਮਾਸਟਰ ਸਵਿੰਦਰ ਸਿੰਘ ਭਾਗੋਵਾਲੀਆ ਨੂੰ ਦੇਣ ਦਾ ਫੈਸਲਾ ਕੀਤਾ ਗਿਆ। ਕਵੀ ਦਰਬਾਰ ਨੂੰ ਯਾਦਗਾਰੀ ਬਣਾਉਣ ਲਈ ਸਾਰੇ ਸੁਹਿਰਦ ਸਾਥੀਆਂ ਨੂੰ ਆਪਣਾ ਬਹੁਮੁੱਲਾ ਯੋਗਦਾਨ ਪਾਉਣ ਦੀ ਪੁਰਜ਼ੋਰ ਅਪੀਲ ਕੀਤੀ ਗਈ। ਇਕੱਤਰਤਾ ਵਿੱਚ ਡਾ. ਲੇਖ ਰਾਜ , ਮੰਗਤ ਚੰਚਲ, ਸੀਤਲ ਸਿੰਘ ਗੁੰਨੋਪੁਰੀ, ਡਾ. ਰਜਵਿੰਦਰ ਕੌਰ ਨਾਗਰਾ, ਗੁਰਮੀਤ ਸਿੰਘ ਬਾਜਵਾ, ਕਪੂਰ ਸਿੰਘ ਘੁੰਮਣ, ਠਾਕਰ ਧਿਆਨ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।

# ਲਵ ਹੇਅਰ ਸੈਲੂਨ 'ਚ ਚੋਰੀ, ਪੰਜਾਹ ਹਜ਼ਾਰ ਦਾ ਸਾਮਾਨ ਚੋਰੀ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-

ਬੀਤੀ ਰਾਤ ਚੇਤਨਪੁਰਾ ਵਿਖੇ ਸਥਿਤ ਲੱਵ ਹੇਅਰ ਸਲੂਨ ਦੀ ਚੋਰਾਂ ਵੱਲੋਂ ਕੰਧ ਪਾੜ ਕੇ ਨਕਦੀ ਅਤੇ ਜ਼ਰੂਰੀ ਸਾਮਾਨ ਚੋਰੀ ਕਰ ਲਿਆ ਗਿਆ। ਸਲੂਨ ਦੇ ਮਾਲਕ ਲਵਪ੍ਰੀਤ ਸਿੰਘ ਪਿੰਡ ਮਾਛੀ ਨੰਗਲ ਨੇ ਇਸ ਸਬੰਧੀ ਗੱਲ ਕਰਦਿਆਂ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਰਾਤ 7 ਵਜੇ ਆਪਣੀ ਦੁਕਾਨ ਕਰ ਬੰਦ ਕਰਕੇ ਗਏ ਸਨ। ਉਨਾਂ ਦੱਸਿਆ ਕਿ ਦੁਕਾਨ ਵਿੱਚ ਚੋਰੀ ਹੋਣ ਦੀ ਸੂਚਨਾ ਉਨਾਂ ਨੂੰ ਅੱਜ ਸਵੇਰੇ 7 ਵਜੇ ਉਨ੍ਹਾਂ ਦੇ ਨਜ਼ਦੀਕੀ ਦੁਕਾਨਦਾਰਾਂ ਵੱਲੋਂ ਦਿੱਤੀ ਗਈ। ਸੁਣਦਿਆਂ ਸਾਰ ਉਹ ਆਪਣੀ ਦੁਕਾਨ ਤੇ ਆਇਆ ਅਤੇ ਦੇਖਿਆ ਕਿ ਦੁਕਾਨ ਦੇ ਸ਼ਟਰ ਦੇ ਨਜ਼ਦੀਕ ਕੰਧ ਵਿੱਚ ਮਘੋਰਾ ਕੀਤਾ ਹੋਇਆ ਹੈ। ਉਸਨੇ ਅੰਦਰ ਜਾ ਕੇ ਵੇਖਿਆ ਤਾਂ ਦੁਕਾਨ ਵਿੱਚੋਂ ਤਕਰੀਬਨ 50 ਹਜ਼ਾਰ ਰੁਪਏ ਦਾ ਸਮਾਨ ਚੋਰੀ ਹੋਇਆ ਪਿਆ ਸੀ। ਚੋਰਾਂ ਵੱਲੋਂ ਚੋਰੀ ਕੀਤੇ ਗਏ ਸਾਮਾਨ ਵਿੱਚ 11 ਹਜ਼ਾਰ ਰੁਪਏ ਦੀ ਨਕਦੀ, ਇਨਵਰਟਰ, ਬੈਟਰਾ, ਸਾਊਂਡ ਸਿਸਟਮ ਅਤੇ ਜ਼ਰੂਰੀ ਔਜ਼ਾਰ ਸ਼ਾਮਿਲ ਹਨ।ਇਸ ਘਟਨਾ ਦੀ ਸੂਚਨਾ ਥਾਣਾ ਝੰਡੇਰ ਦੀ ਪੁਲਸ ਨੂੰ ਦੇ ਦਿੱਤੀ ਗਈ ਹੈ। ਪੁਲਸ ਵੱਲੋਂ ਮੌਕਾ ਵੇਖ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਗਈ ਹੈ। ਥਾਣਾ ਝੰਡੇਰ ਦੇ ਮੁੱਖ ਅਫਸਰ ਕਮਲਦੀਪ ਕੌਰ ਨਾਲ ਫੋਨ ਤੇ ਇਸ ਸਬੰਧੀ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਵੱਲੋਂ ਮੈਸੇਜ ਤੇ ਦੱਸਿਆ ਗਿਆ ਕਿ ਉਹ ਕੋਰਟ ਵਿੱਚ ਹਨ, ਜਿਸ ਕਾਰਨ ਉਨ੍ਹਾਂ ਨਾਲ ਗੱਲ ਨਹੀਂ ਹੋ ਸਕੀ।

# ਸਫਾਈ ਤੇ ਡੂੰਘਾਈ ਪੱਖੋਂ ਪਿੰਡ ਮਛਰਾਲਾ ਨਜ਼ਦੀਕ ਵਗਦੇ ਨਾਲੇ ਦੀ ਹਾਲਤ ਖਸਤਾ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ-ਬਹਿਰਾਮਪੁਰ ਸੜਕ ਵਿਚਕਾਰ ਪੈਂਦੇ ਪਿੰਡ ਮਛਰਾਲਾ ਨੇੜੇ ਸੜਕ ਵਿਚਕਾਰ ਵਗਦੇ ਸੇਮ ਨਾਲੇ ਦੀ ਸਫਾਈ ਦੇ ਡੂੰਘਾਈ ਨਾ ਹੋਣ ਕਾਰਨ ਇਸ ਵਿੱਚ ਲੰਬੀ-ਲੰਬੀ ਘਾਹ ਬੂਟੀ ਉੱਗੀ ਪਈ ਹੈ ਜਿਸ ਕਾਰਨ ਵਰਖਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਨਹੀਂ ਹੁੰਦਾ। ਲੋਕਾਂ ਨੇ ਦੱਸਿਆ ਕਿ ਇਸ ਨਾਲੇ ਦੀ ਰੇਲਿੰਗ ਵੀ ਟੁੱਟੀ ਹੋਣ ਕਾਰਨ ਰਾਤ ਵੇਲੇ ਅਕਸਰ ਦੋ ਪਹੀਆ ਵਾਹਨ ਇਸ ਨਾਲ ਟਕਰਾ ਕੇ ਪਲਟ ਜਾਂਦੇ ਹਨ ਅਤੇ ਸੱਟਾਂ ਆਦਿ ਲਗਵਾ ਬੈਠਦੇ ਹਨ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਸ ਸੜਕ 'ਤੇ ਦਿਨ-ਰਾਤ ਆਵਾਜਾਈ ਲੱਗੀ ਰਹਿੰਦੀ ਹੈ ਜਿਸ ਕਾਰਨ ਰਾਤ ਦੇ ਹਨੇਰੇ ਵਿਚ ਰੇਲਿੰਗ ਟੁੱਟੀ ਹੋਣ ਕਾਰਨ ਕੋਈ ਵੀ ਦੁਰਘਟਨਾ ਹੋਣ ਦਾ ਹਰ ਵੇਲੇ ਡਰ ਬਣਿਆ ਰਹਿੰਦਾ ਹੈ। ਲੋਕਾਂ ਦੀ ਮੰਗ ਹੈ ਕਿ ਨਾਲੇ ਦੀ ਸਫਾਈ ਅਤੇ ਡੂੰਘਾਈ ਕਰਵਾਈ ਜਾਵੇ ਜਿਸ ਨਾਲ ਵਰਖਾ ਦੇ ਦਿਨਾਂ ਵਿਚ ਨਾਲੇ ਵਿਚੋਂ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਹੋ ਸਕੇ ਅਤੇ ਨਾਲੇ ਕੰਢੇ ਪੈਂਦੀ ਕਿਸਾਨਾਂ ਦੀ ਜ਼ਮੀਨ ਵਿਚ ਉੱਗੀ ਫ਼ਸਲ ਦਾ ਨੁਕਸਾਨ ਹੋਣ ਤੋਂ ਬਚਾਅ ਹੋ ਸਕੇ। ਇਸ ਦੇ ਨਾਲ-ਨਾਲ ਪੁਲੀ ਦੀ ਰੇਲਿੰਗ ਦੀ ਮੁਰੰਮਤ ਵੀ ਕਰਵਾਈ ਜਾਵੇ ਤਾਂ ਜੋ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

# ਸੂਬਾ ਸਰਕਾਰ ਲੋਕਾਂ ਦੇ ਸਹਿਯੋਗ ਨਾਲ ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ 'ਚ ਜ਼ਰੂਰ ਫ਼ਤਿਹ ਹਾਸਲ ਕਰੇਗੀ : ਰੰਧਾਵਾ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**

ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਵੱਲੋਂ ਬੀਤੀ ਸ਼ਾਮ ਹਲਕੇ ਦੇ ਪਿੰਡ ਰਾਏਮੱਲ ਤੇ ਸੰਗਤੂਵਾਲ ਵਿਖੇ ਜਨਤਕ ਸਭਾਵਾਂ ਕਰਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ। ਉਨ੍ਹਾਂ ਸਰਹੱਦੀ ਇਲਾਕੇ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਵਿਰੁੱਧ ਇੱਕਜੁੱਟ ਹੋ ਜਾਣ ਤਾਂ ਜੋ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ।ਪੰਜਾਬ ਵਿੱਚ ਨਸ਼ੇ ਦੇ ਪਸਾਰੇ ਲਈ ਕਾਂਗਰਸ ਤੇ ਅਕਾਲੀ ਭਾਜਪਾ ਸਰਕਾਰਾਂ ਨੂੰ ਕਟਹਿਰੇ 'ਚ ਖੜ੍ਹਾ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਇਨ੍ਹਾਂ ਸਰਕਾਰਾਂ ਦੇ ਆਗੂਆਂ ਤੇ ਕਾਰਕੁਨਾਂ ਵੱਲੋਂ ਸੌਖੇ ਢੰਗ ਨਾਲ ਪੈਸੇ ਦੀ ਕਮਾਈ ਲਈ ਨਸ਼ਾ ਤਸਕਰਾਂ ਨੂੰ ਸਰਪ੍ਰਸਤੀ ਦਿੱਤੀ ਜਾਂਦੀ ਰਹੀ ਹੈ, ਜਦੋਂਕਿ ਮੁੱਖ ਮੰਤਰੀ ਸ: ਮਾਨ ਵੱਲੋਂ ਨਸ਼ਿਆਂ ਦਾ ਖ਼ਾਤਮਾ ਕਰਨ ਲਈ ਪੁਲੀਸ ਨੂੰ ਖੁੱਲ੍ਹੀ ਛੋਟ ਦਿੱਤੀ ਗਈ ਹੈ। ਉਨ੍ਹਾਂ ਨਸ਼ਾ ਤਸਕਰਾਂ ਨੂੰ ਸਖ਼ਤ ਸ਼ਬਦਾਂ ਵਿਚ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਨਸ਼ੇ ਤੋਂ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹ ਦਿੱਤਾ ਜਾਵੇਗਾ। ਵਿਧਾਇਕ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸੂਬੇ ਦੇ ਹਰੇਕ ਪਿੰਡ ਵਿੱਚ ਨਸ਼ੇ ਵਿਰੁੱਧ ਵਾਰਡ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਲੋਕਾਂ ਤੋਂ ਸਹਿਯੋਗ ਮੰਗਦਿਆਂ ਕਿਹਾ ਕਿ ਉਹ ਇਨ੍ਹਾਂ ਵਾਰਡ ਕਮੇਟੀਆਂ ਦੇ ਮੈਂਬਰ ਬਣਨ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ। ਉਨ੍ਹਾਂ ਸਪਸ਼ਟ ਕੀਤਾ ਕਿ ਸਰਕਾਰ ਵੱਲੋਂ ਕਿਸੇ ਕਿਸਮ ਦੀ ਸਿਆਸੀ ਦਖ਼ਲ ਅੰਦਾਜ਼ੀ ਨਾ ਪਹਿਲੋਂ ਕੀਤੀ ਜਾ ਰਹੀ ਸੀ, ਨਾ ਹੁਣ ਕੀਤੀ ਜਾ ਰਹੀ ਹੈ, ਸਗੋਂ ਨਸ਼ਾ ਤਸਕਰਾਂ ਪ੍ਰਤੀ ਢਿੱਲ ਵਰਤਣ ਵਾਲੇ ਪੁਲਸ ਅਫ਼ਸਰਾਂ ਤੇ ਮੁਲਾਜ਼ਮਾਂ ਵਿਰੁੱਧ ਵੀ ਵਿਭਾਗੀ ਕਾਰਵਾਈ ਕਰਨ ਤੋਂ ਸੰਕੋਚ ਨਹੀਂ ਕੀਤਾ ਜਾ ਰਿਹਾ। ਸ. ਗੁਰਦੀਪ ਸਿੰਘ ਰੰਧਾਵਾ ਨੇ ਮੌਕੇ ਤੇ ਮੌਜੂਦ ਅਧਿਕਾਰੀਆਂ ਸਣੇ ਪੰਚਾਇਤਾਂ, ਨੰਬਰਦਾਰਾਂ, ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਇਲਾਕੇ ਦੇ ਲੋਕਾਂ ਨੂੰ ਸਮੂਹਿਕ ਤੌਰ ਤੇ ਨਸ਼ਿਆਂ ਵਿਰੁੱਧ ਹਲਫ਼ ਦਿਵਾਉਂਦਿਆਂ ਦਾਅਵਾ ਕੀਤਾ ਕਿ ਸੂਬਾ ਸਰਕਾਰ ਤੁਹਾਡੇ ਸਹਿਯੋਗ ਨਾਲ ਇਸ ਯੁੱਧ ਵਿੱਚ ਵੀ ਫ਼ਤਿਹ ਹਾਸਲ ਕਰਨ ਜਾ ਰਹੀ ਹੈ।

# ਐੱਚ ਡੀ ਐੱਫ ਸੀ ਬੈਂਕ ਨੇ ਭਾਰਤਜੀਪੀਟੀ ਕ੍ਰੀਏਟਰ ਕੋਰੋਵਰ 'ਚ ਕੀਤਾ ਨਿਵੇਸ਼

**ਜਲੰਧਰ** : ਭਾਰਤ ਦੇ ਪ੍ਰਮੁੱਖ ਨਿੱਜੀ ਖੇਤਰ ਦੇ ਬੈਂਕ ਐਚ.ਡੀ.ਐੱਫ.ਸੀ. ਬੈਂਕ ਨੇ, ਇੱਕ ਪ੍ਰਮੁੱਖ ਗੱਲਬਾਤ ਕਰਨ ਵਾਲੀ ਏ.ਆਈ. ਕੰਪਨੀ, ਕੋਰੋਵਰ ਵਿੱਚ ਨਿਵੇਸ਼ ਦਾ ਐਲਾਨ ਕੀਤਾ ਹੈ। ਕੋਰੋਵਰ ਇੱਕ ਮੋਹਰੀ, ਸੰਪ੍ਰਭੂ ਅਤੇ ਉੱਦਮ-ਪੱਧਰੀ ਵੱਡੀ ਭਾਸ਼ਾ ਮਾਡਲ (ਐਲਐਮਐਲ) ਹੈ ਜਿਸਨੇ ਭਾਰਤਜੀਪੀਟੀ ਬਣਾਇਆ ਹੈ। ਐੱਚ.ਡੀ.ਐੱਫ.ਸੀ. ਬੈਂਕ ਦੇ ਸਮੂਹ ਮੁਖੀ ਖਜ਼ਾਨਾ, ਅਰੂਪ ਰਕਸ਼ਿਤ ਨੇ ਕਿਹਾ, ਭਾਰਤਜੀਪੀਟੀ ਦੇ ਵਿਕਾਸ, ਜੋ ਭਾਰਤ ਵਰਗੇ ਵਿਭਿੰਨ ਦੇਸ਼ ਵਿੱਚ ਕਈ ਭਾਰਤੀ ਭਾਸ਼ਾਵਾਂ ਵਿੱਚ ਜਾਣਕਾਰੀ ਦੇ ਆਦਾਨ-ਪ੍ਰਦਾਨ ਨੂੰ ਸਮਰੱਥ ਬਣਾਉਂਦਾ ਹੈ, ਨੇ ਕੋਰੋਵਰ ਨੂੰ ਸਾਡੇ ਲਈ ਵਿਲੱਖਣ ਬਣਾਇਆ ਹੈ। ਸਾਨੂੰ ਕੋਰੋਵਰ ਰਾਹੀਂ ਇੰਡੀਆਏਆਈ ਸਟਾਰਟਅੱਪਸ ਗਲੋਬਲ ਐਕਸਲੇਟਰ ਪ੍ਰੋਗਰਾਮ ਵਿੱਚ ਇੱਕ ਅਰਥਪੂਰਨ ਭੂਮਿਕਾ ਨਿਭਾਉਣ ਦਾ ਸਨਮਾਨ ਪ੍ਰਾਪਤ ਹੈ।ਕੋਰੋਵਰ ਦੇ ਸੰਸਥਾਪਕ ਅਤੇ ਸੀਈਓ ਅੰਕੁਸ਼ ਸੱਭਰਵਾਲ ਨੇ ਕਿਹਾ, ਸਾਨੂੰ ਐੱਚ.ਡੀ.ਐੱਫ.ਸੀ. ਬੈਂਕ ਅਤੇ ਹੋਰ ਨਿਵੇਸ਼ਕਾਂ ਦਾ ਵਿਸ਼ਵਾਸ ਅਤੇ ਸਮਰਥਨ ਪ੍ਰਾਪਤ ਕਰਨ ਤੇ ਮਾਣ ਹੈ ਕਿਉਂਕਿ ਅਸੀਂ ਭਾਰਤਜੀਪੀਟੀ ਦੀ ਪਹੁੰਚ ਅਤੇ ਪ੍ਰਭਾਵ ਨੂੰ ਵਧਾਉਂਦੇ ਹਾਂ।

# ਜ਼ਿਲ੍ਹਾ ਪੱਧਰੀ ਕਲਾ ਉਤਸਵ ਤੇ ਸੰਗੀਤ ਵਾਦਨ 'ਚ ਜੇਤੂ ਰਹੇ ਵਿਦਿਆਰਥੀ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਰੇਕ ਜ਼ਿਲ੍ਹੇ ਵਿੱਚ ਕਲਾ ਉਤਸਵ, 2025 ਤਹਿਤ ਬਹੁਤ ਸਾਰੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਕਈ ਵੰਨਗੀਆਂ ਦੇ ਮੁਕਾਬਲੇ ਸਨ, ਜੋ ਵਿਦਿਆਰਥੀਆਂ ਦੀ ਸੁਹਜ ਕਲਾ ਨੂੰ ਨਿਖਾਰਨ ਲਈ, ਸੰਗੀਤ ਦੇ ਗਾਇਨ, ਵਾਦਨ ਅਤੇ ਨਾਚ ਆਦਿਕ ਕਲਾਵਾਂ ਦੀ ਪੇਸ਼ਕਾਰੀ ਅਤੇ ਰੰਗ ਮੰਚ ਦੀ ਨਾਟਕ ਵਿਧਾ ਨਾਲ ਵੀ ਸੰਬੰਧਿਤ ਸਨ।ਜ਼ਿਲ੍ਹਾ ਤਰਨ ਤਾਰਨ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਡੋਰੀ ਗੋਲਾ ਵਿਖੇ ਕਰਵਾਏ ਗਏ, ਜਿਸ ਵਿੱਚ ਜ਼ਿਲ੍ਹੇ ਦੇ ਹਰੇਕ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਨ੍ਹਾਂ ਮੁਕਾਬਲਿਆਂ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਸੰਗੀਤ ਵਾਦਨ ਗਰੁੱਪ ਦੇ ਔਰਕੈਸਟਰ (ਲੋਕ-ਸਾਜ਼ ਵਾਦਨ) ਵੰਨਗੀ ਵਿੱਚ ਭਾਗ ਲਿਆ ਅਤੇ ਬੜੇ ਜ਼ਬਰਦਸਤ ਮੁਕਾਬਲੇ ਦੇ ਬਾਵਜੂਦ ਆਪਣੀ ਦ੍ਰਿੜ ਲਗਨ ਤੇ ਸਖ਼ਤ ਮਿਹਨਤ ਨਾਲ ਅਤੇ ਆਪਣੇ ਸੰਗੀਤ ਅਧਿਆਪਕ ਸ. ਹਰਜੀਤ ਸਿੰਘ ਅਤੇ ਮੈਡਮ ਕੰਵਲਜੀਤ ਕੌਰ ਦੀ ਤਿਆਰ ਕਰਵਾਈ ਲੋਕ ਸਾਜ਼ਾਂ ਦੀ ਪੇਸ਼ਕਾਰੀ ਨਾਲ ਬੜੀ ਸਫ਼ਲਤਾ ਸਹਿਤ ਦੂਸਰਾ ਸਥਾਨ ਪ੍ਰਾਪਤ ਕਰਕੇ ਆਪਣੀ ਸੰਸਥਾ ਦਾ ਮਾਣ ਵਧਾਇਆ ਹੈ।ਇਸ ਸ਼ਾਨਦਾਰ ਪ੍ਰਾਪਤੀ ਤੋਂ ਪ੍ਰਸੰਨ ਹੁੰਦਿਆਂ ਸੰਸਥਾ ਦੇ ਡਾਇਰੈਕਟਰ ਡਾਕਟਰ ਜਤਿੰਦਰਪਾਲ ਸਿੰਘ ਰੰਧਾਵਾ ਅਤੇ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਲੋਕ ਸਾਜ਼ਾਂ ਦੀ ਪੇਸ਼ਕਾਰੀ ਨੂੰ ਤਿਆਰ ਕਰਵਾਉਣ ਵਾਲੇ ਅਧਿਆਪਕ ਸਾਹਿਬਾਨ ਅਤੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਅਤੇ ਹੋਰ ਉਤਸ਼ਾਹ ਤੇ ਮਿਹਨਤ ਨਾਲ ਅਗਾਂਹ ਆਉਣ ਵਾਲੇ ਮੁਕਾਬਲਿਆਂ ਵਿੱਚ ਉੱਤਮ ਦਰਜੇ ਦੀ ਪੇਸ਼ਕਾਰੀ ਲਈ ਉਤਸ਼ਾਹਿਤ ਕੀਤਾ।



# ਸਮਾਜ ਭਲਾਈ ਦੇ ਕੰਮਾਂ 'ਚ ਹਮੇਸ਼ਾ ਅੱਗੇ ਰਹਿਣ ਵਾਲੇ ਇੰਜੀ. ਅਸ਼ੋਕ ਸ਼ਰਮਾ ਨੂੰ ਮਿਲਿਆ ਸਨਮਾਨ

**ਅੰਮ੍ਰਿਤਸਰ (ਅਰੋੜਾ)**

ਮਹਾਨਗਰ ਵਿਖੇ ਦੇਸ਼ ਅਤੇ ਸਮਾਜ ਭਲਾਈ ਕੰਮਾਂ ਅਤੇ ਲੋੜਵੰਦ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਨਾਲ ਨਾਲ ਪੁਸਤਕਾਂ, ਕੱਪੜੇ, ਸਟੇਸ਼ਨਰੀ ਅਤੇ ਹੋਰ ਸੁਵਿਧਾਵਾਂ ਮੁਹੱਈਆ ਕਰਵਾਉਣ ਵਾਲੀ ਰੋਟਰੀ ਮੈਂਬਰਾਂ ਦੀ ਦੇਖ ਰੇਖ ਵਿੱਚ ਚੱਲ ਰਹੀ ਸਮਾਜ ਸੇਵੀ ਸੰਸਥਾ ਏਆਈਸੀਈ ਸੋਸਾਇਟੀ ਰਜਿ. ਦੇ ਵੱਲੋਂ ਅਕਸਰ ਸਮਾਜ ਸੇਵਾ ਲਈ ਕੰਮ ਕਰਨ ਵਾਲਿਆਂ ਨੂੰ ਸਨਮਾਨਿਤ ਕੀਤੇ ਜਾਣ ਵਾਲੀ ਪ੍ਰਥਾ ਦੇ ਚੱਲਦੇ ਸੋਸਾਇਟੀ ਦੇ ਪੈਟਰਨ ਸਾਬਕਾ ਉਚ ਬੈਂਕ ਅਧਿਕਾਰੀ ਰਜਜੀਤ ਸਿੰਘ ਖੇੜਾ ਅਤੇ ਚੀਫ਼ ਐਡਵਾਈਜ਼ਰ ਸਾਬਕਾ ਜਿਲ੍ਹਾ ਖਜਾਨਾ ਅਫ਼ਸਰ ਵਿਜੇ ਭਸੀਨ, ਸੋਸਾਇਟੀ ਦੇ ਮਹਾ ਮੀਤ ਪ੍ਰਧਾਨ ਸੰਜੇ ਮਲਿਕ ਅਤੇ ਐਡਵਾਈਜ਼ਰ ਇੰਡੀਅਨ ਮੈਡੀਕਲ ਐਸੋਸੀਏਸ਼ਨ ਪੰਜਾਬ ਦੇ ਸਾਬਕਾ ਪ੍ਰਧਾਨ ਕੁਲਦੀਪ ਸਿੰਘ ਅਰੋੜਾ ਵੱਲੋਂ ਗੁਰੂ ਕੀ ਨਗਰੀ ਵਿਖੇ ਸ਼ਿਵਾਲਾ ਬਾਗ ਭਾਈਆਂ ਵਿੱਚ ਰਾਮ ਮੰਦਿਰ ਦੀ ਰੂਪ ਰੇਖਾ ਤਿਆਰ ਕਰਨ ਵਾਲੇ ਇੰਜੀ. ਅਸ਼ੋਕ ਸ਼ਰਮਾ ਅਤੇ ਉਨ੍ਹਾਂ ਦੀ ਪਤਨੀ ਸਤਿਆਪ੍ਰਭਾ ਸ਼ਰਮਾ ਨੂੰ ਸਮਾਜ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੋਸਾਇਟੀ ਦੇ ਮੈਂਬਰਾਂ ਦੇ ਨਾਲ ਸਮਾਜ ਸੇਵਕ ਅੰਦੇਸ਼ ਭੱਲਾ, ਸੋਸਾਇਟੀ ਦੇ ਮੈਂਬਰ ਯਸ਼ਪਾਲ ਅਰੋੜਾ, ਇੰਜੀ. ਪਰਮੀਤ ਸਿੰਘ ਖੇੜਾ ਅਤੇ ਸੋਸਾਇਟੀ ਦੇ ਹੋਰ ਮੈਂਬਰ ਵੀ ਮੌਜੂਦ ਸਨ। ਸਨਮਾਨ ਪ੍ਰਾਪਤ ਕਰਨ ਵਾਲੇ ਇੰਜੀ. ਅਸ਼ੋਕ ਸ਼ਰਮਾ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਆਪਣੇ ਆਪ ਨੂੰ ਉਸ ਪਰਮ ਪਿਤਾ ਪਰਮਾਤਮਾ ਦੀ ਕ੍ਰਿਪਾ ਨਾਲ ਸਮਾਜ ਵਿੱਚ ਦੀਨ ਦੁਖੀਆਂ ਦੀ ਸਹਾਇਤਾ ਕਰਨਾ ਆਪਣਾ ਕਰਤੱਵ ਮੰਨਦੇ ਹਨ ਅਤੇ ਇਹ ਸਿਲਸਿਲਾ ਜਿਸ ਤਰ੍ਹਾਂ ਲਗਾਤਾਰ ਚੱਲ ਰਿਹਾ ਹੈ ਭਵਿੱਖ ਵਿੱਚ ਵੀ ਚੱਲਦਾ ਰਹੇਗਾ।



# ਸੜਕ ਸੁਰੱਖਿਆ ਫੋਰਸ ਦੇ ਗਠਨ ਨਾਲ ਸੜਕੀ ਹਾਦਸਿਆਂ ਦੌਰਾਨ ਹੋਣ ਵਾਲੀਆਂ ਮੌਤਾਂ 'ਚ 48 ਫੀਸਦੀ ਕਮੀ ਆਈ : ਅਮਰਪਾਲ ਸਿੰਘ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਲੋਕ ਮਿਲਣੀ ਤਹਿਤ ਹਲਕਾ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਤੇ ਸਬੰਧਤ ਵਿਭਾਗਾਂ ਕੋਲੋਂ ਹੱਲ ਕਰਵਾਈਆਂ।ਇਸ ਮੌਕੇ ਗੱਲ ਕਰਦਿਆਂ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿਥੇ ਸੂਬੇ ਅੰਦਰ ਵਿਕਾਸ ਕਾਰਜ ਤੇਜ਼ ਗਤੀ ਨਾਲ ਕਰਵਾਏ ਜਾ ਰਹੇ ਹਨ ਅਤੇ ਉਸਦੇ ਨਾਲ ਸਰਕਾਰ ਵੱਲੋਂ ਸ਼ੁਰੂ ਕੀਤੀ ਨਿਵੇਕਲੀ ਪਹਿਲ ਕਦਮੀ 'ਸੜਕ ਸੁਰਖਿਆ ਫੋਰਸ' ਦੇ ਗਠਨ ਸਦਕਾ ਕੀਮਤੀ ਜਾਨਾਂ ਵੀ ਬਚਾਈਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਸੜਕ ਸੁਰਖਿਆ ਫੋਰਸ ਦੇ ਗਠਨ ਤੋਂ ਲੈ ਕੇ ਹੁਣ ਤੱਕ ਸੈਂਕੜੇ ਜਾਨਾਂ ਬਚਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇੱਕ ਸਰਵੇ ਮੁਤਾਬਿਕ ਪੰਜਾਬ ਵਿੱਚ ਸੜਕ ਹਾਦਸਿਆਂ ਵਿੱਚ ਹਰ ਸਾਲ ਕਰੀਬ 5,000 ਤੋਂ ਵੱਧ ਜਾਨਾਂ ਜਾਂਦੀਆਂ ਸਨ। ਉਨ੍ਹਾਂ ਕਿਹਾ ਕਿ ਪਰ ਹੁਣ 'ਸੜਕ ਸੁਰੱਖਿਆ ਫੋਰਸ' ਦੇ ਗਠਨ ਨਾਲ ਅਜਿਹੀਆਂ ਮੌਤਾਂ ਵਿੱਚ 48 ਫੀਸਦੀ ਦੀ ਕਮੀ ਆਈ ਹੈ, ਜੋ ਕਿ ਦੂਜੇ ਸੂਬਿਆਂ ਲਈ ਵੀ ਮਿਸਾਲ ਕਾਇਮ ਕਰਦੀ ਹੈ।ਉਨ੍ਹਾਂ ਕਿਹਾ ਕਿ ਇਸ ਫੋਰਸ ਵਿੱਚ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਜਵਾਨ ਸ਼ਾਮਲ ਹਨ, ਜਿਨ੍ਹਾਂ ਵਿੱਚ ਮਹਿਲਾਵਾਂ ਵੀ ਸ਼ਾਮਲ ਹਨ। ਇਹ ਫੋਰਸ 144 ਆਧੁਨਿਕ ਵਾਹਨਾਂ ਨਾਲ ਲੈਸ ਹਨ।ਉਨ੍ਹਾਂ ਕਿਹਾ ਕਿ ਇਹ ਫੋਰਸ ਬਹੁਤ ਵਧੀਆ ਕੰਮ ਕਰ ਰਹੀ ਹੈ ਅਤੇ ਕਈ ਸੂਬਿਆਂ ਅਤੇ ਭਾਰਤ ਸਰਕਾਰ ਨੇ ਵੀ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਹੈ।ਇਸ ਮੌਕੇ ਉਨ੍ਹਾਂ ਹਲਕੇ ਦੇ ਵਿਕਾਸ ਦੀ ਗੱਲ ਕਰਦਿਆਂ ਕਿਹਾ ਕਿ ਪਿੰਡਾਂ ਅਤੇ ਸ਼ਹਿਰੀ ਖੇਤਰ ਵਿੱਚ ਲੋਕਹਿੱਤ ਨੂੰ ਮੁੱਖ ਰੱਖਦਿਆਂ ਵਿਕਾਸ ਕਾਰਜ ਕਰਵਾਏ ਗਏ ਹਨ।ਉਨ੍ਹਾਂ ਦੱਸਿਆ ਕਿ ਨੌਜਵਾਨਾਂ ਨੂੰ ਨਸ਼ਿਆਂ ਸਮੇਤ ਵੱਖ-ਵੱਖ ਸਮਾਜਿਕ ਬੁਰਾਈਆਂ ਤੋਂ ਦੂਰ ਕਰਨ ਦੇ ਮੰਤਵ ਨਾਲ ਖੇਡ ਮੈਦਾਨ ਤਿਆਰ ਕਰਵਾ ਕੇ ਦਿੱਤੇ ਗਏ ਹਨ ਤਾਂ ਜੋ ਉਹ ਵੱਧ ਤੋਂ ਵੱਧ ਖੇਡਾਂ ਵੱਲ ਪ੍ਰੇਰਿਤ ਹੋਣ।ਉਨ੍ਹਾਂ ਦੱਸਿਆ ਕਿ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ ਪਾਉਣ ਦੇ ਨਾਲ-ਨਾਲ ਪਿੰਡ ਵਾਸੀਆਂ ਦੀ ਸਹੂਲਤ ਲਈ ਪਾਰਕ ਵੀ ਉਸਾਰ ਕੇ ਦਿੱਤੇ ਗਏ ਹਨ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਸਲਾਹ ਨਾਲ ਵਿਕਾਸ ਕੰਮ ਪਾਰਦਰਸ਼ੀ ਢੰਗ ਨਾਲ ਕਰਵਾਉਣ ਨੂੰ ਯਕੀਨੀ ਬਣਾਇਆ ਗਿਆ ਹੈ।



# ਡਿਸਪੈਂਸਰੀ ਲਈ ਜ਼ਮੀਨ ਦਾਨ ਕਰਨ ਵਾਲੇ ਅਮਰਜੀਤ ਸਿੰਘ ਦਾ ਪਿੰਡ ਵੱਲੋਂ ਮਾਣ-ਸਨਮਾਨ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਅੰਮ੍ਰਿਤਸਰ ਜ਼ਿਲ੍ਹੇ ਦੀ ਅਜਨਾਲਾ ਤਹਿਸੀਲ ਦਾ ਪਿੰਡ ਖਤਰਾਏ ਕਲਾਂ ਦੇਸ਼ ਭਗਤਾਂ ਦਾ ਪਿੰਡ ਹੈ।ਇਸ ਪਿੰਡ ਦੇ ਜੰਮਪਲ ਕਾਮਰੇਡ ਉਜਾਗਰ ਸਿੰਘ ਖਤਰਾਏ ਕਲਾਂ ਨੇ ਦੇਸ਼ ਦੀ ਆਜ਼ਾਦੀ ਵਿੱਚ ਮੋਹਰੀ ਰੋਲ ਅਦਾ ਕੀਤਾ ਹੈ। ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਆਜ਼ਾਦ ਕਰਾਉਣ ਵਿੱਚ ਚੱਲੀ ਅਕਾਲੀ ਲਹਿਰ ਸਮੇਂ ਵੀ ਕਾ: ਖਤਰਾਏ ਕਲਾਂ ਨੇ ਗੁਰਦੁਆਰਾ ਗੁਰੂ ਕਾ ਬਾਗ ਨੂੰ ਮਹੰਤਾ ਦੇ ਕਬਜ਼ੇ 'ਚੋਂ ਛਡਵਾਉਣ ਲਈ ਬੇ-ਮਿਸਾਲ ਕੰਮ ਕਰਕੇ ਦੇਸ਼ ਸੇਵਾ ਅਤੇ ਸਮਾਜ ਸੇਵਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਵੱਲੋਂ ਲਾਏ ਬੂਟੇ ਨੂੰ ਅੱਜ ਉਸ ਵੇਲੇ ਬੂਰ ਪਿਆ ਜਦੋਂ ਪਿੰਡ ਦੇ ਸਮਾਜ ਸੇਵੀ ਸ: ਅਮਰਜੀਤ ਸਿੰਘ ਜੋ ਸਾਬਕਾ ਫੌਜੀ ਹਨ, ਨੇ ਪਿੰਡ ਦੀ ਡਿਸਪੈਂਸਰੀ ਨੂੰ 10 ਮਰਲੇ ਜ਼ਮੀਨ ਦਾਨ ਕੀਤੀ।ਇਸ ਸਬੰਧੀ ਪੁੱਛੇ ਜਾਣ ਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਵਿੱਚ ਪਹਿਲਾਂ ਤੋਂ ਚਲ ਰਹੀ ਡਿਸਪੈਂਸਰੀ ਦੀ ਇਮਾਰਤ ਦੀ ਹਾਲਤ ਬਹੁਤ ਖਸਤਾ ਸੀ ਜਿਸ ਦੀ ਨਵੀਂ ਉਸਾਰੀ ਲਈ ਸਰਕਾਰ ਵੱਲੋਂ 35 ਲੱਖ ਰੁਪਿਆ ਆਇਆ ਸੀ। ਸਰਕਾਰ ਦੀਆਂ ਸ਼ਰਤਾਂ ਮੁਤਾਬਕ ਡਿਸਪੈਂਸਰੀ ਦੀ ਬਿਲਡਿੰਗ ਨੂੰ ਬਣਾਉਣ ਲਈ ਪਹਿਲਾਂ ਦੀ ਜ਼ਮੀਨ ਦੇ ਨਾਲ ਨਾਲ ਚਾਰ ਮਰਲੇ ਜ਼ਮੀਨ ਹੋਰ ਚਾਹੀਦੀ ਸੀ ਜਿਸ ਤੇ ਅਮਰਜੀਤ ਸਿੰਘ ਨੇ ਚਾਰ ਮਰਲੇ ਦੀ ਬਜਾਏ 10 ਮਰਲੇ ਜ਼ਮੀਨ ਡਿਸਪੈਂਸਰੀ ਨੂੰ ਦਾਨ ਵਜੋਂ ਦੇ ਦਿੱਤੀ। ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦੇ ਇਸ ਕੰਮ ਦੀ ਸ਼ਲਾਘਾ ਕਰਦਿਆਂ ਹੋਇਆਂ ਉਨ੍ਹਾਂ ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਸਨਮਾਨਿਤ ਕੀਤਾ ਗਿਆ। ਸਨਮਾਨ ਕਰਨ ਵਾਲਿਆਂ ਵਿੱਚ ਉੱਘੇ ਸਮਾਜ ਸੇਵੀ ਦਿਲਬਾਗ ਸਿੰਘ ਖਤਰਾਏ ਕਲਾਂ, ਕਵਲਜੀਤ ਸਿੰਘ, ਕਸ਼ਮੀਰ ਸਿੰਘ, ਅੰਗਰੇਜ਼ ਸਿੰਘ, ਅਰਜਨ ਸਿੰਘ, ਜਗਤਾਰ ਸਿੰਘ, ਰਣਜੋਧ ਸਿੰਘ, ਰਤਨ ਸਿੰਘ, ਸਤਨਾਮ ਸਿੰਘ, ਤਰਸੇਮ ਸਿੰਘ ਅਤੇ ਸਵਰਾਜ ਸਿੰਘ ਆਦਿ ਪਿੰਡ ਵਾਸੀ ਮੌਜੂਦ ਸਨ।

# ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਦੌਰਾ

**ਗੁਰਦਾਸਪੁਰ, (ਜਨਕ ਮਹਾਜਨ)**-ਸ਼੍ਰੀ ਦਿਲਬਾਗ ਸਿੰਘ ਜੌਹਲ ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਗੁਰਦਾਸਪੁਰ ਅਤੇ ਹਰਪ੍ਰੀਤ ਸਿੰਘ ਮਾਣਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਦੌਰਾ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਤੇ ਸੈਸ਼ਨ ਜੱਜ ਵੱਲੋਂ ਜੇਲ੍ਹ ਦੀ ਹਰ ਇੱਕ ਬੈਰਕ ਦਾ ਨਿਰੀਖਣ ਕੀਤਾ ਗਿਆ ਅਤੇ ਕੈਦੀਆਂ ਅਤੇ ਹਵਾਲਾਤੀਆਂ ਨੂੰ ਮਿਲਿਆ ਗਿਆ। ਇਸ ਮੌਕੇ ਉਨ੍ਹਾਂ ਨੇ ਲੰਗਰ ਹਾਲ ਅਤੇ ਹਸਪਤਾਲ ਦਾ ਵੀ ਦੌਰਾ ਕੀਤਾ ਅਤੇ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਹਵਾਲਾਤੀਆਂ ਅਤੇ ਕੈਦੀਆਂ ਦੀ ਸਿਹਤ ਦਾ ਹਾਲ ਜਾਣਿਆ। ਜ਼ਿਲ੍ਹਾ ਤੇ ਸੈਸ਼ਨ ਜੱਜ ਦਿਲਬਾਗ ਸਿੰਘ ਜੌਹਲ ਨੇ ਹਵਾਲਾਤੀਆਂ ਤੇ ਕੈਦੀਆਂ ਨੂੰ ਕਾਨੂੰਨੀ ਨੁਕਤਿਆਂ ਬਾਰੇ ਜਾਣੂੰ ਕਰਵਾਇਆ ਅਤੇ ਨਾਲ ਹੀ ਉਨ੍ਹਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ। ਇਸ ਦੌਰੇ ਦੌਰਾਨ ਕੇਂਦਰੀ ਜੇਲ੍ਹ ਗੁਰਦਾਸਪੁਰ ਦਾ ਸਟਾਫ਼ ਵੀ ਮੌਜੂਦ ਸੀ। ਇਸ ਮੌਕੇ ਜੇਲ੍ਹ ਅਥਾਰਿਟੀ ਨੂੰ ਮੌਕੇ 'ਤੇ ਹੀ ਨਿਰਦੇਸ਼ ਦੇ ਕੇ ਬੰਦੀਆਂ ਵੱਲੋਂ ਧਿਆਨ ਵਿੱਚ ਲਿਆਂਦੀਆਂ ਗੱਲਾਂ ਦਾ ਨਿਪਟਾਰਾ ਕੀਤਾ ਗਿਆ।

# ਬਾਬਾ ਬਲਬੀਰ ਸਿੰਘ ਨਗਰ ਕੀਰਤਨ 'ਚ ਸ਼ਾਮਿਲ ਹੋਣ ਲਈ ਔਰੰਗਾਬਾਦ ਤੋਂ ਅਸਾਮ ਪੁੱਜੇ

**ਅੰਮ੍ਰਿਤਸਰ: (ਜਸਬੀਰ ਸਿੰਘ ਪੱਟੀ)**

ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮਹਾਰਾਸਟਰ ਵਿਖੇ ਆਪਣੀ ਧਰਮ ਪ੍ਰਚਾਰ ਲਹਿਰ ਸੰਪੂਰਨ ਕਰਨ ਉਪਰੰਤ ਅੱਜ ਔਰੰਗਾਬਾਦ ਤੋਂ ਗੁਰਦੁਆਰਾ ਤੇਗ਼ ਬਹਾਦਰ ਸਾਹਿਬ ਧੋਬੜੀ ਅਸਾਮ ਪੁੱਜ ਗਏ ਹਨ।ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਧੋਬੜੀ ਸਾਹਿਬ ਅਸਾਮ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੀਕ ਸ਼ਹੀਦੀ ਨਗਰ ਕੀਰਤਨ ਦੀ ਆਰੰਭਤਾ ਅਰਦਾਸ ਵਿੱਚ ਸ਼ਾਮਿਲ ਹੋਣਗੇ। ਇਸ ਤੋਂ ਪਹਿਲਾਂ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਸਜੇ ਗੁਰਮਤਿ ਸਮਾਗਮ ਵਿੱਚ ਉਨ੍ਹਾਂ ਨੇ ਹਾਜ਼ਰੀ ਭਰੀ। ਉਨ੍ਹਾਂ ਸੰਗਤ ਨੂੰ ਸੰਬੋਧਨ ਕਰਦਿਆ ਕਿਹਾ ਕਿ ਇਸ ਪਾਵਨ ਪਵਿੱਤਰ ਅਸਥਾਨ ਤੇ ਜਿਥੇ ਅਸੀਂ ਜੁੜ ਬੈਠੇ ਹਾਂ ਇਥੋਂ ਹੀ ਨੌਵੇਂ ਪਾਤਸ਼ਾਹ ਨੇ ਸ਼ਾਂਤੀ ਦਾ ਉਪਦੇਸ਼ ਦਿੱਤਾ ਅਤੇ ਆਪਸੀ ਮਿਲਜੁਲ ਕੇ ਰਹਿਣ ਦੀ ਪ੍ਰੇਰਨਾ ਦਾ ਉਦੇਸ਼ ਦਿੱਤਾ। ਉਨ੍ਹਾਂ ਕਿਹਾ ਨਗਰ ਕੀਰਤਨ ਕੌਮ ਅੰਦਰ ਚੜ੍ਹਦੀਕਲਾ ਦੀ ਰੂਹ ਉਜਾਗਰ ਕਰਦੇ ਹਨ, ਸੰਗਤ ਗੁਰੂ ਜੀ ਦੇ ਦਰਸ਼ਨ ਕਰ ਕੇ ਅਸੀਸਾਂ ਦੀ ਭਾਗੀ ਬਣਦੀ ਹੈ ਉਨ੍ਹਾਂ ਕਿਹਾ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਥਾਨ ਤੋਂ ਨਗਰ ਕੀਰਤਨ ਵੱਖ-ਵੱਖ ਸ਼ਹਿਰਾਂ ਥਾਈ ਗੁ: ਸੀਸ ਗੰਜ ਤੀਕ ਲੈ ਕੇ ਜਾਣਾ ਇਤਿਹਾਸਿਕ ਤੇ ਯਾਦਗਾਰੀ ਫੈਸਲਾ ਹੈ।



# ਭਾਸ਼ਾ ਵਿਭਾਗ ਨੇ ਜ਼ਿਲ੍ਹਾ ਪੱਧਰੀ ਪੰਜਾਬੀ ਕਵਿਤਾ ਗਾਇਨ ਅਤੇ ਸਾਹਿਤ ਸਿਰਜਣ ਮੁਕਾਬਲਾ ਕਰਵਾਇਆ

**ਗੁਰਦਾਸਪੁਰ, (ਜਨਕ ਮਹਾਜਨ)**

ਮਾਣਯੋਗ ਮੰਤਰੀ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਭਾਗ ਵੱਲੋਂ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਜਸਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਭਾਸ਼ਾ ਦਫ਼ਤਰ, ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਮੁਕਾਬਲ ਧੰਨ ਦੇਵੀ ਡੀ. ਏ. ਵੀ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਦੇ ਸਹਿਯੋਗ ਨਾਲ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚੋਂ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਸ਼ਿਪਰਾ ਗੁਪਤਾ ਪ੍ਰਿੰਸੀਪਲ ਧੰਨ ਦੇਵੀ ਡੀਏਵੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਸਮਾਗਮ ਵਿੱਚ ਬਤੌਰ ਮੰਚ ਸੰਚਾਲਕ ਲੈਕਚਰਾਰ ਗੁਰਮੀਤ ਸਿੰਘ ਭੋਮਾ (ਨੈਸ਼ਨਲ ਐਵਾਰਡੀ) ਪ੍ਰੋਫੈਸਰ ਰਾਜਨੀਤੀ ਸ਼ਾਸਤਰ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਵਿਚ ਜਸਪ੍ਰੀਤ ਕੌਰ ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਅਤੇ ਹੁਸ਼ਿਆਰਪੁਰ ਨੇ ਭਾਸ਼ਾ ਵਿਭਾਗ ਦੀ ਕਾਰਜਸ਼ੈਲੀ ਤੇ ਮਨੁੱਖੀ ਜੀਵਨ ਵਿੱਚ ਕੋਮਲ ਕਲਾਵਾਂ ਦੇ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸਕੂਲ ਦੇ ਪ੍ਰਿੰਸੀਪਲ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਜਸਪ੍ਰੀਤ ਕੌਰ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਗੁਰਦਾਸਪੁਰ ਦੇ ਅਮਲਾ ਸਟਾਫ਼ ਸ਼ਾਮ ਸਿੰਘ ਜੂਨੀਅਰ ਸਹਾਇਕ, ਮਨਦੀਪ ਸਿੰਘ ਸੇਵਾਦਾਰ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ। ਪ੍ਰਿੰਸੀਪਲ ਸ਼ਿਪਰਾ ਗੁਪਤਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਸ਼ਾ ਵਿਭਾਗ ਦੇ ਅਜਿਹੇ ਉਪਰਾਲੇ ਸ਼ਲਾਘਾਯੋਗ ਹਨ।



# 29 ਨੂੰ ਰੋਸ ਮੀਟਿੰਗਾਂ ਤੇ 23 ਸਤੰਬਰ ਨੂੰ ਦੇਸ਼ ਅੰਦਰ ਜ਼ਿਲ੍ਹਾ ਪੱਧਰ ਦੇ ਧਰਨੇ ਲਗਾਉਣ ਦਾ ਸੱਦਾ : ਸਤੀਸ਼ ਰਾਣਾ

**ਜਲੰਧਰ (ਰਾਜੇਸ਼ ਥਾਪਾ)**

ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ 16 ਤੇ 17 ਅਗਸਤ ਨੂੰ ਫੈਡਰੇਸ਼ਨ ਦੇ ਕੇਂਦਰੀ ਦਫਤਰ ਫਰੀਦਾਬਾਦ ਵਿਖੇ ਹੋਈ ਅਤੇ 18 ਅਗਸਤ ਨੂੰ ਆਰਟੀਫੀਸ਼ਲ ਇੰਟੈਲੀਜੈਂਸੀ ਤੇ ਇੱਕ ਕਲਾਸ ਲਗਾ ਕੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਇਸ ਸੰਬੰਧੀ ਸਾਥੀ ਸਤੀਸ਼ ਰਾਣਾ ਮੀਤ ਪ੍ਰਧਾਨ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਅਤੇ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਵੱਖ-ਵੱਖ ਰਾਜਾਂ ਤੋਂ 25 ਮੁਲਾਜ਼ਮ ਫੈਡਰੇਸ਼ਨਾਂ ਨੇ ਹਿੱਸਾ ਲਿਆ।ਪਹਿਲੇ ਦਿਨ 16 ਅਗਸਤ ਨੂੰ ਮੀਟਿੰਗ ਦੀ ਪ੍ਰਧਾਨਗੀ ਸਰਵ ਸਾਥੀ ਸੁਭਾਸ਼ ਲਾਂਬਾ, ਸਤੀਸ਼ ਰਾਣਾ, ਵਿਸ਼ਵਾਸ ਕਾਟਕਰ, ਉਮੇਸ਼ ਚੰਦਰ ਚਿਲਬੁਲੇ, ਐਮ.ਸ੍ਰੀਨਿਵਾਸਨ, ਪੁਰਜੀਤ ਲੈਰਿਕਏਂਗਬਾਮ ਅਤੇ ਸ਼ਰਮੀਲਾ ਠਾਕੁਰ ਤੇ ਅਧਾਰਤ ਪ੍ਰਧਾਨਗੀ ਮੰਡਲ ਵੱਲੋਂ ਕੀਤੀ ਗਈ ਅਤੇ ਦੂਜੇ ਦਿਨ ਸਰਵ ਸਾਥੀ ਧਰਮਵੀਰ ਸਿੰਘ ਫੋਗਟ, ਸੁਤਾਪਾ ਹਜਾਰਾ, ਏ.ਵਿਦਿਆਸਾਗਰ ਅਤੇ ਚੰਦਰਸ਼ੇਖਰ ਤਿਵਾਰੀ ਤੇ ਅਧਾਰਤ ਪ੍ਰਧਾਨਗੀ ਮੰਡਲ ਵਲੋਂ ਕੀਤੀ ਗਈ।ਇਸ ਉਪਰੰਤ ਇੱਕ ਕੁੰਜੀਵਤ ਭਾਸ਼ਣ ਸਾਥੀ ਕੇ.ਐਨ.ਉਮੇਸ਼ ਸਕੱਤਰ ਸੀਆਈਟੀਯੂ ਵੱਲੋਂ ਇਸ ਸੁਕੋਮਲ ਸੇਨ ਭਵਨ ਕੇਂਦਰੀ ਦਫਤਰ ਵਿਖੇ ਖੋਲੀ ਲਾਇਬਰੇਰੀ ਅਤੇ ਕੁਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੇ ਸੰਸਥਾਪਕ ਸਾਥੀ ਅਰਵਿੰਦੋ ਘੋਸ਼ ਦੀ ਜਨਮ ਸ਼ਤਾਬਦੀ ਦੇ ਦਿੱਤਾ ਗਿਆ। ਸਾਥੀ ਏ.ਸ੍ਰੀ. ਕੁਮਾਰ ਵੱਲੋਂ ਬਤੌਰ ਜਨਰਲ ਸਕੱਤਰ ਰਿਪੋਰਟ ਪੇਸ਼ ਕੀਤੀ ਗਈ, ਜਿਸ ਵਿੱਚ ਜਿੱਥੇ ਅੰਤਰਰਾਸ਼ਟਰੀ, ਰਾਸ਼ਟਰੀ ਅਵਸਥਾ ਤੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ। ਪੰਜਾਬ ਵੱਲੋਂ ਸਾਥੀ ਸਤੀਸ਼ ਰਾਣਾ ਅਤੇ ਸਾਥੀ ਕਰਮਜੀਤ ਸਿੰਘ ਬੀਹਲਾ ਨੈਸ਼ਨਲ ਕਮੇਟੀ ਮੈਂਬਰ ਅਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵੱਲੋਂ ਰਿਪੋਰਟ ਪੇਸ਼ ਕੀਤੀ ਗਈ। ਰਿਪੋਰਟ ਪੇਸ਼ ਕਰਦਿਆਂ ਸਾਥੀਆਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਅੰਦਰ ਸਾਂਝੀਆਂ ਮੰਗਾਂ ਨੂੰ ਲੈ ਕੇ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲਗਾਤਾਰ ਲੜਾਈ ਦਿੱਤੀ ਜਾ ਰਹੀ ਹੈ ਅਤੇ ਭਗਵੰਤ ਮਾਨ ਦੀ ਸਰਕਾਰ ਢੀਠਤਾਈ ਨਾਲ ਮੁਲਾਜਮ ਤੇ ਪੈਨਸ਼ਨਰਾਂ ਦੇ ਸੰਘਰਸ਼ਾਂ ਨੂੰ ਅਣਗੌਲਿਆ ਕਰ ਰਹੀ ਹੈ। ਆਗੂਆਂ ਆਖਿਆ ਕਿ ਇਹਨਾਂ ਮੰਗਾਂ ਨੂੰ ਲੈ ਕੇ ਪੂਰੇ ਦੇਸ਼ ਅੰਦਰ 23 ਸਤੰਬਰ ਨੂੰ ਜਿਲਾ ਕੇਂਦਰਾਂ ਉੱਤੇ ਪੂਰੇ ਦਿਨ ਦੇ ਧਰਨੇ ਲਾ ਕੇ ਮੰਗ ਪੱਤਰ ਭੇਜੇ ਜਾਣਗੇ ਅਤੇ ਇਸ ਤੋਂ ਪਹਿਲਾਂ ਕੇਂਦਰੀ ਅੱਠਵੇਂ ਤਨਖਾਹ ਕਮਿਸ਼ਨ ਦੀ ਸਥਾਪਨਾ ਲਈ 29 ਅਗਸਤ ਨੂੰ ਦੁਪਹਿਰ ਸਮੇਂ ਰੋਸ ਮੀਟਿੰਗਾਂ ਕੀਤੀਆਂ ਜਾਣਗੀਆਂ।ਉਕਤ ਆਗੂਆਂ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੱਤੀ ਕਿ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਅਗਲੀ ਕੌਮੀ ਕਾਨਫਰੰਸ 27 ਤੋਂ 30 ਦਸੰਬਰ 2025 ਨੂੰ ਮਹਾਰਾਸ਼ਟਰਾ ਦੇ ਸ਼ਹਿਰ ਸਿਰਡੀ ਵਿਖੇ ਹੋਵੇਗੀ

# ਆਰ. ਡੀ. ਖੋਸਲਾ ਡੀਏਵੀ ਸਕੂਲ ਵਿਖੇ ਪਲੇਠੀ ਸਟੈਮ ਜ਼ਿਲ੍ਹਾ ਪੱਧਰੀ ਵਰਕਸ਼ਾਪ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਸੀਬੀਐਸਈ ਕਪੈਸਿਟੀ ਬਿਲਡਿੰਗ ਪ੍ਰੋਗਰਾਮ ਦੇ ਅੰਤਰਗਤ ਗੁਰਦਾਸਪੁਰ ਜ਼ਿਲ੍ਹੇ ਵਿੱਚ ਪਹਿਲੀ ਵਾਰ ਸੀਬੀਐੱਸਈ ਸਮਰੱਥਾ ਨਿਰਮਾਣ ਪ੍ਰੋਗਰਾਮ ਅਧੀਨ ਸਟੈਮ ਜ਼ਿਲ੍ਹਾ ਪੱਧਰੀ ਚਰਚਾ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਆਰਡੀ ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕਡਰੀ ਸਕੂਲ ਬਟਾਲਾ ਵਿੱਚ ਕੀਤਾ ਗਿਆ। ਇਹ ਜ਼ਿਲ੍ਹਾ ਪੱਧਰ ਤੇ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਇੱਕ ਮਹੱਤਵਪੂਰਨ ਕਦਮ ਹੈ।ਇਸ ਮੌਕੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ, ਅਧਿਆਪਕਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਹਿੱਸਾ ਲਿਆ ਅਤੇ ਸਕੂਲ ਸਿੱਖਿਆ ਵਿੱਚ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੀ ਸਾਰਥਕਤਾ ਤੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰਿੰਸੀਪਲ ਮਨਦੀਪ ਕੌਰ, ਪ੍ਰਿੰਸੀਪਲ ਸ਼ਰਨਪ੍ਰੀਤ ਸਿੰਘ ਅਤੇ ਐਸੋਸੀਏਟ ਪ੍ਰੋਫੈਸਰ ਏਕਤਾ ਭੰਡਾਰੀ ਨੇ ਜਿਊਰੀ ਦੀ ਭੂਮਿਕਾ ਨਿਭਾਈ। ਵਿਸ਼ਾ ਮਾਹਿਰ ਪ੍ਰਿੰਸੀਪਲ ਡਾ. ਬਿੰਦੂ ਭੱਲਾ, ਪ੍ਰਿੰਸੀਪਲ ਰਾਜੀਵ ਭਾਰਤੀ, ਪ੍ਰਿੰਸੀਪਲ ਸਰਦਾਰ ਅਮਨਦੀਪ ਸਿੰਘ, ਪ੍ਰਿੰਸੀਪਲ ਵਰਿੰਦਰ ਕੌਰ ਨੇ ਕਿਹਾ ਕਿ ਸਟੈਮ ਸਿੱਖਿਆ ਵਿਦਿਆਰਥੀਆਂ ਨੂੰ ਨਾ ਸਿਰਫ਼ ਸਿਧਾਂਤਕ ਗਿਆਨ ਦਿੰਦੀ ਹੈ ਬਲਕਿ ਉਨ੍ਹਾਂ ਨੂੰ ਨਵੀਨਤਾ, ਸਮੱਸਿਆ-ਹੱਲ ਅਤੇ ਰਚਨਾਤਮਕ ਸੋਚ ਵੱਲ ਵੀ ਪ੍ਰੇਰਿਤ ਕਰਦੀ ਹੈ।ਉਨ੍ਹਾਂ ਨੇ ਸਿੱਖਿਆ ਵਿੱਚ ਨਵੀਨਤਾ ਅਤੇ ਤਕਨਾਲੋਜੀ ਨੂੰ ਸ਼ਾਮਲ ਕਰਨ ਤੇ ਜ਼ੋਰ ਦਿੱਤਾ।ਵਰਕਸ਼ਾਪ ਵਿੱਚ ਅਧਿਆਪਕਾਂ ਨੂੰ ਸਟੈਮ ਅਧਾਰਤ ਅਧਿਆਪਨ ਵਿਧੀਆਂ, ਪ੍ਰੋਜੈਕਟ ਅਧਾਰਤ ਸਿਖਲਾਈ ਅਤੇ ਤਕਨੀਕੀ ਸਾਧਨਾਂ ਦੀ ਵਰਤੋਂ ਬਾਰੇ ਸਿਖਲਾਈ ਦਿੱਤੀ ਗਈ।ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨ ਲਈ ਡਿਜੀਟਲ ਸਾਧਨਾਂ ਅਤੇ ਪ੍ਰਯੋਗਾਤਮਕ ਗਤੀਵਿਧੀਆਂ ਦੀ ਭੂਮਿਕਾ ਬਾਰੇ ਵੀ ਵਿਸਥਾਰ ਵਿੱਚ ਚਰਚਾ ਕੀਤੀ ਗਈ।ਵੱਖ-ਵੱਖ ਸਕੂਲਾਂ ਦੇ 16 ਭਾਗੀਦਾਰਾਂ ਨੇ ਵੱਖ-ਵੱਖ ਵਿਸ਼ਿਆਂ ਤੇ ਆਪਣੀਆਂ ਪੇਸ਼ਕਾਰੀਆਂ ਪੇਸ਼ ਕੀਤੀਆਂ ਅਤੇ ਵਿਸ਼ੇ ਨਾਲ ਸਟੈਮ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ, ਇਸ ਬਾਰੇ ਸਭ ਤੋਂ ਵਧੀਆ ਅਭਿਆਸਾਂ ਨੂੰ ਵੀ ਸਾਂਝਾ ਕੀਤਾ।ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਸੀਓਈ ਚੰਡੀਗੜ੍ਹ ਰਾਜੀਵ ਸ਼ਰਮਾ ਦਾ ਧੰਨਵਾਦ ਕੀਤਾ।

# ਤਿੰਨ ਹਫ਼ਤੇ ਦਾ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਸ਼ੁਰੂ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**

ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ (ਏਜੀਸੀ) ਨੇ ਬੈਚ 2025 ਦੇ ਨਵੇਂ ਦਾਖਲ ਹੋਏ ਪਹਿਲੇ ਸਾਲ ਦੇ ਵਿਦਿਆਰਥੀਆਂ ਲਈ 3-ਹਫ਼ਤੇ ਦੇ ਵਿਦਿਆਰਥੀ ਇੰਡਕਸ਼ਨ ਪ੍ਰੋਗਰਾਮ ਦਾ ਸ਼ੁਭਾਰੰਭ ਉਤਸ਼ਾਹਪੂਰਵਕ ਕੀਤਾ। ਸੰਸਥਾ ਨੇ ਨਵੇਂ ਸਿਖਿਆਰਥੀਆਂ ਦਾ ਨਿੱਘਾ ਸਵਾਗਤ ਕਰਦੇ ਹੋਏ ਉਨ੍ਹਾਂ ਦੀ ਅਕਾਦਮਿਕ ਯਾਤਰਾ ਦੀ ਸ਼ੁਰੂਆਤ ਨੂੰ ਯਾਦਗਾਰ ਬਣਾਇਆ।ਸਮਾਗਮ ਨੂੰ ਸੰਬੋਧਨ ਕਰਦੇ ਹੋਏ, ਐਡਵੋਕੇਟ ਅਮਿਤ ਸ਼ਰਮਾ, ਚੇਅਰਮੈਨ ਨੇ ਨਵੇਂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਨੂੰ ਵੱਡੇ ਸੁਪਨੇ ਦੇਖਣ ਅਤੇ ਗਿਆਨ ਤੇ ਤਕਨਾਲੋਜੀ ਦੀ ਸਹਾਇਤਾ ਨਾਲ ਸਮਾਜ ਵਿੱਚ ਰਚਨਾਤਮਕ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।ਇਹ ਤਿੰਨ ਹਫ਼ਤਿਆਂ ਦਾ ਵਿਸ਼ੇਸ਼ ਪ੍ਰੋਗਰਾਮ ਵਿਦਿਆਰਥੀਆਂ ਨੂੰ ਕਾਲਜੀਏਟ ਜੀਵਨ ਵਿੱਚ ਸੁਚਾਰੂ ਤਬਦੀਲੀ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਇਸ ਦੌਰਾਨ ਮਾਹਰਾਂ ਦੇ ਭਾਸ਼ਣ, ਓਰੀਐਂਟੇਸ਼ਨ ਸੈਸ਼ਨ, ਸਾਹਿਤਕ ਤੇ ਸੱਭਿਆਚਾਰਕ ਗਤੀਵਿਧੀਆਂ, ਮੁੱਲ-ਅਧਾਰਤ ਸਿਖਲਾਈ ਮਾਡਿਊਲਾਂ ਅਤੇ ਹੁਨਰ ਵਿਕਾਸ ਵਰਕਸ਼ਾਪਾਂ ਦਾ ਆਯੋਜਨ ਕੀਤਾ ਜਾਵੇਗਾ, ਜਿਨ੍ਹਾਂ ਰਾਹੀਂ ਵਿਦਿਆਰਥੀਆਂ ਦੇ ਬੌਧਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਵੇਗਾ।ਡਾ. ਰਜਨੀਸ਼ ਅਰੋੜਾ ਮੈਨੇਜਿੰਗ ਡਾਇਰੈਕਟਰ ਨੇ ਅਨੁਸ਼ਾਸਨ, ਨਵੀਨਤਾ ਅਤੇ ਨੈਤਿਕ ਮੁੱਲਾਂ ਦੀ ਮਹੱਤਤਾ 'ਤੇ ਚਾਨਣ ਪਾਇਆ।ਉਨ੍ਹਾਂ ਨੇ ਕਿਹਾ ਕਿ ਏਜੀਸੀ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਲਈ ਪ੍ਰਤੀਬੱਧ ਹੈ ਅਤੇ ਵਿਦਿਆਰਥੀਆਂ ਨੂੰ ਹਰ ਮੌਕੇ ਦਾ ਲਾਭ ਚੁੱਕਣ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਡਾ. ਗੌਰਵ ਤੇਜਪਾਲ, ਪ੍ਰਿੰ. ਏਜੀਸੀ ਨੇ ਇੰਡਕਸ਼ਨ ਪ੍ਰੋਗਰਾਮ ਨੂੰ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵੱਲ ਪਹਿਲਾ ਕਦਮ ਕਰਾਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀ ਡਿਗਰੀ ਦੀ ਪੜ੍ਹਾਈ ਨੂੰ ਇਮਾਨਦਾਰੀ, ਵਚਨਬੱਧਤਾ ਅਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਪ੍ਰੇਰਨਾ ਦਿੱਤੀ ਤਾਂ ਜੋ ਉਹ ਭਵਿੱਖ ਵਿੱਚ ਉਦਯੋਗ ਲਈ ਤਿਆਰ ਪੇਸ਼ੇਵਰ ਅਤੇ ਜ਼ਿੰਮੇਵਾਰ ਨਾਗਰਿਕ ਬਣ ਸਕਣ।

ਨਵਾਂ ਜ਼ਮਾਨਾ
ਵੀਰਵਾਰ, 21 ਅਗਸਤ 2025

# ਚੋਣ ਕਮਿਸ਼ਨ ਦੀ ਬੇਫਿਕਰੀ ਦਾ ਰਾਜ਼

*ਬਿਹਾਰ ਵਿੱਚ ਆਪੋਜ਼ੀਸ਼ਨ ਪਾਰਟੀਆਂ ਦੇ ਮਹਾਂ-ਗੱਠਬੰਧਨ ਵੱਲੋਂ ਕੱਢੀ ਜਾ ਰਹੀ 'ਵੋਟ ਅਧਿਕਾਰ ਯਾਤਰਾ' ਦੌਰਾਨ ਰਾਹੁਲ ਗਾਂਧੀ ਚੋਣ ਕਮਿਸ਼ਨ ਦੀ ਨਿਰਪੱਖਤਾ 'ਤੇ ਗੰਭੀਰ ਸਵਾਲ ਉਠਾ ਰਹੇ ਹਨ। ਉਹ ਲੋਕਾਂ ਨੂੰ ਦੱਸ ਰਹੇ ਹਨ ਕਿ ਮੋਦੀ ਸਰਕਾਰ ਨੇ 2023 ਵਿੱਚ ਇੱਕ ਅਜਿਹਾ ਕਾਨੂੰਨ ਬਣਾਇਆ, ਜਿਸ ਦੇ ਤਹਿਤ ਚੋਣ ਕਮਿਸ਼ਨਰਾਂ ਖਿਲਾਫ ਭਵਿੱਖ ਵਿੱਚ ਕੋਈ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ, ਯਾਨਿ ਕਿ ਉਨ੍ਹਾਂ ਨੂੰ ਕਿਸੇ ਵੀ ਦੰਡ ਤੋਂ ਛੋਟ ਮਿਲ ਗਈ ਹੈ। ਇਸ ਕਾਨੂੰਨ ਨਾਲ ਸਰਕਾਰ ਨੇ ਚੋਣ ਕਮਿਸ਼ਨਰਾਂ ਨੂੰ ਇਹ ਭਰੋਸਾ ਦਿਵਾਇਆ ਹੈ ਕਿ ਉਹ ਬੇਝਿਜਕ ਭਾਜਪਾ ਦੇ ਹੱਕ ਵਿੱਚ ਹੇਰਾਫੇਰੀ ਕਰ ਸਕਦੇ ਹਨ, ਫੜੇ ਜਾਣ 'ਤੇ ਵੀ ਉਨ੍ਹਾਂ ਨੂੰ ਸਜ਼ਾ ਨਹੀਂ ਹੋਵੇਗੀ।*

*ਦਰਅਸਲ, 2015 ਵਿੱਚ ਰਿਟਾਇਰਡ ਆਈ ਏ ਐੱਸ ਅਧਿਕਾਰੀ ਅਨੂਪ ਬਰਨਵਾਲ ਨੇ ਸੁਪਰੀਮ ਕੋਰਟ 'ਚ ਇੱਕ ਜਨਹਿੱਤ ਪਟੀਸ਼ਨ ਦਾਇਰ ਕਰਕੇ ਮੁੱਖ ਚੋਣ ਕਮਿਸ਼ਨਰਾਂ ਤੇ ਹੋਰਨਾਂ ਕਮਿਸ਼ਨਰਾਂ ਦੀ ਨਿਯੁਕਤੀ ਪ੍ਰਕਿਰਿਆ ਨੂੰ ਚੁਣੌਤੀ ਦਿੱਤੀ ਸੀ। ਉਨ੍ਹਾ ਦੀ ਦਲੀਲ ਸੀ ਕਿ ਮੌਜੂਦਾ ਵਿਵਸਥਾ, ਜਿਸ ਵਿੱਚ ਰਾਸ਼ਟਰਪਤੀ ਪ੍ਰਧਾਨ ਮੰਤਰੀ ਦੀ ਸਿਫਾਰਸ਼ 'ਤੇ ਕਮਿਸ਼ਨਰ ਨਿਯੁਕਤ ਕਰਦੇ ਹਨ, ਚੋਣ ਕਮਿਸ਼ਨ ਦੀ ਸੁਤੰਤਰਤਾ ਤੇ ਨਿਰਪੱਖਤਾ ਨੂੰ ਕਮਜ਼ੋਰ ਕਰਦੀ ਹੈ। ਉਨ੍ਹਾ ਨਿਰਪੱਖ, ਪਾਰਦਰਸ਼ੀ ਤੇ ਯੋਗਤਾ ਅਧਾਰਤ ਚੋਣ ਪ੍ਰਕਿਰਿਆ ਦੀ ਮੰਗ ਕੀਤੀ ਸੀ।*

*ਚੋਣ ਕਮਿਸ਼ਨ ਦਾ ਗਠਨ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਹੋਣ ਦੇ ਨਾਲ ਹੋਇਆ ਸੀ। ਸੰਵਿਧਾਨ ਸਭਾ ਵਿੱਚ ਆਰਟੀਕਲ 324 'ਤੇ 1949 'ਚ ਲੰਮੀ ਬਹਿਸ ਹੋਈ ਸੀ। ਡਾ. ਬੀ ਆਰ ਅੰਬੇਡਕਰ ਨੇ ਕਿਹਾ ਸੀ ਕਿ ਲੋਕਤੰਤਰ ਦੀ ਸਫਲਤਾ ਲਈ ਕਮਿਸ਼ਨ ਦੀ ਸੁਤੰਤਰਤਾ ਜ਼ਰੂਰੀ ਹੈ। ਪ੍ਰੋਫੈਸਰ ਸ਼ਿਬਨ ਲਾਲ ਸਕਸੈਨਾ ਵਰਗੇ ਕੁਝ ਮੈਂਬਰਾਂ ਨੇ ਸੁਝਾਅ ਦਿੱਤਾ ਸੀ ਕਿ ਚੋਣ ਕਮਿਸ਼ਨਰਾਂ ਦੀਆਂ ਨਿਯੁਕਤੀਆਂ ਸੰਸਦ ਦੀ ਮਨਜ਼ੂਰੀ ਨਾਲ ਹੋਣ, ਪਰ ਡਾ. ਅੰਬੇਡਕਰ ਨੇ ਇਸ ਨੂੰ ਗੈਰਅਮਲੀ ਮੰਨਿਆ। ਇਹ ਤੈਅ ਹੋਇਆ ਕਿ ਸਰਕਾਰ ਦੀ ਸਿਫਾਰਸ਼ 'ਤੇ ਰਾਸ਼ਟਰਪਤੀ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਰਨਗੇ। ਇੱਕ ਵਾਰ ਕਮਿਸ਼ਨਰ ਬਣ ਜਾਣ ਦੇ ਬਾਅਦ ਉਹ ਨਿਰਪੱਖ ਰਹਿਣਗੇ। ਸੰਵਿਧਾਨ ਦੇ ਆਰਟੀਕਲ 324 (5) ਤਹਿਤ ਮੁੱਖ ਚੋਣ ਕਮਿਸ਼ਨਰ ਨੂੰ ਸੁਪਰੀਮ ਕੋਰਟ ਦੇ ਜੱਜਾਂ ਵਰਗੀ ਸੁਰੱਖਿਆ ਦਿੱਤੀ ਗਈ, ਤਾਂ ਕਿ ਸਰਕਾਰ 'ਤੇ ਉਸ ਦਾ ਦਬਾਅ ਨਾ ਰਹੇ। ਅਨੂਪ ਬਰਨਵਾਲ ਬਨਾਮ ਭਾਰਤ ਸੰਘ ਦਾ ਇਹ ਕੇਸ ਕਰੀਬ ਸੱਤ ਸਾਲ ਤੱਕ ਚੱਲਿਆ। ਸੁਪਰੀਮ ਕੋਰਟ ਦੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਨੇ 2 ਮਾਰਚ 2023 ਨੂੰ ਫੈਸਲਾ ਸੁਣਾਇਆ। ਬੈਂਚ ਦੀ ਪ੍ਰਧਾਨਗੀ ਜਸਟਿਸ ਕੇ ਐੱਮ ਜੋਸਫ ਨੇ ਕੀਤੀ ਤੇ ਇਸ ਵਿੱਚ ਜਸਟਿਸ ਅਜੈ ਰਸਤੋਗੀ, ਜਸਟਿਸ ਅਨਿਰੁਧ ਬੋਸ, ਜਸਟਿਸ ਰਿਸ਼ੀਕੇਸ਼ ਰਾਇ ਤੇ ਜਸਟਿਸ ਸੀ ਟੀ ਰਵੀ ਕੁਮਾਰ ਸ਼ਾਮਲ ਸਨ। ਕੋਰਟ ਨੇ ਫੈਸਲਾ ਦਿੱਤਾ ਕਿ ਮੁੱਖ ਚੋਣ ਕਮਿਸ਼ਨਰ ਤੇ ਹੋਰਨਾਂ ਕਮਿਸ਼ਨਰਾਂ ਦੀ ਨਿਯੁਕਤੀ ਖੁੱਲ੍ਹੀ, ਉਚਿਤ ਤੇ ਯੋਗਤਾ ਅਧਾਰਤ ਹੋਣੀ ਚਾਹੀਦੀ ਹੈ। ਇੱਕ ਚੋਣ ਕਮੇਟੀ, ਜਿਸ ਵਿੱਚ ਪ੍ਰਧਾਨ ਮੰਤਰੀ, ਆਪੋਜ਼ੀਸ਼ਨ ਦੇ ਆਗੂ ਤੇ ਭਾਰਤ ਦੇ ਚੀਫ ਜਸਟਿਸ ਸ਼ਾਮਲ ਹੋਣ, ਨਿਯੁਕਤੀਆਂ ਲਈ ਉਮੀਦਵਾਰਾਂ ਦੀ ਚੋਣ ਕਰੇਗੀ। ਜੇ ਆਪੋਜ਼ੀਸ਼ਨ ਦਾ ਕੋਈ ਆਗੂ ਨਹੀਂ ਹੈ ਤਾਂ ਲੋਕ ਸਭਾ ਵਿੱਚ ਮੁੱਖ ਆਪੋਜ਼ੀਸ਼ਨ ਪਾਰਟੀ ਦੇ ਆਗੂ ਨੂੰ ਕਮੇਟੀ ਵਿੱਚ ਸ਼ਾਮਲ ਕੀਤਾ ਜਾਵੇ। ਇਹ ਵਿਵਸਥਾ ਉਦੋਂ ਤੱਕ ਲਾਗੂ ਰਹੇਗੀ, ਜਦੋਂ ਤੱਕ ਸੰਸਦ ਕੋਈ ਉਚਿਤ ਕਾਨੂੰਨ ਨਹੀਂ ਬਣਾਉਂਦੀ। ਇਸ ਫੈਸਲੇ ਨੂੰ ਲੋਕਤੰਤਰ ਵਿੱਚ ਚੋਣ ਕਮਿਸ਼ਨ ਦੀ ਖੁਦਮੁਖਤਾਰੀ ਨੂੰ ਮਜ਼ਬੂਤ ਕਰਨ ਵਾਲਾ ਮੰਨਿਆ ਗਿਆ। ਚੀਫ ਜਸਟਿਸ ਦੀ ਮੌਜੂਦਗੀ ਨਾਲ ਚੋਣ ਕਮੇਟੀ ਵਿੱਚ ਸੰਤੁਲਨ ਬਣਦਾ ਸੀ—ਇੱਕ ਵੋਟ ਸਰਕਾਰ ਦੀ, ਇੱਕ ਆਪੋਜ਼ੀਸ਼ਨ ਦੀ ਤੇ ਤੀਜੀ ਨਿਰਪੱਖ, ਪਰ ਇਸ ਫੈਸਲੇ ਦੇ ਕੁਝ ਮਹੀਨੇ ਬਾਅਦ ਹੀ ਮੋਦੀ ਸਰਕਾਰ ਨੇ ਅਜਿਹਾ ਕਦਮ ਚੁੱਕਿਆ, ਜਿਸ ਨੇ ਇਸ ਫੈਸਲੇ ਦੀ ਭਾਵਨਾ ਨੂੰ ਨਸ਼ਟ ਕਰ ਦਿੱਤਾ। ਅਗਸਤ 2023 ਵਿੱਚ ਸਰਕਾਰ ਨੇ ਸੰਸਦ ਵਿੱਚ ਮੁੱਖ ਚੋਣ ਕਮਿਸ਼ਨਰ ਤੇ ਦੂਜੇ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਸ਼ਰਤਾਂ ਤੇ ਕਾਰਜਕਾਲ) ਬਿੱਲ ਪੇਸ਼ ਕੀਤਾ, ਜਿਸ ਨੂੰ ਦਸੰਬਰ 2023 ਨੂੰ ਪਾਸ ਕਰਕੇ 28 ਦਸੰਬਰ ਨੂੰ ਨੋਟੀਫਾਈ ਕਰ ਦਿੱਤਾ ਗਿਆ। ਇਸ ਕਾਨੂੰਨ ਵਿੱਚ ਦੋ ਵੱਡੇ ਬਦਲਾਅ ਕੀਤੇ ਗਏ। ਪਹਿਲਾ ਇਹ ਕਿ ਚੋਣ ਕਮੇਟੀ ਵਿੱਚੋਂ ਚੀਫ ਜਸਟਿਸ ਨੂੰ ਹਟਾ ਕੇ ਪ੍ਰਧਾਨ ਮੰਤਰੀ ਵੱਲੋਂ ਨਾਮਜ਼ਦ ਕੈਬਨਿਟ ਮੰਤਰੀ ਨੂੰ ਸ਼ਾਮਲ ਕਰ ਦਿੱਤਾ ਗਿਆ। ਹੁਣ ਚੋਣ ਕਮੇਟੀ ਵਿੱਚ ਪ੍ਰਧਾਨ ਮੰਤਰੀ, ਕੈਬਨਿਟ ਮੰਤਰੀ ਤੇ ਆਪੋਜ਼ੀਸ਼ਨ ਦੇ ਆਗੂ ਹੁੰਦੇ ਹਨ। ਇਸ ਦਾ ਮਤਲਬ ਹਮੇਸ਼ਾ ਸਰਕਾਰ ਦਾ ਬਹੁਮਤ ਰਹੇਗਾ। ਦੂਜਾ ਬਦਲਾਅ ਇਹ ਕੀਤਾ ਗਿਆ ਕਿ ਕਮਿਸ਼ਨਰਾਂ ਖਿਲਾਫ ਉਨ੍ਹਾਂ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਲਈ ਕੋਈ ਦੀਵਾਨੀ ਜਾਂ ਫੌਜਦਾਰੀ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ।*

*ਇਨ੍ਹਾਂ ਬਦਲਾਵਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ, ਪਰ ਹੈਰਾਨੀ ਦੀ ਗੱਲ ਹੈ ਕਿ ਡੇਢ ਸਾਲ ਦੇ ਬਾਅਦ ਵੀ ਸੁਣਵਾਈ ਨਹੀਂ ਹੋਈ। ਪਟੀਸ਼ਨਰ ਨਿਰਾਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਦੇ ਫੈਸਲੇ ਦੀਆਂ ਧੱਜੀਆਂ ਉਡ ਗਈਆਂ, ਪਰ ਸੁਪਰੀਮ ਕੋਰਟ ਖਾਮੋਸ਼ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਵੋਟ ਅਧਿਕਾਰ ਯਾਤਰਾ ਨੂੰ ਮਿਲ ਰਹੇ ਹੁੰਗਾਰੇ ਤੇ ਚੋਣ ਕਮਿਸ਼ਨ ਖਿਲਾਫ ਦੇਸ਼ ਭਰ ਵਿੱਚ ਫੈਲੇ ਗੁੱਸੇ ਦੇ ਮੱਦੇਨਜ਼ਰ ਸੁਪਰੀਮ ਕੋਰਟ ਮਾਮਲੇ ਨੂੰ ਛੇਤੀ ਨਿਬੇੜ ਕੇ ਅਜਿਹਾ ਫੈਸਲਾ ਦੇਵੇਗੀ, ਜਿਸ ਨਾਲ ਚੋਣ ਕਮਿਸ਼ਨ 'ਤੇ ਲੋਕਾਂ ਦਾ ਭਰੋਸਾ ਬਹਾਲ ਹੋ ਸਕੇ।*

## ਕਾਠ ਦੀ ਲੱਤ ਵਰਗੇ !

*ਸਭ ਦੇ ਬਾਹਰ ਤੋਂ ਫਿੱਟ ਸਰੀਰ ਦਿਸਦੇ,*
*ਪਰ ਮਨ ਹਨ ਚੋਂਦੀ ਹੋਈ ਛੱਤ ਵਰਗੇ।*
*ਇੱਕ-ਦੂਜੇ ਨੂੰ ਵੰਡਦੇ ਅਕਲ ਫਿਰਦੇ,*
*ਰਿਸ਼ਤੇ ਸਾਰੇ ਨੇ ਥਿੜਕ ਗਈ ਮੱਤ ਵਰਗੇ।*
*ਅੱਖਾਂ ਸਾਹਮਣੇ ਹਵਾ-ਹਵਾਈ ਹੋ ਗਏ,*
*ਲੋਕ ਲਿਖੇ ਹੋਏ ਖ਼ਤ ਖੁਸ਼ਖਤ ਵਰਗੇ।*
*ਖੂਹ ਪੂਰਨ ਦੇ ਨਾਲ ਹੀ ਨਾਲ ਹੱਥੀਂ,*
*ਪੂਰ ਦਿੱਤੇ ਨੇ ਸ਼ਬਦ ਅਪਣੱਤ ਵਰਗੇ।*
*ਆਪੋ ਆਪਣੇ ਤੇਜ਼ ਦਿਮਾਗ 'ਤੇ,*
*ਪਰਦੇ ਪਾ ਲਏ ਭੇਡਾਂ ਦੀ ਜੱਤ ਵਰਗੇ।*
*ਚੂੰਢੀ ਵੱਢੀ ਦਾ ਕੋਈ ਨ੍ਹੀਂ ਅਸਰ ਹੁੰਦਾ,*
*ਲੋਕ ਬਣ ਗਏ ਕਾਠ ਦੀ ਲੱਤ ਵਰਗੇ!*

**-ਗੁਲਪੁਰ**

# ਅਲਾਸਕਾ 'ਚ ਟਰੰਪ-ਪੁਤਿਨ ਮੁਲਾਕਾਤ ਬੇਨਤੀਜਾ ਖ਼ਤਮ



ਮੁਹੰਮਦ ਅੱਬਾਸ ਧਾਲੀਵਾਲ

ਗੱਲ ਜੇਕਰ ਹਾਲ ਹੀ ਵਿੱਚ ਅਲਾਸਕਾ ਦੇ ਐਨਕੋਰੇਜ ਵਿਖੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਮੁਲਾਕਾਤ ਦੀ ਕਰੀਏ, ਜਿਸ ਮੁਲਾਕਾਤ 'ਤੇ ਪਿਛਲੇ ਕਈ ਦਿਨਾਂ ਤੋਂ ਦੁਨੀਆ ਭਰ ਦੇ ਦੇਸ਼ਾਂ ਦੀ ਨਜ਼ਰਾਂ ਟਿਕੀਆਂ ਹੋਈਆਂ ਸਨ। ਦਰਅਸਲ ਰੂਸ ਤੇ ਅਮਰੀਕਾ ਦਰਮਿਆਨ ਰਿਸ਼ਤੇ ਬਣਨ ਤੇ ਵਿਗੜਨ ਦਾ ਪ੍ਰਭਾਵ ਦੁਨੀਆ ਦੇ ਦੂਜੇ ਦੇਸ਼ਾਂ 'ਤੇ ਵੀ ਅਕਸਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਵੇਖਣ ਨੂੰ ਮਿਲਦਾ ਹੈ। ਇੱਥੋਂ ਤੱਕ ਕਿ ਜੇਕਰ ਗੱਲ ਅਸੀਂ ਆਪਣੇ ਭਾਰਤ ਦੀ ਕਰੀਏ ਤਾਂ ਇਹ ਵੀ ਇਨ੍ਹਾਂ ਦੇ ਬਣਦੇ-ਵਿਗੜਦੇ ਰਿਸ਼ਤਿਆਂ ਦੇ ਪ੍ਰਭਾਵਾਂ ਤੋਂ ਅਛੂਤਾ ਨਹੀਂ ਰਹਿ ਸਕਦਾ।

ਉਧਰ ਦੁਨੀਆ ਵੀ ਟਰੰਪ-ਪੁਤਿਨ ਸਰਬਰਾਹ ਹੀ ਬੈਠਕ ਦੀਆਂ ਜਾਣਕਾਰੀਆਂ ਲੱਭਣ ਲਈ ਬੇਤਾਬ ਸੀ , ਉੱਥੇ ਹੀ ਫਾਕਸ ਨਿਊਜ਼ ਨੇ ਪਹਿਲਾਂ ਹੀ ਅਲਾਸਕਾ ਮੁਲਾਕਾਤ 'ਤੇ ਆਪਣੀ ਰਿਪੋਰਟ ਜਾਰੀ ਕਰਦਿਆ ਕਿਹਾ ਕਿ ਰੂਸੀ ਰਾਸ਼ਟਰਪਤੀ ਨੇ 'ਘਰੇਲੂ ਫਾਇਦੇ' ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਨੂੰ ਪੂਰੀ ਤਰ੍ਹਾਂ ਪਿੱਛੇ ਧੱਕ ਦਿੱਤਾ।

ਗੱਲ ਅਮਰੀਕਾ ਦੀ ਕਰੀਏ ਤਾਂ ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਉਹਨਾ ਦੇ ਰੂਸੀ ਸਮਕਾਲੀ ਵਲਾਦੀਮੀਰ ਪੁਤਿਨ ਆਖ਼ਰਕਾਰ ਸ਼ੁੱਕਰਵਾਰ ਨੂੰ ਅਲਾਸਕਾ ਵਿੱਚ ਮਿਲੇ ਤਾਂ ਜੋ ਰੂਸ-ਯੂਕਰੇਨ ਸੰਕਟ ਦੇ ਸੰਭਾਵੀ ਹੱਲ 'ਤੇ ਗੱਲਬਾਤ ਕਰ ਸਕਣ। ਹਾਲਾਂਕਿ ਉਹਨਾਂ ਦੀ ਗੱਲਬਾਤ ਦੇ ਨਤੀਜੇ ਸ਼ੁਰੂ ਵਿੱਚ ਵੱਡੇ ਪੱਧਰ 'ਤੇ ਰਾਜ਼ ਰੱਖੇ ਗਏ, ਪਰ ਅਚਾਨਕ ਖ਼ਤਮ ਹੋਈ ਇਸ ਬੈਠਕ ਨੇ ਦੁਨੀਆ ਨੂੰ ਬਹੁਤ ਹੀ ਘੱਟ ਉਪਲੱਬਧ ਜਾਣਕਾਰੀ 'ਤੇ ਸਬਰ ਕਰਨਾ ਪਿਆ।

ਦੁਨੀਆ ਦੇ ਇਹ ਦੋ ਨੇਤਾਵਾਂ ਦੀ ਲਗਭਗ ਤਿੰਨ ਘੰਟੇ ਲੰਮੀ ਮੀਟਿੰਗ ਤੋਂ ਘੱਟੋ-ਘੱਟ ਇੱਕ ਗੱਲ ਤਾਂ ਯਕੀਨੀ ਹੋ ਗਈ ਹੈ ਅਤੇ ਉਹ ਇਹ ਹੈ ਕਿ ਕੋਈ ਵੀ ਸਮਝੌਤਾ ਨਹੀਂ ਹੋਇਆ । ਇਸ ਦੇ ਨਤੀਜੇ ਵਜੋਂ ਉਹ ਜੰਗ-ਵਿਰਾਮ ਵੀ ਕਿਤੇ ਨਜ਼ਰ ਨਹੀਂ ਆ ਰਿਹਾ, ਜਿਸ ਨੂੰ ਟਰੰਪ ਲੰਮੇ ਸਮੇਂ ਤੋਂ ਵਿਵਾਦਗ੍ਰਸਤ ਦੇਸ਼ਾਂ ਵਿਚਕਾਰ ਅਮਨਕਰਤਾ ਵਜੋਂ ਚਾਹੁੰਦੇ ਸਨ।

ਬੀ ਬੀ ਸੀ ਦੀ ਇੱਕ ਰਿਪੋਰਟ ਅਨੁਸਾਰ ਅਲਾਸਕਾ ਦੇ ਐਂਕੋਰੇਜ ਵਿੱਚ ਡੋਨਾਲਡ ਟਰੰਪ ਅਤੇ ਵਲਾਦੀਮੀਰ ਪੁਤਿਨ ਦੀ ਮੁਲਾਕਾਤ ਲਗਭਗ ਤਿੰਨ ਘੰਟੇ ਚੱਲੀ, ਪਰ ਨਾ ਤਾਂ ਜੰਗਬੰਦੀ 'ਤੇ ਕੋਈ ਸਹਿਮਤੀ ਬਣੀ ਅਤੇ ਨਾ ਹੀ ਕੋਈ ਠੋਸ ਸਮਝੌਤਾ ਨਿਕਲਿਆ । ਟਰੰਪ ਨੇ ਕਿਹਾ-ਕੋਈ ਸਮਝੌਤਾ ਤਦ ਤੱਕ ਨਹੀਂ ਹੁੰਦਾ, ਜਦ ਤੱਕ ਅਸਲ ਵਿੱਚ ਸਮਝੌਤਾ ਨਹੀਂ ਹੋ ਜਾਂਦਾ । ਉਨ੍ਹਾ ਨੇ ਇਹ ਵੀ ਮੰਨਿਆ ਕਿ ਅਸੀਂ ਉਥੇ ਤੱਕ ਨਹੀਂ ਪਹੁੰਚੇ । ਪੁਤਿਨ ਨੇ ਸੰਘਰਸ਼ ਖ਼ਤਮ ਕਰਨ ਦੀ ਗੱਲ ਕੀਤੀ ਪਰ ਮੂਲ ਕਾਰਣ ਦੂਰ ਕਰਨ ਦਾ ਜ਼ਿਕਰ ਕੀਤਾ ਅਤੇ ਅਗਲੀ ਮੁਲਾਕਾਤ ਲਈ ਅਗਲੀ ਵਾਰ ਮਾਸਕੋ ਵਿੱਚ ਕਰਨ ਦਾ ਸੰਕੇਤ ਦਿੱਤਾ। ਸੰਯੁਕਤ ਬਿਆਨ ਜਾਰੀ ਕੀਤਾ ਗਿਆ, ਪਰ ਦੋਵਾਂ ਨੇਤਾਵਾਂ ਨੇ ਪੱਤਰਕਾਰਾਂ ਦੇ ਸਵਾਲ ਨਹੀਂ ਸੁਣੇ।

ਬੰਦ ਕਮਰੇ ਵਿੱਚ ਗੱਲਬਾਤ ਸ਼ੁਰੂਆਤੀ ਯੋਜਨਾ ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਰੂਸੀ ਰਾਸ਼ਟਰਪਤੀ ਪੁਤਿਨ ਦੇ ਦਰਮਿਆਨ ਇਕੱਲੇ ਵਿੱਚ ਮਿਲਣ ਦੀ ਸੀ, ਪਰ ਆਖ਼ਰੀ ਵੇਲੇ ਤਬਦੀਲੀ ਹੋਈ ਅਤੇ ਵਾਰਤਾਲਾਪ ਥ੍ਰੀ-ਆਨ-ਥ੍ਰੀ ਫ਼ਾਰਮੈਟ ਵਿੱਚ ਹੋਈ । ਯਾਨਿ ਦੋਵਾਂ ਰਾਸ਼ਟਰਪਤੀਆਂ ਦੇ ਨਾਲ ਉਹਨਾਂ ਦੇ ਦੋ-ਦੋ ਪ੍ਰਮੁੱਖ ਸਲਾਹਕਾਰ ਵੀ ਮੇਜ਼ 'ਤੇ ਮੌਜੂਦ ਸਨ। ਅਮਰੀਕਾ ਵੱਲੋਂ ਵਿਦੇਸ਼ ਮੰਤਰੀ ਮਾਰਕੋ ਰੁਬਿਓ ਅਤੇ ਵਿਸ਼ੇਸ਼ ਦੂਤ ਸਟੀਵ ਵਿਟਕਾਫ਼ ਸ਼ਾਮਲ ਸਨ, ਜਦਕਿ ਰੂਸ ਵੱਲੋਂ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਅਤੇ ਵਿਦੇਸ਼ ਨੀਤੀ ਸਲਾਹਕਾਰ ਯੂਰੀ ਉਸ਼ਾਕੋਵ ਵੀ ਹਾਜ਼ਰ ਸਨ।

ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਵਾਰਤਾ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਜਾਂ ਯੂਕਰੇਨ ਦਾ ਕੋਈ ਪ੍ਰਤੀਨਿਧੀ ਸ਼ਾਮਲ ਨਹੀਂ ਸੀ।

ਤਿੰਨ ਘੰਟਿਆਂ ਤੋਂ ਵੱਧ ਚੱਲੀ ਇਸ ਮੁਲਾਕਾਤ ਤੋਂ ਬਾਅਦ ਪੁਤਿਨ ਨੇ ਕਿਹਾ ਕਿ ਯੂਕਰੇਨ ਵਿੱਚ ਚੱਲ ਰਹੇ ਸੰਘਰਸ਼ ਨੂੰ ਖ਼ਤਮ ਕਰਨ ਵਿੱਚ ਰੂਸ ਇਮਾਨਦਾਰੀ ਨਾਲ ਰੁਚੀ ਰੱਖਦਾ ਹੈ । ਉਨ੍ਹਾਂ ਜੰਗ ਨੂੰ ਇੱਕ ਤ੍ਰਾਸਦੀ ਕਿਹਾ, ਪਰ ਜ਼ੋਰ ਦੇ ਕੇ ਕਿਹਾ ਕਿ ਕਿਸੇ ਟਿਕਾਊ ਸਮਝੌਤੇ ਲਈ ਪਹਿਲਾਂ ਇਸ ਸੰਘਰਸ਼ ਦੇ ਮੂਲ ਕਾਰਣਾਂ ਨੂੰ ਖ਼ਤਮ ਕਰਨਾ ਹੋਵੇਗਾ । ਪੁਤਿਨ ਨੇ ਪੱਛਮੀ ਦੇਸ਼ਾਂ ਅਤੇ ਯੂਕਰੇਨ ਨੂੰ ਚੇਤਾਵਨੀ ਦਿੱਤੀ ਕਿ ਸ਼ਾਂਤੀ ਪ੍ਰਕਿਰਿਆ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਜਾਂ ਨੁਕਸਾਨ ਨਾ ਪਹੁੰਚਾਇਆ ਜਾਵੇ। ਆਪਣੀ ਟਿੱਪਣੀ ਵਿੱਚ ਉਹਨਾਂ ਇਸ ਮੁਲਾਕਾਤ ਨੂੰ ਸੰਘਰਸ਼ ਦੇ ਹੱਲ ਦੀ ਦਿਸ਼ਾ ਵਿੱਚ ਇੱਕ ਸ਼ੁਰੂਆਤੀ ਬਿੰਦੂ ਕਿਹਾ।

ਪੁਤਿਨ ਨੇ ਟਰੰਪ ਨਾਲ ਆਪਣੇ ਰਿਸ਼ਤੇ ਨੂੰ ਵਪਾਰਕ ਦੱਸਿਆ ਅਤੇ ਟਰੰਪ ਦੇ ਇਸ ਦਾਅਵੇ ਨਾਲ ਸਹਿਮਤੀ ਜਤਾਈ ਕਿ ਜੇ ਉਹ 2020 ਦੀਆਂ ਚੋਣਾਂ ਤੋਂ ਬਾਅਦ ਵੀ ਅਹੁਦੇ 'ਤੇ ਰਹਿੰਦੇ ਤਾਂ ਜੰਗ ਸ਼ੁਰੂ ਨਾ ਹੁੰਦੀ। ਉਹਨਾਂ ਨੇ ਕਿਹਾ-ਟਰੰਪ ਸਾਫ਼ ਤੌਰ 'ਤੇ ਆਪਣੇ ਦੇਸ਼ ਦੀ ਖੁਸ਼ਹਾਲੀ ਦੀ ਚਿੰਤਾ ਕਰਦੇ ਹਨ, ਪਰ ਉਹ ਸਮਝਦੇ ਹਨ ਕਿ ਰੂਸ ਦੇ ਆਪਣੇ ਹਿੱਤ ਹਨ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਕਿ ਦੋਵਾਂ ਦੇ ਵਿਚਕਾਰ ਕਈ ਮਸਲਿਆਂ 'ਤੇ ਸਹਿਮਤੀ ਬਣ ਗਈ ਹੈ, ਪਰ ਕੁਝ ਮਸਲੇ ਅਜੇ ਵੀ ਬਾਕੀ ਹਨ। ਨਾਲ ਹੀ ਉਹਨਾਂ ਇਹ ਵੀ ਕਿਹਾ ਕਿ ਕੋਈ ਸਮਝੌਤਾ ਤਦ ਤੱਕ ਨਹੀਂ ਹੁੰਦਾ, ਜਦ ਤੱਕ ਅਸਲ ਵਿੱਚ ਸਮਝੌਤਾ ਨਹੀਂ ਹੋ ਜਾਂਦਾ ।ਉਨ੍ਹਾਂ ਦੇ ਮੁਤਾਬਕ ਗੱਲਬਾਤ ਵਿੱਚ ਤਰੱਕੀ ਹੋਈ ਹੈ ਪਰ ਫਿਲਹਾਲ ਸਮਝੌਤੇ ਤੱਕ ਨਹੀਂ ਪਹੁੰਚਿਆ ਜਾ ਸਕਿਆ ।

ਟਰੰਪ ਦਾ ਕਹਿਣਾ ਹੈ ਕਿ ਹੁਣ ਉਹ ਨਾਟੋ ਸਾਥੀਆਂ, ਯੂਰਪੀ ਨੇਤਾਵਾਂ ਅਤੇ ਸਿੱਧੇ ਰਾਸ਼ਟਰਪਤੀ ਜ਼ੇਲੈਂਸਕੀ ਨਾਲ ਗੱਲ ਕਰਨਗੇ । ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਸਮਝੌਤੇ 'ਤੇ ਆਖ਼ਰੀ ਫ਼ੈਸਲਾ ਆਖ਼ਿਰਕਾਰ ਉਨ੍ਹਾ ਉੱਤੇ ਹੀ ਨਿਰਭਰ ਕਰਦਾ ਹੈ । ਟਰੰਪ ਨੇ ਸੰਯੁਕਤ ਬਿਆਨ ਨੂੰ ਪੁਤਿਨ ਦਾ ਧੰਨਵਾਦ ਕਰਕੇ ਖ਼ਤਮ ਕੀਤਾ ਅਤੇ ਉਹਨਾਂ ਨੂੰ ਵਲਾਦੀਮੀਰ ਕਹਿ ਕੇ ਸੰਬੋਧਨ ਕੀਤਾ । ਉਨ੍ਹਾ ਨੇ ਕਿਹਾ-ਅਸੀਂ ਤੁਹਾਡੇ ਨਾਲ ਬਹੁਤ ਜਲਦੀ ਗੱਲ ਕਰਾਂਗੇ ਅਤੇ ਸ਼ਾਇਦ ਤੁਹਾਡੇ ਨਾਲ ਫਿਰ ਬਹੁਤ ਜਲਦੀ ਮਿਲਾਂਗੇ ।ਇਸ 'ਤੇ ਪੁਤਿਨ ਨੇ ਅੰਗਰੇਜ਼ੀ ਵਿੱਚ ਜਵਾਬ ਦਿੱਤਾ-ਅਗਲੀ ਵਾਰ ਮਾਸਕੋ ਵਿੱਚ।

ਇਸ ਤੋਂ ਬਾਅਦ ਦੋਵੇਂ ਨੇਤਾ ਮੰਚ 'ਤੇ ਹੱਥ ਮਿਲਾ ਕੇ, ਪੱਤਰਕਾਰਾਂ ਦੇ ਲਗਾਤਾਰ ਪੁੱਛੇ ਸਵਾਲਾਂ ਨੂੰ ਅਣਡਿੱਠਾ ਕਰਦੇ ਹੋਏ ਮੰਚ ਤੋਂ ਹੇਠਾਂ ਉਤਰ ਗਏ। ਕਿਸੇ ਪੱਖ ਨੇ ਮੀਡੀਆ ਦੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਅਗਲੀ ਮੀਟਿੰਗ ਬਾਰੇ ਕੋਈ ਪੱਕੀ ਜਾਣਕਾਰੀ ਦਿੱਤੀ।

ਰੂਸ ਵੱਲੋਂ ਪ੍ਰੈੱਸ ਕਾਨਫਰੰਸ ਵਿੱਚ ਸਵਾਲ ਨਾ ਲੈਣ 'ਤੇ ਬਿਆਨ ਰੂਸੀ ਖ਼ਬਰ ਏਜੰਸੀ ਤਾਸ ਦੇ ਮੁਤਾਬਕ ਰੂਸੀ ਰਾਸ਼ਟਰਪਤੀ ਦੇ ਪ੍ਰੈੱਸ ਸਕੱਤਰ ਦਿਮਿਤਰੀ ਪੇਸਕੋਵ ਨੇ ਕਿਹਾ ਕਿ ਵਿਸਤ੍ਰਿਤ ਟਿੱਪਣੀਆਂ ਕਰਨ ਦੇ ਕਾਰਨ ਸਵਾਲ ਨਾ ਲੈਣ ਦਾ ਫ਼ੈਸਲਾ ਕੀਤਾ ਗਿਆ। ਜਦ ਉਹਨਾ ਤੋਂ ਪੁੱਛਿਆ ਗਿਆ ਕਿ ਪ੍ਰੈੱਸ ਕਾਨਫਰੰਸ ਆਖ਼ਿਰਕਾਰ ਸਿਰਫ਼ ਨੇਤਾਵਾਂ ਦੇ ਬਿਆਨਾਂ ਦੇ ਰੂਪ ਵਿੱਚ ਹੀ ਕਿਉਂ ਹੋਈ, ਤਾਂ ਉਹਨਾ ਜਵਾਬ ਦਿੱਤਾ-ਵਿਸਤ੍ਰਿਤ ਬਿਆਨ ਦਿੱਤੇ ਗਏ ਸਨ ।ਉਹਨਾਂ ਕਿਹਾ- ਗੱਲਬਾਤ ਵਾਕਈ ਬਹੁਤ ਚੰਗੀ ਰਹੀ ਅਤੇ ਦੋਵੇਂ ਨੇਤਾਵਾਂ ਨੇ ਇਹੀ ਕਿਹਾ। ਇਸ ਤਰ੍ਹਾਂ ਦੀ ਗੱਲਬਾਤ ਨਾਲ ਮਿਲ ਕੇ ਸ਼ਾਂਤੀ ਦਾ ਰਸਤਾ ਲੱਭਣ ਦੀ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਜਾ ਸਕਦੇ ਹਨ ।

ਬੀ ਬੀ ਸੀ ਸੰਵਾਦਦਾਤਾ ਐਂਥਨੀ ਜ਼ਰਚਰ ਦਾ ਆਖਣਾ ਹੈ ਕਿ ਟਰੰਪ ਦਾ ਇਹ ਬਿਆਨ ਕੋਈ ਸਮਝੌਤਾ ਤਦ ਤੱਕ ਨਹੀਂ ਹੁੰਦਾ, ਜਦ ਤੱਕ ਅਸਲ ਵਿੱਚ ਸਮਝੌਤਾ ਨਹੀਂ ਹੋ ਜਾਂਦਾ, ਦਰਅਸਲ ਬਿਨਾਂ ਨਤੀਜੇ ਵਾਲੀ ਵਾਰਤਾ ਨੂੰ ਘੁਮਾ-ਫਿਰਾ ਕੇ ਸਵੀਕਾਰ ਕਰਨ ਦਾ ਇੱਕ ਤਰੀਕਾ ਸੀ। ਡੋਨਾਲਡ ਟਰੰਪ ਨੇ ਐਂਕੋਰੇਜ ਵਿੱਚ ਸਿਖਰ ਵਾਰਤਾ ਤੋਂ ਬਾਅਦ ਆਪਣੇ ਸ਼ੁਰੂਆਤੀ ਬਿਆਨ ਵਿੱਚ ਇਹ ਗੱਲ ਕਹੀ। ਕਈ ਘੰਟਿਆਂ ਦੀ ਗੱਲਬਾਤ ਤੋਂ ਬਾਅਦ ਆਖ਼ਿਰਕਾਰ ਨਾ ਤਾਂ ਜੰਗਬੰਦੀ ਹੋਈ ਅਤੇ ਨਾ ਹੀ ਕੋਈ ਠੋਸ ਨਤੀਜਾ ਨਿਕਲਿਆ। ਟਰੰਪ ਨੇ ਕਿਹਾ ਕਿ ਉਹਨਾਂ ਅਤੇ ਵਲਾਦੀਮੀਰ ਪੁਤਿਨ ਨੇ ਕੁਝ ਵੱਡੀ ਤਰੱਕੀ ਕੀਤੀ ਹੈ, ਪਰ ਇਸ ਬਾਰੇ ਬਹੁਤ ਘੱਟ ਜਾਣਕਾਰੀ ਦਿੱਤੀ, ਜਿਸ ਨਾਲ ਬਾਕੀ ਦੁਨੀਆ ਲਈ ਇਹ ਸਭ ਅਨੁਮਾਨ ਦਾ ਵਿਸ਼ਾ ਬਣ ਗਿਆ । ਟਰੰਪ ਨੇ ਬਾਅਦ ਵਿੱਚ ਕਿਹਾ-ਅਸੀਂ ਉਥੇ ਤੱਕ ਨਹੀਂ ਪਹੁੰਚੇ । ਉਹ ਬਿਨਾਂ ਕਿਸੇ ਸਵਾਲ ਦਾ ਜਵਾਬ ਦਿੱਤੇ ਕਮਰੇ ਤੋਂ ਬਾਹਰ ਨਿਕਲ ਗਏ, ਹਾਲਾਂਕਿ ਉੱਥੇ ਸੈਂਕੜਿਆਂ ਪੱਤਰਕਾਰ ਮੌਜੂਦ ਸਨ ।

ਹੁਣ ਗੱਲ ਉਕਤ ਦੋਵਾਂ ਮਹਾਂ-ਸ਼ਕਤੀਆਂ ਦੀ ਮੁਲਾਕਾਤ ਦੀ ਕਰੀਏ ਤਾਂ ਇਹਨਾਂ ਵਿਚਕਾਰ ਇਹ ਮੁਲਾਕਾਤ ਲਗਭਗ ਤਿੰਨ ਘੰਟੇ ਚੱਲੀ।

ਇਸ ਉਕਤ ਮੁਲਾਕਾਤ ਦੌਰਾਨ ਕੋਈ ਜੰਗਬੰਦੀ (ceasefire) ਜਾਂ ਠੋਸ ਸਮਝੌਤਾ ਨਹੀਂ ਹੋਇਆ ।ਇਸ ਸੰਦਰਭ ਟਰੰਪ ਦਾ ਕਹਿਣਾ ਹੈ ਕਿ ਕੋਈ ਸਮਝੌਤਾ ਤਦ ਤੱਕ ਨਹੀਂ ਹੁੰਦਾ, ਜਦ ਤੱਕ ਅਸਲ ਵਿੱਚ ਸਮਝੌਤਾ ਨਹੀਂ ਹੋ ਜਾਂਦਾ। ਅਸੀਂ ਉੱਥੇ ਤੱਕ ਨਹੀਂ ਪਹੁੰਚੇ।ਜਦੋਂ ਕਿ ਪੁਤਿਨ ਨੇ ਕਿਹਾ ਕਿ ਰੂਸ ਸੰਘਰਸ਼ ਖ਼ਤਮ ਕਰਨ ਵਿੱਚ ਇਮਾਨਦਾਰੀ ਨਾਲ ਰੁਚੀ ਰੱਖਦਾ ਹੈ , ਪਰ ਕਿਸੇ ਵੀ ਟਿਕਾਊ ਸ਼ਾਂਤੀ ਲਈ ਮੂਲ ਕਾਰਨਾਂ ਦਾ ਹੱਲ ਜ਼ਰੂਰੀ ਹੈ।

ਦੋਵੇਂ ਨੇਤਾਵਾਂ ਨੇ ਇੱਕ ਸੰਯੁਕਤ ਬਿਆਨ ਜਾਰੀ ਕੀਤਾ, ਪਰ ਕਿਸੇ ਵੀ ਪੱਤਰਕਾਰ ਦੇ ਸਵਾਲ ਨਹੀਂ ਸੁਣੇ।

ਉਧਰ ਉਕਤ ਮੁਲਾਕਾਤ ਤੋਂ ਕਾਫ਼ੀ ਉਮੀਦਾਂ ਸਨ ਪਰ ਗੱਲਬਾਤ ਬੇਨਤੀਜਾ ਰਹਿਣ ਦੇ ਚਲਦਿਆਂ ਅੰਤਰਰਾਸ਼ਟਰੀ ਪ੍ਰਤੀਕਿਰਿਆ ਵੀ ਸਾਹਮਣੇ ਆ ਰਹੀਆਂ ਹਨ। ਇਸ ਸੰਦਰਭ ਵਿੱਚ ਮੀਟਿੰਗ ਦੇ ਅਧੂਰੇ ਨਤੀਜਿਆਂ ਕਾਰਨ ਵਿਸ਼ਵ ਭਰ ਵਿੱਚ ਮਿਸ਼ਰਤ ਪ੍ਰਤੀਕਿਰਿਆ ਵੇਖਣ ਨੂੰ ਮਿਲ ਰਹੀ ਹੈ ।

ਕੁੱਲ ਮਿਲਾ ਕੇ ਨਤੀਜਾ ਇਹ ਨਿਕਲਿਆ ਹੈ ਕਿ ਮੀਟਿੰਗ ਲੰਮੀ ਤੇ ਮਹੱਤਵਪੂਰਨ ਸੀ, ਪਰ ਇਸ ਤੋਂ ਕੋਈ ਵੱਡਾ ਜਾਂ ਅੰਤਮ ਸਮਝੌਤਾ ਨਹੀਂ ਨਿਕਲਿਆ । ਇਸ ਨੂੰ ਸਿਰਫ਼ ਗੱਲਬਾਤ ਦਾ ਸ਼ੁਰੂਆਤੀ ਪੁਆਇੰਟ ਮੰਨਿਆ ਜਾ ਰਿਹਾ ਹੈ ।

***# ਸੰਪਰਕ : 98552-59650***

# ਆਜ਼ਾਦੀ ਲਈ ਇੱਕ ਨਵੀਂ ਲੜਾਈ ਦੁਬਾਰਾ ਲੜਨੀ ਪਵੇਗੀ

*ਬ੍ਰਿਟਿਸ਼ ਗੁਲਾਮੀ ਦਾ ਵਿਚਾਰਧਾਰਕ ਅਤੇ ਸੰਗਠਨਾਤਮਕ ਸਮਰਥਨ ਕਰਨ ਵਾਲੇ ਅੰਗਰੇਜ਼ਾਂ ਦੇ ਗੋਦ ਲਏ ਪੁੱਤਰ ਆਰ ਐੱਸ ਐੱਸ ਦੀਆਂ ਸ਼ਕਤੀਆਂ ਨੂੰ ਉਖਾੜ ਸੁੱਟਣ ਲਈ ਨਵੀਂ ਮੁਕਤੀ ਲਹਿਰ ਨੂੰ ਤੇਜ਼ ਕਰਨ ਦਾ ਪ੍ਰਣ ਲੈਣ ਦੀ ਲੋੜ ਹੈ।*

**ਮੂਲ : ਵਿੱਦਿਆਸਾਗਰ ਗਿਰੀ**
**ਅਨੁਵਾਦ : ਐੱਮ ਐੱਸ ਭਾਟੀਆ**

15 ਅਗਸਤ ਦੇ ਮਹਾਨ ਅਤੇ ਪਵਿੱਤਰ ਆਜ਼ਾਦੀ ਦਿਵਸ ਦੇ ਮੌਕੇ 'ਤੇ ਲਾਲ ਕਿਲ੍ਹੇ ਦੀ ਫਸੀਲ ਤੋਂ 12ਵੀਂ ਵਾਰ ਤਿਰੰਗਾ ਝੰਡਾ ਲਹਿਰਾਉਂਦੇ ਹੋਏ ਸੰਘੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਜਿਨ੍ਹਾ ਨੇ ਪਿਛਲੇ ਗਿਆਰਾਂ ਸਾਲਾਂ ਵਿੱਚ ਦੇਸ਼ ਵਿੱਚ ਝੂਠ, ਧੋਖੇ ਅਤੇ ਭ੍ਰਿਸ਼ਟਾਚਾਰ ਨੂੰ ਸੰਸਥਾਗਤ ਰੂਪ ਦਿੱਤਾ ਹੈ ਅਤੇ ਜਿਨ੍ਹਾ ਨੇ ਸਮਾਜ ਵਿੱਚ ਜਨੂੰਨ ਅਤੇ ਸਮਾਜਿਕ ਨਫ਼ਰਤ ਫੈਲਾਈ ਹੈ, ਨੇ ਆਜ਼ਾਦੀ ਦਿਵਸ ਦੀ ਪਵਿੱਤਰਤਾ ਦਾ ਅਪਮਾਨ ਕੀਤਾ ਹੈ। ਦੇਸ਼ ਨੂੰ 190 ਸਾਲਾਂ ਦੀ ਬ੍ਰਿਟਿਸ਼ ਗੁਲਾਮੀ ਦੇ ਜੂਲੇ ਤੋਂ ਆਜ਼ਾਦ ਕਰਵਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਆਜ਼ਾਦੀ ਘੁਲਾਟੀਆਂ ਦਾ ਜ਼ਿਕਰ ਕੀਤੇ ਬਿਨਾਂ ਉਨ੍ਹਾ ਨੇ ਆਰ ਐੱਸ ਐੱਸ ਦੀ ਵਡਿਆਈ ਕੀਤੀ, ਜਿਸ ਨੇ ਨਾ ਸਿਰਫ਼ ਆਜ਼ਾਦੀ ਦੀ ਲੜਾਈ ਵਿੱਚ ਆਜ਼ਾਦੀ ਅੰਦੋਲਨ ਦਾ ਵਿਰੋਧ ਕੀਤਾ, ਸਗੋਂ ਅੰਗਰੇਜ਼ਾਂ ਦੇ ਹੱਕ ਵਿੱਚ, ਉਨ੍ਹਾਂ ਦੇ ਸ਼ਾਸਨ ਦੇ ਹੱਕ ਵਿੱਚ ਇੱਕ ਵਿਚਾਰਧਾਰਕ ਅਤੇ ਸੰਗਠਨਾਤਮਕ ਮੁਹਿੰਮ ਵੀ ਚਲਾਈ । ਆਰ ਐੱਸ ਐੱਸ, ਨੱਥੂਰਾਮ ਗੌਡਸੇ ਦਾ ਮੂਲ ਸੰਗਠਨ, ਜਿਸ ਨੇ ਆਜ਼ਾਦੀ ਘੁਲਾਟੀਆਂ ਨੂੰ ਸਜ਼ਾ ਦੇਣ ਲਈ ਅਦਾਲਤਾਂ ਵਿੱਚ ਗਵਾਹੀ ਵੀ ਦਿੱਤੀ ਸੀ ਅਤੇ ਜਿਸ ਨੇ ਆਜ਼ਾਦੀ ਤੋਂ ਬਾਅਦ ਮਹਾਨ ਆਜ਼ਾਦੀ ਘੁਲਾਟੀਏ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਹੱਤਿਆ ਕੀਤੀ ਸੀ, ਆਜ਼ਾਦੀ ਦਿਵਸ ਦੇ ਮੌਕੇ 'ਤੇ ਜੈ-ਗਾਨ ਅਤੇ ਉਸਤਤ ਗਾਉਣਾ ਆਜ਼ਾਦੀ ਘੁਲਾਟੀਆਂ ਅਤੇ ਦੇਸ਼ ਦੀ ਆਜ਼ਾਦੀ ਦਾ ਘੋਰ ਅਪਮਾਨ ਹੈ। ਇਹ ਸਾਡੇ ਦੇਸ਼ ਦੇ ਤਤਕਾਲੀ ਗ੍ਰਹਿ ਮੰਤਰੀ, ਲੋਹ-ਪੁਰਸ਼ ਵੱਲਭ ਭਾਈ ਪਟੇਲ ਦਾ ਵੀ ਜਨਤਕ ਅਪਮਾਨ ਹੈ, ਜਿਨ੍ਹਾ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਆਰ ਐੱਸ ਐੱਸ 'ਤੇ ਪਾਬੰਦੀ ਲਗਾ ਦਿੱਤੀ ਸੀ। ਪਾਬੰਦੀ ਦੇ ਹੁਕਮ ਵਿੱਚ ਉਨ੍ਹਾਂ ਨੇ ਆਰ ਐੱਸ ਐੱਸ ਨੂੰ ਦੇਸ਼ ਅਤੇ ਸਮਾਜ ਲਈ ਇੱਕ ਖ਼ਤਰਨਾਕ ਸੰਗਠਨ ਦੱਸਿਆ ਸੀ ।

ਆਜ਼ਾਦੀ ਦੇ 78 ਸਾਲਾਂ ਬਾਅਦ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪਹਿਲੀ ਵਾਰ ਆਜ਼ਾਦੀ ਦਿਵਸ 'ਤੇ ਉਸ ਸੰਗਠਨ ਦੀ ਵਡਿਆਈ ਇਸ ਤੱਥ ਦਾ ਸੰਕੇਤ ਹੈ ਕਿ ਸਾਡਾ ਦੇਸ਼ ਆਜ਼ਾਦੀ ਦੇ ਦੁਸ਼ਮਣਾਂ ਦੇ ਹੱਥਾਂ ਵਿੱਚ ਆ ਗਿਆ ਹੈ, ਜਿਸ ਤੋਂ ਮੁਕਤੀ ਲਈ ਇੱਕ ਨਵਾਂ ਆਜ਼ਾਦੀ ਸੰਘਰਸ਼, ਆਜ਼ਾਦੀ ਲਈ ਇੱਕ ਨਵੀਂ ਲੜਾਈ ਦੁਬਾਰਾ ਲੜਨੀ ਪਵੇਗੀ। ਅੰਗਰੇਜ਼ 190 ਸਾਲਾਂ ਦੇ ਸ਼ਾਸਨ ਤੋਂ ਬਾਅਦ ਸਾਡੇ ਦੇਸ਼ ਨੂੰ ਲੁੱਟਿਆ ਅਤੇ ਕੰਗਾਲ ਕਰਕੇ ਚਲੇ ਗਏ, ਉਨ੍ਹਾਂ ਨੂੰ ਭਜਾਉਣ ਲਈ ਦੇਸ਼ ਦੇ ਹਜ਼ਾਰਾਂ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ, ਮਾਵਾਂ-ਭੈਣਾਂ ਦਾ ਸਿੰਧੂਰ ਲੁੱਟਿਆ ਗਿਆ, ਪੂਰੀ ਜਵਾਨੀ ਕੁਰਬਾਨ ਕਰ ਦਿੱਤੀ ਗਈ । ਉਨ੍ਹਾਂ ਸ਼ਹੀਦਾਂ ਅਤੇ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲਿਆਂ ਨੂੰ ਯਾਦ ਕਰਨ ਦੀ ਬਜਾਏ ਲਾਲ ਕਿਲ੍ਹੇ ਤੋਂ ਉਨ੍ਹਾਂ 'ਤੇ ਜ਼ੁਲਮ ਕਰਨ ਵਾਲੇ ਅਤੇ ਉਨ੍ਹਾਂ ਦੀ ਵਡਿਆਈ ਕਰਨ ਵਾਲੇ ਅੰਗਰੇਜ਼ਾਂ ਦੀ ਪ੍ਰਸੰਸਾ ਕਰਨਾ ਦੇਸ਼ ਦੀ ਛਾਤੀ ਵਿੱਚ ਛੁਰਾ ਮਾਰਨ ਵਰਗੇ ਘਿਨਾਉਣੇ ਅਪਰਾਧ ਤੋਂ ਘੱਟ ਨਹੀਂ। ਦੇਸ਼ ਦੀ ਆਜ਼ਾਦੀ ਤੋਂ 78 ਸਾਲ ਬਾਅਦ ਅੰਗਰੇਜ਼ਾਂ ਦੇ ਮਾਨਸ ਪੁੱਤਰ ਅਤੇ ਦੁਨੀਆ ਦੀਆਂ ਫਾਸ਼ੀਵਾਦੀ ਸ਼ਕਤੀਆਂ ਤੋਂ ਪ੍ਰੇਰਨਾ ਲੈਣ ਵਾਲੀ ਜਮਾਤ ਦੇ ਵਾਰਸਾਂ ਨੇ ਅੱਜ ਦੇਸ਼ ਦੀ ਸੱਤਾ 'ਤੇ ਕਬਜ਼ਾ ਕਰ ਲਿਆ ਹੈ। ਜਨਤਕ ਅਸੰਤੋਸ਼ ਨੂੰ ਵਰਤ ਕੇ ਨਕਲੀ ਤਰੀਕੇ ਨਾਲ ਜਨਤਕ ਭੰਬਲਭੂਸਾ ਪੈਦਾ ਕਰਕੇ ਸੱਤਾ ਤੱਕ ਪਹੁੰਚ ਕੇ ਅੰਗਰੇਜ਼ਾਂ ਦੇ ਪਾੜੋ ਅਤੇ ਰਾਜ ਕਰੋ ਦੇ ਸਿਧਾਂਤ ਦੀ ਪਾਲਣਾ ਕਰਦੇ ਹੋਏ ਉਹ ਦੇਸ਼ ਵਿੱਚ ਧਾਰਮਿਕ ਅਤੇ ਜਾਤੀਗਤ ਜਨੂੰਨ ਪੈਦਾ ਕਰ ਰਹੇ ਹਨ ਅਤੇ ਦੇਸ਼ ਨੂੰ ਦੁਨੀਆ ਦੇ ਲੁੱਟਣ ਵਾਲੇ ਕਾਰਪੋਰੇਟਾਂ ਦੇ ਹਵਾਲੇ ਕਰ ਰਹੇ ਹਨ ਅਤੇ ਪੂਰੇ ਸੰਵਿਧਾਨਕ ਲੋਕਤੰਤਰੀ ਢਾਂਚੇ ਨੂੰ ਜੜ੍ਹ ਤੋਂ ਖੋਖਲਾ ਕਰ ਰਹੇ ਹਨ । ਅੱਜ ਉਹ ਆਜ਼ਾਦ ਭਾਰਤ ਦੇ ਸੰਵਿਧਾਨ, ਫੈਡਰਲ ਸੰਸਦੀ ਲੋਕਤੰਤਰੀ ਢਾਂਚੇ ਅਤੇ ਸਿਵਲ, ਕਿਰਤ ਅਤੇ ਵਿਧਾਨਕ ਅਧਿਕਾਰਾਂ ਸਮੇਤ ਅਣਮਨੁੱਖੀ, ਘਿਣਾਉਣੇ ਅਤੇ ਭਿਆਨਕ ਵਿਹਾਰ ਦੀ ਮਦਦ ਨਾਲ ਦੇਸ਼ ਵਿੱਚ ਸਮਾਜਿਕ ਨਫ਼ਰਤ ਫੈਲਾ ਕੇ ਭਾਰਤ ਦੀ ਇਤਿਹਾਸਕ ਸੱਭਿਆਚਾਰਕ ਵਿਰਾਸਤ ਨੂੰ ਵੀ ਤਬਾਹ ਕਰ ਰਹੇ ਹਨ । ਆਜ਼ਾਦੀ ਦਿਵਸ ਦੇ ਮੌਕੇ 'ਤੇ ਉਨ੍ਹਾਂ ਦੇ ਕਿਰਦਾਰ, ਹਰਕਤਾਂ ਅਤੇ ਚਿਹਰੇ ਬੇਨਕਾਬ ਹੋਣ ਦੇ ਮੱਦੇਨਜ਼ਰ ਉਨ੍ਹਾਂ ਤੋਂ ਛੁਟਕਾਰਾ ਪਾਉਣ, ਸੰਵਿਧਾਨ ਨੂੰ ਬਚਾਉਣ, ਲੋਕਤੰਤਰ ਨੂੰ ਬਚਾਉਣ, ਦੇਸ਼ ਅਤੇ ਇਸ ਦੀ ਇਤਿਹਾਸਕ ਵਿਰਾਸਤ ਨੂੰ ਬਚਾਉਣ ਅਤੇ ਦੇਸ਼ ਦੀ ਸੰਪਤੀ ਅਤੇ ਕੁਦਰਤੀ ਦੌਲਤ ਨੂੰ ਦੇਸੀ ਅਤੇ ਵਿਦੇਸ਼ੀ ਕਾਰਪੋਰੇਟਾਂ ਤੋਂ ਬਚਾਉਣ ਲਈ ਚੱਲ ਰਹੀ ਮੁਹਿੰਮ ਨੂੰ ਤੇਜ਼ ਕਰਨ ਲਈ ਉਨ੍ਹਾਂ ਦੇ ਕਿਰਦਾਰਾਂ, ਉਨ੍ਹਾਂ ਦੇ ਵਿਚਾਰਧਾਰਕ ਅਤੇ ਇਤਿਹਾਸਕ ਪਿਛੋਕੜ ਨੂੰ ਸਮਝਣਾ ਜ਼ਰੂਰੀ ਹੈ ।ਮਹਾਨ ਕਵੀ ਨੇ ਕਿਹਾ ਹੈ:

ਜਦੋਂ ਨਕਾਬ ਉਤਾਰਿਆ ਜਾਂਦਾ ਹੈ ਤਾਂ ਇਹ ਬਹੁਤ ਚੰਗਾ ਹੁੰਦਾ ਹੈ।

ਜਦੋਂ ਸੁਪਨੇ ਮਰ ਜਾਂਦੇ ਹਨ ਤਾਂ ਬਹੁਤ ਬੁਰਾ ਹੁੰਦਾ ਹੈ।

ਉਨ੍ਹਾਂ ਦੇ ਨਕਾਬਪੋਸ਼ ਚਿਹਰਿਆਂ ਤੋਂ ਨਕਾਬ ਉਤਾਰੇ ਜਾਣ ਦੇ ਮੱਦੇਨਜ਼ਰ, ਆਓ ਆਪਾਂ ਆਜ਼ਾਦੀ ਦੇ ਦੁਸ਼ਮਣਾਂ, ਗਾਂਧੀ ਦੇ ਕਾਤਲਾਂ, ਪਟੇਲ ਦੇ ਸ਼ਬਦਾਂ ਵਿੱਚ ਦੇਸ਼ ਲਈ ਨੁਕਸਾਨਦੇਹ ਤਾਕਤਾਂ ਨੂੰ ਸੱਤਾ ਤੋਂ ਹਟਾਉਣ ਲਈ ਮੁਕਤੀ ਅਭਿਆਨ ਨੂੰ ਤੇਜ਼ ਕਰੀਏ। ਦੇਸ਼ ਦੀ ਆਜ਼ਾਦੀ, ਸੁਤੰਤਰ ਭਾਰਤ ਦੇ ਸੰਵਿਧਾਨ ਅਤੇ ਨਾਗਰਿਕ ਆਜ਼ਾਦੀਆਂ ਨੂੰ ਬਰਕਰਾਰ ਰੱਖਣ ਦੀ ਲੜਾਈ ਦਾ ਹਿੱਸਾ ਬਣੀਏ।

**(ਲੇਖਕ ਏਟਕ ਦੇ ਕੌਮੀ ਮੀਤ ਪ੍ਰਧਾਨ ਹਨ)**
**# ਸੰਪਰਕ : 99884-91002**

# ਜਾਨਲੇਵਾ ਬਣਦੇ ਜਾ ਰਹੇ ਦਿਮਾਗੀ ਦੌਰੇ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

ਵਿਸ਼ਵ ਸਿਹਤ ਸੰਗਠਨ ਦੇ ਅੰਕੜੇ ਦੱਸਦੇ ਹਨ ਕਿ ਵਿਸ਼ਵ ਪੱਧਰ 'ਤੇ ਹਰ ਸਾਲ 15 ਮਿਲੀਅਨ ਭਾਵ 1.5 ਕਰੋੜ ਵਿਅਕਤੀ ਬ੍ਰੇਨ ਸਟ੍ਰੋਕ ਭਾਵ ਦਿਮਾਗੀ ਦੌਰੇ ਦੇ ਸ਼ਿਕਾਰ ਬਣਦੇ ਹਨ, ਜਿਨ੍ਹਾਂ ਵਿੱਚੋਂ 50 ਲੱਖ ਵਿਅਕਤੀ ਤਾਂ ਮੌਤ ਦੇ ਮੂੰਹ 'ਚ ਜਾ ਪੈਂਦੇ ਹਨ ਤੇ 50 ਕੁ ਲੱਖ ਹੀ ਸਰੀਰਕ ਅਪੰਗਤਾ ਦੇ ਸ਼ਿਕਾਰ ਹੋ ਨਿੱਬੜਦੇ ਹਨ। ਇਕੱਲੇ ਭਾਰਤ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਥੇ ਇਕ ਸਾਲ ਵਿਚ ਲਗਭੱਗ 1,85,000 ਦੇ ਕਰੀਬ ਅਜਿਹੇ ਮਾਮਲੇ ਸਾਹਮਣੇ ਆਉਂਦੇ ਹਨ। ਏਮਜ਼ ਦੇ ਦਿਮਾਗੀ ਰੋਗਾਂ ਦੇ ਮਾਹਰ ਡਾ.ਐੱਮ.ਵੀ.ਪਦਮ ਸ੍ਰੀਵਾਸਤਵ ਅਨੁਸਾਰ , 'ਭਾਰਤ ਵਿਚ ਹਰ 40 ਸਕਿੰਟ ਦੇ ਵਕਫ਼ੇ ਵਿਚ ਦਿਮਾਗੀ ਦੌਰੇ ਦਾ ਇਕ ਮਰੀਜ਼ ਸਾਹਮਣੇ ਆਉਂਦਾ ਹੈ ਤੇ ਹਰੇਕ ਚਾਰ ਮਿੰਟ ਵਿਚ ਇਸ ਰੋਗ ਨਾਲ ਪੀੜਤ ਇਕ ਵਿਅਕਤੀ ਦਮ ਤੋੜ ਦਿੰਦਾ ਹੈ।' ਜ਼ਿਕਰਯੋਗ ਹੈ ਕਿ ਅਮਰੀਕਾ ਵਰਗੇ ਵਿਕਸਤ ਦੇਸ਼ ਵਿਚ ਵੀ ਹਰ ਸਾਲ ਦਿਮਾਗੀ ਦੌਰੇ ਸਬੰਧੀ 8 ਲੱਖ ਦੇ ਕਰੀਬ ਮਾਮਲੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚ 1 ਲੱਖ40 ਹਜ਼ਾਰ ਮਨੁੱਖੀ ਜਾਨਾਂ ਮੌਤ ਦੀ ਬੁੱਕਲ 'ਚ ਸਮਾਅ ਜਾਂਦੀਆਂ ਹਨ। ਇਹ ਸਮੁੱਚੇ ਅੰਕੜੇ ਕਾਫੀ ਡਰਾਉਣੇ ਹਨ ਤੇ ਇਹ ਦੱਸਣ ਲਈ ਕਾਫੀ ਹਨ ਕਿ ਦਿਮਾਗੀ ਦੌਰੇ ਸਬੰਧੀ ਲੱਛਣਾਂ, ਸਾਵਧਾਨੀਆਂ ਤੇ ਇਲਾਜ ਪ੍ਰਤੀ ਆਮ ਲੋਕਾਂ ਵਿਚ ਜਾਗਰੂਕਤਾ ਅਤੇ ਜਾਣਕਾਰੀ ਹੋਣੀ ਕਿੰਨੀ ਜ਼ਰੂਰੀ ਹੈ

ਆਖ਼ਿਰ ਇਹ ਦਿਮਾਗੀ ਦੌਰਾ ਹੁੰਦਾ ਕੀ ਹੈ ? ਇਹ ਕਿਵੇਂ ਵਾਪਰਦਾ ਹੈ ? ਇਸ ਦੇ ਲੱਛਣਾਂ ਦੇ ਆਧਾਰ 'ਤੇ ਇਸ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ ? ਕਿਹੜੀਆਂ-ਕਿਹੜੀਆਂ ਸਾਵਧਾਨੀਆਂ ਵਰਤ ਕੇ ਅਸੀਂ ਇਸ ਰੋਗ ਤੋਂ ਆਪਣੇ ਆਪ ਨੂੰ ਤੇ ਆਪਣਿਆਂ ਨੂੰ ਬਚਾਅ ਸਕਦੇ ਹਾਂ ?

ਸਿਹਤ ਮਾਹਰਾਂ ਦਾ ਮੰਨਣਾ ਹੈ ਕਿ ਦਿਮਾਗੀ ਦੌਰਾ ਉਂਜ ਤਾਂ ਕਈ ਪ੍ਰਕਾਰ ਦਾ ਹੁੰਦਾ ਹੈ, ਪਰ ਸਭ ਤੋਂ ਵੱਧ ਅਤੇ ਆਮ ਕਰਕੇ ਵਾਪਰਨ ਵਾਲੇ ਦਿਮਾਗੀ ਦੌਰੇ ਦੀਆਂ ਦੋ ਮੁੱਖ ਕਿਸਮਾਂ ਹਨ। ਪਹਿਲੀ ਕਿਸਮ ਦੇ ਦਿਮਾਗੀ ਦੌਰੇ ਵਿਚ ਮਰੀਜ਼ ਦੇ ਦਿਮਾਗ ਨੂੰ ਜਾਣ ਵਾਲੀ ਖ਼ੂਨ ਦੀ ਨਾੜੀ ਵਿਚ ਰੁਕਾਵਟ ਆ ਜਾਂਦੀ ਹੈ ਤੇ ਖ਼ੂਨ ਦੀ ਸਪਲਾਈ ਸਹੀ ਅਤੇ ਪੂਰੀ ਨਾ ਮਿਲਣ ਕਰਕੇ ਮਰੀਜ਼ ਨੂੰ ਪਹਿਲਾਂ ਅਧਰੰਗ ਭਾਵ ਸਰੀਰ ਦੇ ਇਕ ਪਾਸੇ ਦਾ ਕੰਮ ਕਰਨਾ ਬੰਦ ਕਰ ਦੇਣਾ ਜਾਂ ਕੁਝ ਮਹਿਸੂਸ ਕਰਨਾ ਬੰਦ ਕਰ ਦੇਣਾ ਆਦਿ ਜਿਹੀਆਂ ਦਿੱਕਤਾਂ ਪੇਸ਼ ਆਉਂਦੀਆਂ ਹਨ ਅਤੇ ਫਿਰ ਵੇਖਣ, ਚੱਲਣ, ਬੋਲਣ ਅਤੇ ਸਮਝਣ ਦੀ ਸਮਰੱਥਾ ਵਿਚ ਸਮੱਸਿਆ ਪੈਦਾ ਹੋ ਜਾਂਦੀ ਹੈ ਤੇ ਰੋਗ ਗੰਭੀਰ ਹੋ ਜਾਣ 'ਤੇ ਮਰੀਜ਼ ਦੀ ਜਾਨ ਜਾਣ ਦਾ ਖ਼ਤਰਾ ਪੈਦਾ ਹੋ ਜਾਂਦਾ ਹੈ। ਦੂਜੀ ਕਿਸਮ ਦੇ ਦਿਮਾਗੀ ਦੌਰੇ ਵਿਚ ਮਰੀਜ਼ ਦੇ ਦਿਮਾਗ ਦੀ ਨਾੜੀ ਵਿੱਚੋਂ ਖ਼ੂਨ ਵਗ ਕੇ ਦਿਮਾਗ ਅੰਦਰ ਪੈਣ ਲੱਗ ਜਾਂਦਾ ਹੈ ਤੇ ਸਰੀਰ ਦੇ ਵੱਖ-ਵੱਖ ਅੰਗਾਂ ਦੀ ਕਿਰਿਆਵਾਂ ਨੂੰ ਪ੍ਰਭਾਵਤ ਕਰਦਾ ਹੋਇਆ ਇਹ ਦੌਰਾ ਮਰੀਜ਼ ਦੀ ਜਾਨ ਤੱਕ ਲੈ ਲੈਂਦਾ ਹੈ। ਇਸ ਦੌਰੇ ਨੂੰ ਸਧਾਰਨ ਲੋਕਾਂ ਦੀ ਭਾਸ਼ਾ ਵਿਚ 'ਦਿਮਾਗ ਦੀ ਨਾੜੀ ਦਾ ਫਟਣਾ' ਵੀ ਕਿਹਾ ਜਾਂਦਾ ਹੈ ਤੇ ਅਜਿਹਾ ਅਕਸਰ ਹੀ ਹਾਈ ਬਲੱਡ ਪ੍ਰੈਸ਼ਰ, ਹਾਈ ਕੈਲਸਟ੍ਰੋਲ ਜਾਂ ਕਿਸੇ ਵੱਡੇ ਹਾਦਸੇ ਕਰਕੇ ਵਾਪਰਦਾ ਹੈ। ਦੋਵਾਂ ਹੀ ਹਾਲਤਾਂ ਵਿਚ ਮਰੀਜ਼ ਨੂੰ ਘਰੇਲੂ ਓਹੜ-ਪੋਹੜ ਦੀ ਥਾਂ ਤੁਰੰਤ ਹੀ ਦਿਮਾਗੀ ਰੋਗਾਂ ਨਾਲ ਸੰਬੰਧਤ ਮਾਹਰ ਡਾਕਟਰੀ ਸਹਾਇਤਾ ਦਿਵਾਏ ਜਾਣ ਦੀ ਲੋੜ ਹੁੰਦੀ ਹੈ ਤੇ ਇਸ ਕੰਮ ਵਿਚ ਕੀਤੀ ਗਈ ਦੇਰੀ ਮਰੀਜ਼ ਲਈ ਜਾਨਲੇਵਾ ਸਾਬਿਤ ਹੋ ਸਕਦੀ ਹੈ।

ਸਿਹਤ ਮਾਹਰਾਂ ਦੀ ਰਾਇ ਹੈ ਕਿ ਹਾਈ ਬਲੱਡ ਪ੍ਰੈਸ਼ਰ ਹੋਣ ਜਾਂ ਲਗਾਤਾਰ ਹਾਈ ਹੀ ਬਣੇ ਰਹਿਣ ਕਰਕੇ ਦਿਮਾਗੀ ਦੌਰਾ ਪੈਣ ਦੀ ਸੰਭਾਵਨਾ 35 ਤੋਂ 50 ਫ਼ੀਸਦੀ ਵਧ ਜਾਂਦੀ ਹੈ। ਬੇਕਾਬੂ ਡਾਇਬਟੀਜ਼ ਭਾਵ ਸ਼ੂਗਰ ਦਾ ਰੋਗ ਵੀ ਮਰੀਜ਼ ਨੂੰ ਅਜਿਹਾ ਦੌਰਾ ਪੈਣ ਦੀ ਸੰਭਾਵਨਾ ਨੂੰ ਦੋ ਤਿਹਾਈ ਤੱਕ ਵਧਾ ਦਿੰਦਾ ਹੈ। ਸਰੀਰ 'ਚ ਕੈਲਸਟ੍ਰੋਲ ਦਾ ਪੱਧਰ ਵਧ ਜਾਣਾ ਵੀ ਮਰੀਜ਼ ਨੂੰ ਇਸ ਦੌਰੇ ਦੇ ਕਰੀਬ ਕਰ ਦਿੰਦਾ ਹੈ। ਇਸ ਤੋਂ ਇਲਾਵਾ ਟੁੱਟਵੀਂ ਨੀਂਦ ਜਾਂ ਉਨੀਂਦਰਾ, ਤੰਬਾਕੂਨੋਸ਼ੀ, ਸ਼ਰਾਬ ਦੀ ਵਰਤੋਂ, ਸਿੰਥੈਟਿਕ ਨਸ਼ੀਲੇ ਪਦਾਰਥਾਂ ਦੀ ਵਰਤੋਂ, ਦਿਲ ਦੇ ਰੋਗ ਜਾਂ ਦਿਲ ਦਾ ਦੌਰਾ ਆਦਿ ਤੱਤ ਵੀ ਸੰਬੰਧਤ ਵਿਅਕਤੀ ਦੇ ਦਿਮਾਗੀ ਦੌਰੇ ਦੀ ਲਪੇਟ ਵਿਚ ਆਉਣ ਦੀ ਸੰਭਾਵਨਾ ਨੂੰ ਪੁਖ਼ਤਾ ਕਰ ਦਿੰਦੇ ਹਨ। ਮੋਟਾਪਾ, ਕੋਰੋਨਾ ਵਾਇਰਸ ਦਾ ਹਮਲਾ ਅਤੇ ਪਰਵਾਰ ਵਿਚ ਪਹਿਲਾਂ ਕਿਸੇ ਮੈਂਬਰ ਨੂੰ ਅਜਿਹਾ ਦੌਰਾ ਪੈ ਚੁੱਕਿਆ ਹੋਣਾ ਆਦਿ ਵੀ ਕੁਝ ਇਕ ਮਾਮਲਿਆਂ ਵਿਚ ਦਿਮਾਗੀ ਦੌਰਾ ਪੈਣ ਦੇ ਕਾਰਨ ਹੋ ਨਿੱਬੜਦੇ ਹਨ। ਇਸ ਦੇ ਨਾਲ ਹੀ ਗਰਭ ਨਿਰੋਧਕ ਗੋਲੀਆਂ ਦੀ ਵਰਤੋਂ ਜਾਂ ਕਿਸੇ ਪ੍ਰਕਾਰ ਦੀ ਹਾਰਮੋਨ ਥਰੈਪੀ ਜਿਸ ਵਿਚ ਐਸਟ੍ਰੋਜਨ ਦੀ ਕੀਤੀ ਵਰਤੋਂ ਆਦਿ ਵੀ ਇਸ ਦੌਰੇ ਦੀ ਆਮਦ ਵਿਚ ਆਪਣਾ ਕੁਝ ਯੋਗਦਾਨ ਪਾਉਂਦੇ ਹਨ।

ਦਿਲਚਸਪ ਗੱਲ ਇਹ ਹੈ ਕਿ ਇਹ ਦਿਮਾਗੀ ਦੌਰਾ ਵਧੇਰੇ ਕਰਕੇ 55 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਅਤੇ ਖ਼ਾਸ ਕਰਕੇ ਪੁਰਸ਼ਾਂ ਵਿਚ ਵਧੇਰੇ ਪਾਇਆ ਜਾਂਦਾ ਹੈ, ਜਦੋਂ ਕਿ ਔਰਤਾਂ ਵਿਚ ਇਹ ਦੌਰਾ ਮਰਦਾਂ ਤੋਂ ਵਡੇਰੀ ਉਮਰ ਵਿਚ ਪਾਇਆ ਜਾਂਦਾ ਹੈ।

ਵਿਸ਼ਾ ਮਾਹਰਾਂ ਅਨੁਸਾਰ ਜੇਕਰ ਕਿਸੇ ਸ਼ਖ਼ਸ ਨੂੰ ਕੁਝ ਬੋਲਣ ਵਿਚ, ਇਕ ਅੱਖ ਤੋਂ ਵੇਖਣ ਵਿਚ, ਇਕ ਜਾਂ ਫਿਰ ਦੋਵਾਂ ਪੈਰਾਂ ਤੋਂ ਤੁਰਨ ਵਿਚ, ਚੂੰਢੀ ਦੀ ਚੁਭਨ ਜਾਂ ਦਰਦ ਮਹਿਸੂਸ ਕਰਨ ਵਿਚ, ਸਾਹਮਣੇ ਵਾਲੇ ਸ਼ਖ਼ਸ ਦੀ ਗੱਲ ਸਮਝਣ ਵਿਚ ਵਿਚ ਅਚਾਨਕ ਹੀ ਮੁਸ਼ਕਲ ਪੇਸ਼ ਆਉਣ ਲੱਗ ਪਏ ਜਾਂ ਤੇਜ਼ ਅਤੇ ਨਾਬਰਦਾਸ਼ਤਯੋਗ ਸਿਰ ਦਰਦ ਮਹਿਸੂਸ ਹੋਵੇ ਜਾਂ ਫਿਰ ਚਿਹਰੇ, ਹੱਥਾਂ ਅਤੇ ਪੈਰਾਂ ਤੋਂ ਅਧਰੰਗ ਭਾਵ ਪਾਸਾ ਮਾਰੇ ਜਾਣ ਦੇ ਲੱਛਣ ਨਜ਼ਰ ਆਉਣ ਲੱਗ ਪੈਣ ਤਾਂ ਦਿਮਾਗੀ ਦੌਰਾ ਪਿਆ ਹੋਣ ਜਾਂ ਪੈਣ ਦੀ ਸੰਭਾਵਨਾ ਪ੍ਰਬਲ ਹੋ ਜਾਂਦੀ ਹੈ। ਸਿਹਤ ਮਾਹਰਾਂ ਅਨੁਸਾਰ ਉਕਤ ਲੱਛਣਾਂ ਅਨੁਸਾਰ ਜੇਕਰ ਦਿਮਾਗੀ ਦੌਰਾ ਪੈਣ ਦਾ ਸ਼ੱਕ ਪੈਂਦਾ ਹੋਵੇ ਤਾਂ ਤਸਦੀਕ ਕਰਨ ਲਈ ਕੁਝ ਗਤੀਵਿਧੀਆਂ ਦੀ ਮਦਦ ਲੈਣੀ ਚਾਹੀਦੀ ਹੈ, ਜਿਵੇਂ ਕਿ ਮਰੀਜ਼ ਨੂੰ ਮੁਸਕਰਾਉਣ ਲਈ ਕਿਹਾ ਜਾਵੇ ਤੇ ਧਿਆਨ ਨਾਲ ਵੇਖਿਆ ਜਾਵੇ ਕਿ ਚਿਹਰਾ ਇਕ ਪਾਸੇ ਨੂੰ ਢਿਲਕਦਾ ਤਾਂ ਨਹੀਂ। ਮਰੀਜ਼ ਨੂੰ ਬਾਂਹ ਉੱਪਰ ਚੁੱਕਣ ਤੇ ਫਿਰ ਹੇਠਾਂ ਕਰਨ ਲਈ ਕਿਹਾ ਜਾਵੇ ਤੇ ਵੇਖਿਆ ਜਾਵੇ ਕਿ ਬਾਂਹ ਕਿਤੇ ਅਚਾਨਕ ਅਤੇ ਤੇਜ਼ੀ ਨਾਲ ਹੇਠਾਂ ਨੂੰ ਤਾਂ ਨਹੀਂ ਡਿੱਗਦੀ। ਫਿਰ ਕੋਈ ਆਮ ਬੋਲਿਆ ਜਾਣ ਵਾਲਾ ਵਾਕ ਮਰੀਜ਼ ਨੂੰ ਦੁਹਰਾਉਣ ਲਈ ਕਿਹਾ ਜਾਵੇ ਤੇ ਪਰਖਿਆ ਜਾਵੇ ਕਿ ਬੋਲਣ ਵੇਲੇ ਆਵਾਜ਼ ਲੜਖੜਾਉਂਦੀ ਜਾਂ ਕੰਬਦੀ ਤਾਂ ਨਹੀਂ। ਜੇਕਰ ਉਕਤ ਸਾਰੇ ਲੱਛਣ ਸਪੱਸ਼ਟ ਨਜ਼ਰ ਆ ਰਹੇ ਹੋਣ ਤਾਂ ਮਰੀਜ਼ ਨੂੰ ਡਾਕਟਰ ਕੋਲ ਲੈ ਕੇ ਜਾਣ ਵਿਚ ਰਤਾ ਜਿੰਨੀ ਵੀ ਦੇਰ ਨਹੀਂ ਕਰਨੀ ਚਾਹੀਦੀ ਹੈ। ਡਾਕਟਰ ਅਨੁਸਾਰ ਸੁਝਾਏ ਗਏ ਸੀ.ਟੀ. ਸਕੈਨ, ਐੱਮ. ਆਰ. ਆਈ. ਸਕੈਨ, ਈ.ਸੀ.ਜੀ. ਅਤੇ ਖ਼ੂਨ ਦੇ ਵੱਖ-ਵੱਖ ਟੈਸਟ ਆਦਿ ਕਰਵਾਉਣ ਤੋਂ ਬਿਲਕੁਲ ਵੀ ਇਨਕਾਰ ਜਾਂ ਗੁਰੇਜ਼ ਨਹੀਂ ਕਰਨਾ ਚਾਹੀਦਾ।

ਦਿਮਾਗੀ ਦੌਰੇ ਨਾਲ ਸੰਬੰਧਤ ਕੁਝ ਦਿਲਚਸਪ ਤੱਥਾਂ ਦੀ ਜੇ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਵਿਸ਼ਵ ਪੱਧਰ 'ਤੇ ਸੰਨ 1990 ਤੋਂ ਲੈ ਕੇ ਸੰਨ 2010 ਤੱਕ ਦੇ ਕਾਲ ਖੰਡ ਵਿਚ ਵਿਕਸਤ ਦੇਸ਼ਾਂ ਅੰਦਰ ਅਜਿਹੇ ਦੌਰੇ ਪੈਣ ਦੇ ਮਾਮਲਿਆਂ ਵਿਚ 10 ਫ਼ੀਸਦੀ ਕਮੀ ਦਰਜ ਕੀਤੀ ਗਈ ਸੀ, ਜਦੋਂ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਇਨ੍ਹਾ ਮਾਮਲਿਆਂ ਵਿਚ 10 ਫ਼ੀਸਦੀ ਤੋਂ ਵੱਧ ਵਾਧਾ ਦਰਜ ਕੀਤਾ ਗਿਆ ਸੀ। ਵਿਸ਼ਵ ਪੱਧਰ 'ਤੇ ਇਹ ਦੌਰਾ ਹੁਣ ਤੱਕ 80 ਮਿਲੀਅਨ ਭਾਵ ਅੱਠ ਕਰੋੜ ਵਿਅਕਤੀਆਂ ਨੂੰ ਆਪਣੀ ਲਪੇਟ ਵਿਚ ਲੈ ਚੁੱਕਾ ਹੈ। ਇਸੇ ਤਰ੍ਹਾਂ ਸਾਲ 2015 ਵਿਚ ਵੱਖ-ਵੱਖ ਬਿਮਾਰੀਆਂ ਕਾਰਨ ਮਰਨ ਵਾਲੇ ਮਰੀਜ਼ਾਂ ਵਿਚ ਦਿਮਾਗੀ ਦੌਰੇ ਕਾਰਨ ਮਰਨ ਵਾਲਿਆਂ ਦੀ ਗਿਣਤੀ ਦੂਜੇ ਸਥਾਨ 'ਤੇ ਸੀ।

ਇਕ ਹੋਰ ਦਿਲਚਸਪ ਤੱਥ ਇਹ ਵੀ ਹੈ ਕਿ ਭਾਰਤ ਵਿਚ ਇਹ ਮਰਜ਼ ਸੌ ਫ਼ੀਸਦੀ ਵਾਧਾ ਦਰ ਤੱਕ ਵਿਖਾਅ ਚੁੱਕਾ ਹੈ। ਇਥੇ ਇਹ ਜਾਣਨਾ ਵੀ ਦਿਲਚਸਪ ਹੈ ਕਿ ਇਸ ਰੋਗ ਸਬੰਧੀ 'ਸਪੋਟਰ' ਭਾਵ 'ਲੱਭਣ ਵਾਲਾ' ਨਾਮਕ ਇਕ ਆਨਲਾਈਨ ਗੇਮ ਵੀ ਵਿਕਸਤ ਕੀਤੀ ਗਈ ਹੈ, ਜਿਸ ਨੂੰ ਕੋਈ ਵੀ ਸ਼ਖ਼ਸ ਖੇਡ ਸਕਦਾ ਹੈ ਤੇ ਖੇਡ-ਖੇਡ ਵਿਚ ਹੀ ਆਪਣੇ ਅੰਦਰ ਬ੍ਰੇਨ ਸਟ੍ਰੋਕ ਭਾਵ ਦਿਮਾਗੀ ਦੌਰੇ ਦੇ ਲੱਛਣਾਂ ਨੂੰ ਲੱਭ ਸਕਦਾ ਹੈ ਤੇ ਸਮੇਂ ਸਿਰ ਲੱਛਣਾਂ ਦੀ ਪਛਾਣ, ਇਲਾਜ ਅਤੇ ਪ੍ਰਹੇਜ਼ ਕਰਕੇ ਆਪਣਾ ਕੀਮਤੀ ਜੀਵਨ ਸਹਿਜ ਹੀ ਬਚਾਅ ਸਕਦਾ ਹੈ।

ਮੁੱਕਦੀ ਗੱਲ ਇਹ ਹੈ ਕਿ ਦਿਮਾਗੀ ਦੌਰੇ ਤੋਂ ਬਚਣ ਹਿਤ ਅੱਜ ਜਿਨ੍ਹਾਂ ਤਿੰਨ ਪ੍ਰਮੁੱਖ ਮੰਤਰਾਂ 'ਤੇ ਅਮਲ ਕਰਨ ਦੀ ਲੋੜ ਹੈ, ਉਹ ਹਨ- ਹੁਣੇ ਸਾਵਧਾਨੀ ਵਰਤੋ, ਦਿਮਾਗੀ ਦੌਰਾ ਟਾਲੋ ਅਤੇ ਜੀਵਨ ਬਚਾਓ, ਦਿਮਾਗੀ ਦੌਰਾ ਮੁਕਤ ਕੱਲ੍ਹ ਹਾਸਿਲ ਕਰਨ ਲਈ ਆਪਣੇ ਅੱਜ ਨੂੰ ਮਜ਼ਬੂਤ ਕਰੋ ਅਤੇ ਅੱਜ ਦਿਮਾਗੀ ਦੌਰੇ ਪ੍ਰਤੀ ਜਾਗਰੂਕ ਹੋਵੋ ਤੇ ਇਸ ਨੂੰ ਉਮਰ ਭਰ ਲਈ ਟਾਲ ਲਓ ।

***# ਸੰਪਰਕ : 97816-46008***

21 Aug Page 5.qxd 8/20/2025 10:50 PM Page 1



# ਕਾਸੋ ਅਪ੍ਰੇਸ਼ਨ ਤਹਿਤ 50 ਗ੍ਰਾਮ ਹੈਰੋਇਨ ਸਮੇਤ 51,500 ਡਰੱਗ ਮਨੀ ਬਰਾਮਦ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਪੁਲਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਡਾ. ਜੋਤੀ ਯਾਦਵ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤਹਿਤ ਡੀ.ਐੱਸ.ਪੀ. ਤਰਲੋਚਨ ਸਿੰਘ ਦੀ ਅਗਵਾਈ ਹੇਠ ਕਾਸੋ ਅਪ੍ਰੇਸ਼ਨ ਚਲਾਇਆ ਗਿਆ। ਪੁਲਸ ਨੇ 50 ਗ੍ਰਾਮ ਹੈਰੋਇਨ ਤੇ 51,500 ਡਰੱਗ ਮਨੀ ਸਮੇਤ ਲਖਵਿੰਦਰ ਸਿੰਘ ਲਾਡੀ ਵਾਸੀ ਮਾਛੀਵਾੜਾ ਤੇ ਨਾਜਰ ਸਿੰਘ ਵਾਸੀ ਰਾਜਗੜ੍ਹ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਜਗਤਾਰ ਸਿੰਘ ਤੇ ਸਹਾਇਕ ਥਾਣੇਦਾਰ ਹਾਕਮ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਸਬੰਧੀ ਟੀ-ਪੁਆਇੰਟ ਅਢਿਆਣਾ ਵਿਖੇ ਮੌਜੂਦ ਸੀ ਤਾਂ ਕੁਹਾੜਾ ਸਾਈਡ ਤੋਂ ਇੱਕ ਕਾਲੇ ਰੰਗ ਦੀ ਫਾਰਚੂਨਰ ਕਾਰ ਆਉਂਦੀ ਦਿਖਾਈ ਦਿੱਤੀ, ਜਿਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਕਾਰ ਚਾਲਕ ਇੱਕਦਮ ਪਿੱਛੇ ਮੋੜਨ ਲੱਗਾ। ਪੁਲਸ ਵੱਲੋਂ ਉਸਨੂੰ ਕਾਬੂ ਕਰ ਜਦੋਂ ਚਾਲਕ



ਦਾ ਨਾਂਅ, ਪਤਾ ਪੁੱਛਿਆ ਤਾਂ ਉਸ ਨੇ ਆਪਣਾ ਲਖਵਿੰਦਰ ਸਿੰਘ ਅਤੇ ਕੰਡਕਟਰ ਸਾਈਡ ਬੈਠੇ ਨੌਜਵਾਨ ਨੇ ਨਾਜਰ ਸਿੰਘ ਦੱਸਿਆ। ਇਹ ਦੋਵੇਂ ਨੌਜਵਾਨ ਨਸ਼ੇੜੀ ਕਿਸਮ ਦੇ ਜਾਪਦੇ ਸਨ। ਪੁਲਸ ਵੱਲੋਂ ਜਦੋਂ ਇਨ੍ਹਾਂ ਦੀ ਗੱਡੀ ਦੀ ਤਲਾਸ਼ੀ ਲਈ ਗਈ ਤਾਂ ਉਸ ਅੰਦਰ ਕਾਲੇ ਮੋਮੀ ਲਿਫ਼ਾਫ਼ਿਆਂ 'ਚੋਂ 50 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਦੇ ਨਾਲ ਹੀ ਗੱਡੀ ਦੇ ਗੇਅਰ ਸਪੇਸ 'ਚੋਂ ਭਾਰਤੀ ਕਰੰਸੀ ਕੁੱਲ ਰਕਮ 51,500 ਡਰੱਗ ਮਨੀ ਬਰਾਮਦ ਹੋਈ। ਪੁਲਸ ਵੱਲੋਂ ਉਕਤ ਦੋਵੇਂ ਕਥਿਤ ਦੋਸ਼ੀਆਂ ਖਿਲਾਫ਼ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਘੱਗਰ ਦਰਿਆ ਦਾ ਪਾਣੀ ਵਧਿਆ, ਲੋਕਾਂ ਨੂੰ ਸੁਚੇਤ ਰਹਿਣ ਦੇ ਆਦੇਸ਼

**ਸਨੌਰ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)** ਚੰਡੀਗੜ੍ਹ ਤੇ ਡੇਰਾਬੱਸੀ ਦੇ ਉੱਪਰਲੇ ਇਲਾਕਿਆਂ 'ਚ ਭਾਰੀ ਮੀਂਹ ਪੈਣ ਕਾਰਨ ਘੱਗਰ ਦਰਿਆ 'ਚ ਪਾਣੀ ਦਾ ਪੱਧਰ ਅਗਲੇ 10-12 ਘੰਟਿਆਂ 'ਚ ਵਧੇਗਾ।ਚੰਡੀਗੜ੍ਹ ਖੇਤਰ 'ਚ ਹੁਣ ਇਹ ਪੱਧਰ ਅਚਾਨਕ 8 ਫੁੱਟ ਤੱਕ ਵੱਧ ਗਿਆ ਹੈ।ਮੌਜੂਦਾ ਸਥਿਤੀ ਦੇ ਆਧਾਰ 'ਤੇ ਸਰਾਲਾ ਵਿਖੇ ਘੱਗਰ ਦਰਿਆ 'ਚ ਅਗਲੇ 12 ਘੰਟਿਆਂ 'ਚ ਅਚਾਨਕ 14-15 ਫੁੱਟ ਤੱਕ ਵਧਣ ਦੀ ਉਮੀਦ ਹੈ।ਘਨੌਰ ਤੇ ਸਨੌਰ ਖੇਤਰਾਂ 'ਚ ਭਾਂਖਰਪੁਰ/ਚੰਡੀਗੜ੍ਹ ਦੇ ਪੱਧਰ ਦੇ ਆਧਾਰ ਤੇ ਇਨ੍ਹਾਂ ਇਲਾਕਿਆਂ ਲਈ ਚਿਤਾਵਨੀ-ਕਮ-ਸਲਾਹ ਜਾਰੀ ਕੀਤੀ ਗਈ ਹੈ।ਮੰਗਲਵਾਰ ਸ਼ਾਮ ਤੱਕ ਟਾਂਗਰੀ ਤੇ ਮਾਰਕੰਡਾ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਨੇੜੇ ਪੁੱਜ ਗਿਆ।ਸ਼ਾਮ ਛੇ ਵਜੇ ਤੱਕ ਪਿੰਡ ਭਾਂਖਰਪੁਰ ਨੇੜੇ ਘੱਗਰ 'ਚ ਪਾਣੀ ਦਾ ਪੱਧਰ ਅੱਠ ਫੁੱਟ ਤੱਕ ਸੀ ਤੇ ਜਦਕਿ ਖ਼ਤਰੇ ਦਾ ਨਿਸ਼ਾਨ 10 ਫੁੱਟ 'ਤੇ ਹੈ। ਪਿੰਡ ਸਰਾਲਾਂ ਕਲਾਂ ਕੋਲ ਘੱਗਰ 'ਚ ਪਾਣੀ ਦਾ ਪੱਧਰ ਚਾਰ ਫੁੱਟ ਦਰਜ ਕੀਤਾ ਗਿਆ ਹੈ, ਜਦਕਿ ਇੱਥੇ ਖਤਰੇ ਤਾਂ ਨਿਸ਼ਾਨ 16 ਫੁੱਟ 'ਤੇ ਹੈ।ਪੱਚੀਦਰਾ ਨਾਲੇ 'ਚ ਪਾਣੀ ਦਾ ਪੱਧਰ ਇਕ ਫੁੱਟ ਦਰਜ ਕੀਤਾ ਗਿਆ ਹੈ, ਜਦਕਿ ਇੱਥੇ ਖਤਰੇ ਦਾ ਨਿਸ਼ਾਨ 12 ਫੁੱਟ 'ਤੇ ਹੈ।ਟਾਂਗਰੀ ਨਦੀ 'ਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਦੇ ਨੇੜੇ 11.9 'ਤੇ ਪਹੁੰਚ ਗਿਆ ਹੈ।ਇਸ ਨਦੀ 'ਚ ਖਤਰੇ ਦਾ ਨਿਸ਼ਾਨ 12 ਫੁੱਟ 'ਤੇ ਹੈ। ਇਸੇ ਤਰ੍ਹਾਂ ਹੀ ਮਾਰਕੰਡਾ ਨਦੀ ਪਟਿਆਲਾ ਪਹੇਵਾ ਰੋਡ ਨੇੜੇ ਪਾਣੀ ਦਾ ਪੱਧਰ 19.6 ਫੁੱਟ ਤੱਕ ਪੁੱਜ ਗਿਆ ਹੈ, ਜਦਕਿ ਇੱਥੇ ਖ਼ਤਰੇ ਦਾ ਨਿਸ਼ਾਨ 22 ਫੁੱਟ 'ਤੇ ਹੈ। ਪਟਿਆਲਾ ਨਦੀ 'ਚ ਪਾਣੀ ਨਾਮਾਤਰ ਹੈ।ਘੱਗਰ ਨਦੀ ਦੇ ਕੈਚਮੈਂਟ ਖੇਤਰ 'ਚ ਪਏ ਭਾਰੀ ਮੀਂਹ ਕਾਰਨ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜਪੁਰਾ ਸਬ ਡਵੀਜ਼ਨ ਦੇ ਘੱਗਰ ਨੇੜੇ ਪੈਂਦੇ ਕੁਝ ਪਿੰਡਾਂ ਦੇ ਵਸਨੀਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ। ਐਸ ਡੀ ਐਮ ਅਵਿਕੇਸ਼ ਗੁਪਤਾ ਵੱਲੋਂ ਜਾਰੀ ਸਲਾਹਕਾਰੀ ਮੁਤਾਬਕ ਪਿੰਡਾਂ ਉਂਟਸਰ, ਨਨਹੇੜੀ, ਸੰਜਰਪੁਰ, ਲਾਛੜੂ, ਕਮਾਲਪੁਰ, ਰਾਮਪੁਰ, ਸੌਂਟਾ, ਮਾੜੂ ਅਤੇ ਚਮਾਰੂ ਸਮੇਤ ਨੇੜਲੇ ਇਲਾਕਿਆਂ ਦੇ ਵਸਨੀਕ ਸੁਚੇਤ ਰਹਿਣ ਤੇ ਘੱਗਰ ਨੇੜੇ ਨਾ ਜਾਣ।ਕਿਸੇ ਸੂਚਨਾ ਲਈ ਰਾਜਪੁਰਾ ਦੇ ਫਲੱਡ ਕੰਟਰੋਲ ਰੂਮ ਦੇ ਨੰਬਰ 01762-224132 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਇਸ ਤੋਂ ਇਲਾਵਾ ਦੂਧਨ ਸਾਧਾਂ ਦੇ ਐੱਸਡੀਐੱਮ ਕਿਰਪਾਲਵੀਰ ਸਿੰਘ ਮੁਤਾਬਕ ਪਿੰਡ ਭਸਮੜਾ ਤੇ ਜਲਾਹਖੇੜੀ ਦੇ ਵਸਨੀਕਾਂ ਨੂੰ ਵੀ ਸੁਚੇਤ ਰਹਿਣ ਲਈ ਕਿਹਾ ਗਿਆ ਹੈ, ਜਦਕਿ ਪਟਿਆਲਾ ਸਬ ਡਵੀਜ਼ਨ ਦੇ ਐੱਸਡੀਐੱਮ ਹਰਜੋਤ ਕੌਰ ਮਾਵੀ ਮੁਤਾਬਕ ਪਿੰਡ ਹਡਾਣਾ, ਪੁਰ ਤੇ ਸਿਰਕੱਪੜਾ ਆਦਿ ਦੇ ਵਸਨੀਕਾਂ ਨੂੰ ਵੀ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ। ਜੇਕਰ ਜ਼ਿਆਦਾ ਪਾਣੀ ਆਉਣ ਦੀ ਕੋਈ ਸੂਚਨਾ ਹੋਵੇ ਤਾਂ ਤੁਰੰਤ ਪਟਿਆਲਾ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਕੰਟਰੋਲ ਰੂਮ ਨੰਬਰ 0175-2350550 ਉਪਰ ਸੂਚਿਤ ਕੀਤਾ ਜਾਵੇ। ਐੱਸਡੀਐੱਮ ਨੇ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਵੀ ਅਪੀਲ ਹੈ।



# ਸੀ ਪੀ ਆਈ ਦੇ ਮਹਾਂ-ਸੰਮੇਲਨ 'ਚ ਫ਼ਾਜ਼ਿਲਕਾ ਤੋਂ ਇੱਕ ਹਜ਼ਾਰ ਨੌਜਵਾਨ ਬਨੇਗਾ ਟੀ-ਸ਼ਰਟ ਪਾ ਕੇ ਪੁੱਜਣਗੇ : ਗੋਲਡਨ, ਢੰਡੀਆਂ

**ਫ਼ਾਜ਼ਿਲਕਾ (ਪਰਮਜੀਤ ਢਾਬਾਂ)** ਚੰਡੀਗੜ੍ਹ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੇ ਹੋ ਰਹੇ 25ਵੇਂ ਮਹਾਂਸੰਮੇਲਨ ਦੀ ਕਾਮਯਾਬੀ ਲਈ ਕਾਮਰੇਡ ਵਧਾਵਾ ਰਾਮ ਭਵਨ ਵਿਖੇ ਬਲਾਕ ਫ਼ਾਜ਼ਿਲਕਾ ਦੀ ਜਨਰਲ ਬਾਡੀ ਦੀ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਸੀਪੀਆਈ ਦੇ ਬਲਾਕ ਸੰਮਤੀ ਮੈਂਬਰ ਤੇ ਕੌਂਸਲ ਮੈਂਬਰ ਸੁਬੇਗ ਝੰਗੜਭੈਣੀ ਨੇ ਕੀਤੀ।ਮੀਟਿੰਗ 'ਚ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ ਨੇ ਹਿੱਸਾ ਲਿਆ।ਮੀਟਿੰਗ ਵਿੱਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ 25ਵੇਂ ਮਹਾਂ ਸੰਮੇਲਨ ਵਿੱਚ ਦੇਸ਼ ਦੇ ਕੋਨੇ-ਕੋਨੇ ਤੋਂ ਤੇ ਵਿਦੇਸ਼ਾਂ ਵਿਚ ਇਕ ਹਜ਼ਾਰ ਦੀ ਗਿਣਤੀ ਵਿਚ ਡੈਲੀਗੇਟ ਪਹੁੰਚ ਰਹੇ ਹਨ।21 ਸਤੰਬਰ ਨੂੰ ਪਹਿਲੇ ਦਿਨ ਵਿਸ਼ਾਲ ਰੈਲੀ ਕੀਤੀ ਜਾਵੇਗੀ ਅਤੇ 21 ਤੋਂ 25 ਸਤੰਬਰ ਤੱਕ ਪਾਰਟੀ ਦਾ ਮਹਾਂ ਸੰਮੇਲਨ ਚੱਲੇਗਾ।ਕਮਿਊਨਿਸਟ ਆਗੂਆਂ ਨੇ ਕਿਹਾ ਕਿ ਦੇਸ਼ ਭਰ ਵਿੱਚ ਫੈਲੀ ਬੇਰੁਜ਼ਗਾਰੀ ਦੇ ਹੱਲ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ।ਉਨ੍ਹਾਂ ਕਿਹਾ ਦੇਸ਼ ਦੇ ਬੇਰੁਜ਼ਗਾਰੀ ਦੇ ਹੱਲ ਲਈ ਦੇਸ਼ ਦੀ ਪਾਰਲੀਮੈਂਟ ਵਿੱਚ ਭਗਤ ਸਿੰਘ ਕੌਮੀ ਰੁਜ਼ਗਾਰ ਗਾਰੰਟੀ ਕਾਨੂੰਨ (ਬਨੇਗਾ) ਨੂੰ ਪਾਸ ਕਰਾਉਣ ਲਈ ਚਰਚਾ ਹੋਵੇਗੀ।ਇਸ ਮਹਾਂ ਸੰਮੇਲਨ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਫ਼ਾਜ਼ਿਲਕਾ ਤੋਂ ਇਕ ਹਜ਼ਾਰ ਦੀ ਗਿਣਤੀ ਵਿੱਚ ਬਨੇਗਾ ਟੀ-ਸ਼ਰਟ ਪਾ ਕੇ ਨੌਜਵਾਨ ਪਹੁੰਚਣਗੇ।

# ਐੱਸ ਐੱਚ ਓ ਵਿਨਰਪ੍ਰੀਤ ਸਿੰਘ ਨੇ ਥਾਣਾ ਸਿਟੀ ਮੁਖੀ ਵਜੋਂ ਅਹੁਦਾ ਸੰਭਾਲਿਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਦਿਆਲ ਸਿੰਘ ਬੱਲ)** ਥਾਣਾ ਸਿਟੀ ਸਮਾਣਾ ਵਿਖੇ ਇੰਸਪੈਕਟਰ ਵਿਨਰਪ੍ਰੀਤ ਸਿੰਘ ਨੇ ਬਤੌਰ ਥਾਣਾ ਸਿਟੀ ਸਮਾਣਾ ਦੇ ਮੁਖੀ ਵਜੋਂ ਅਹੁਦਾ ਸੰਭਾਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਵਿਨਰਪ੍ਰੀਤ ਸਿੰਘ ਨੇ ਕਿਹਾ ਕਿ ਐੱਸ.ਐੱਸ.ਪੀ. ਪਟਿਆਲਾ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਨਸ਼ਾ ਵੇਚਣ ਤੇ ਖਰੀਦਣ ਵਾਲਿਆਂ 'ਤੇ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ ਅਤੇ ਕਿਸੇ ਨੂੰ ਵੀ ਮੁਆਫ਼ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਹਰੇਕ ਫਰਿਆਦੀ ਨੂੰ ਇਨਸਾਫ਼ ਦਿਵਾਉਣ ਦੇ ਨਾਲ-ਨਾਲ ਥਾਣਾ ਸਿਟੀ ਅਧੀਨ ਪੈਂਦੇ ਇਲਾਕਿਆਂ ਅੰਦਰ ਅਮਨ-ਸ਼ਾਂਤੀ ਬਣਾਏ ਰੱਖਣ ਤੇ ਗਲਤ ਅਨਸਰਾਂ ਖ਼ਿਲਾਫ਼ ਕਾਨੂੰਨੀ ਸ਼ਿਕੰਜਾ ਕੱਸਣ ਪ੍ਰਤੀ ਵਚਨਬੱਧ ਹੈ।ਉਨ੍ਹਾਂ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਲਾਕੇ ਦਾ ਕੋਈ ਵੀ ਵਿਅਕਤੀ ਥਾਣਾ ਸਿਟੀ ਸਮਾਣਾ ਵਿਚ ਬੇਝਿਜਕ ਆ ਕੇ ਆਪਣੀ ਸਮੱਸਿਆ ਦੱਸ ਸਕਦਾ ਹੈ ਤੇ ਉਸ ਦੀ ਹੱਲ ਹੋਣ ਵਾਲੀ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਹਲਕੇ ਵਿਚ ਸ਼ਰਾਰਤੀ ਅਨਸਰਾਂ ਨੂੰ ਨੱਥ ਪਾਉਣ ਲਈ ਪੂਰਾ ਸਹਿਯੋਗ ਕੀਤਾ ਜਾਵੇ।

# ਕਲਰਕ-ਕਮ-ਡਾਟਾ ਐਂਟਰੀ ਓਪਰੇਟਰ ਪੋਸਟਾਂ ਲਈ ਹੋਈ ਪ੍ਰੀਖਿਆ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)** 18 ਅਗਸਤ ਦੀ ਅਖ਼ਬਾਰ 'ਚ ਛਪੀ ਖ਼ਬਰ ਦੇ ਸਬੰਧ ਵਿੱਚ, ਜਿਸ ਵਿੱਚ 17 ਅਗਸਤ ਨੂੰ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਵੱਲੋਂ ਕਲਰਕ-ਕਮ-ਡਾਟਾ ਐਂਟਰੀ ਓਪਰੇਟਰ ਦੀ ਪੋਸਟਾਂ ਲਈ ਹੋਈ ਪ੍ਰੀਖਿਆ ਦੌਰਾਨ ਦੋ ਉਮੀਦਵਾਰਾਂ ਦੀ ਲੇਟ ਐਂਟਰੀ ਬਾਰੇ ਦਾਅਵਾ ਕੀਤਾ ਗਿਆ ਸੀ, ਯੂਨੀਵਰਸਿਟੀ ਵੱਲੋਂ ਸ੍ਰੀ ਅਰਵਿੰਦ ਕੁਮਾਰ, ਰਜਿਸਟਰਾਰਦੀ ਪ੍ਰਧਾਨਗੀ ਹੇਠ ਇੱਕ ਪੜਤਾਲੀਆ ਕਮੇਟੀ ਦਾ ਗਠਨ ਕੀਤਾ। ਕਮੇਟੀ ਨੇ ਸੈਂਟਰ ਸੁਪਰਡੈਂਟ, ਇਨਵੀਜੀਲੇਟਰਾਂ ਤੇ ਸੈਂਟਰ ਸੁਪਰਵਾਈਜ਼ਰ ਨਾਲ ਮਾਮਲੇ ਦੀ ਵਿਸਥਾਰ ਪੂਰਵਕ ਜਾਂਚ ਕੀਤੀ। ਤਫ਼ਤੀਸ਼ ਤੋਂ ਬਾਅਦ ਇਨਕੁਆਰੀ ਕਮੇਟੀ ਨੇ ਨਤੀਜਾ ਕੱਢਿਆ ਕਿ ਦਿੱਤੀ ਗਈ ਸ਼ਿਕਾਇਤ ਬਿਲਕੁਲ ਬੇ-ਬੁਨਿਆਦ ਹੈ ਤੇ ਅਖ਼ਬਾਰ ਵਿੱਚ ਛਪੀ ਖ਼ਬਰ ਝੂਠੀ ਅਤੇ ਗੁੰਮਰਾਹ ਕਰਨ ਵਾਲੀ ਹੈ।ਕਮੇਟੀ ਨੇ ਇਹ ਵੀ ਦਰਸਾਇਆ ਕਿ ਇਹ ਸ਼ਿਕਾਇਤ ਨਕਲੀ, ਬੇਮਤਲਬ ਹੈ ਤੇ ਯੂਨੀਵਰਸਿਟੀ ਦੇ ਅਕਸ ਨੂੰ ਖਰਾਬ ਕਰਨ ਦੀ ਯੋਜਨਾ ਦੇ ਤਹਿਤ ਪਲਾਂਟ ਕੀਤੀ ਗਈ ਲੱਗਦੀ ਹੈ। ਯੂਨੀਵਰਸਿਟੀ ਉਮੀਦਵਾਰਾਂ ਨੂੰ ਅਪੀਲ ਕਰਦੀ ਹੈ ਕਿ ਅਜਿਹੀਆਂ ਬੇ-ਬੁਨਿਆਦ ਰਿਪੋਰਟਾਂ ਨਾਲ ਭਰਮਿਤ ਨਾ ਹੋਣ।

# ਸੰਤ ਲੌਂਗੋਵਾਲ ਨੇ ਨਿੱਜ ਤੋਂ ਉਪਰ ਉੱਠ ਕੇ ਪੰਜਾਬ ਦੀ ਅਮਨ-ਸ਼ਾਂਤੀ ਤੇ ਏਕਤਾ ਲਈ ਕੰਮ ਕੀਤਾ : ਅਮਨ ਅਰੋੜਾ

**ਲੌਂਗੋਵਾਲ, ਸੰਗਰੂਰ (ਪ੍ਰਦੀਪ ਸੱਪਲ, ਪ੍ਰਵੀਨ ਸਿੰਘ)** ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਆਖਿਆ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਨਿੱਜ ਤੋਂ ਉਪਰ ਉੱਠ ਕੇ ਪੰਜਾਬ ਦੀ ਅਮਨ-ਸ਼ਾਂਤੀ ਅਤੇ ਏਕਤਾ ਲਈ ਕੰਮ ਕੀਤਾ। ਸੂਬੇ ਦੇ ਲੋਕ ਉਹਨਾਂ ਦੀ ਕੁਰਬਾਨੀ ਨੂੰ ਹਮੇਸ਼ਾ ਇਸੇ ਤਰ੍ਹਾਂ ਸਿਜਦਾ ਕਰਦੇ ਰਹਿਣਗੇ। ਉਹ ਤ੍ਰੈਵਾਰ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 40ਵੀਂ ਬਰਸੀ ਮੌਕੇ ਸਥਾਨਕ ਅਨਾਜ ਮੰਡੀ ਵਿਖੇ ਇੰਡੀਅਨ ਰੈੱਡ ਕਰਾਸ ਸੁਸਾਇਟੀ, ਜ਼ਿਲ੍ਹਾ ਬ੍ਰਾਂਚ ਸੰਗਰੂਰ ਵੱਲੋਂ ਲਗਾਏ ਗਏ ਖੂਨਦਾਨ ਕੈਂਪ ਨੂੰ ਸੰਬੋਧਨ ਕਰ ਰਹੇ ਸਨ। ਉਹਨਾ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਕੌਮ ਦੇ ਮਹਾਨ ਸ਼ਹੀਦ ਹਨ। ਉਹਨਾ ਪੰਜਾਬ ਦੀ ਏਕਤਾ ਅਤੇ ਅਮਨ ਸ਼ਾਂਤੀ ਲਈ ਆਪਣੀ ਜਾਨ ਤੱਕ ਦੀ ਪ੍ਰਵਾਹ ਨਹੀਂ ਕੀਤੀ। ਉਹਨਾਂ ਨੇ ਪੰਜਾਬ ਵਿੱਚ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਨਿੱਜ ਤੋਂ ਉਪਰ ਉੱਠ ਕੇ ਕੰਮ ਕੀਤਾ।



ਉਹਨਾਂ ਦਾ ਜੀਵਨ ਹਰੇਕ ਅਮਨ ਪਸੰਦ ਵਿਅਕਤੀ ਲਈ ਪ੍ਰੇਰਨਾ ਸਰੋਤ ਹੈ। ਉਹ ਕਿਸੇ ਇਕ ਪਾਰਟੀ ਜਾਂ ਧਿਰ ਦੇ ਆਗੂ ਨਹੀਂ ਸਨ ਸਗੋਂ ਸਮੁੱਚੀ ਲੋਕਾਈ ਦੇ ਮਾਰਗ ਦਰਸ਼ਕ ਸਨ। ਉਹਨਾ ਇਸ ਗੱਲ ਉੱਤੇ ਦੁੱਖ ਪ੍ਰਗਟ ਕੀਤਾ ਕਿ ਅੱਜ ਵੀ ਕੁਝ ਰਾਜਨੀਤਿਕ ਪਾਰਟੀਆਂ, ਜੋ ਕਿ ਆਪਣੇ ਆਪ ਨੂੰ ਪੰਥਕ ਦੱਸਦੀਆਂ ਹਨ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਮ ਉਤੇ ਸੌੜੀ ਰਾਜਨੀਤੀ ਕਰ ਰਹੀਆਂ ਹਨ। ਸੰਤ ਲੌਂਗੋਵਾਲ ਨੇ ਆਪਣਾ ਖੂਨ ਡੋਲਿਆ ਤਾਂ ਕਿ ਪੰਜਾਬ ਘੁੱਗ ਵਸਦਾ ਰਹੇ ਪਰ ਵਿਰੋਧੀ ਪਾਰਟੀਆਂ ਸੂਬੇ ਦਾ ਮਾਹੌਲ ਖ਼ਰਾਬ ਕਰਨ ਉਤੇ ਲੱਗੀਆਂ ਹੋਈਆਂ ਹਨ। ਉਹਨਾਂ ਕਿਹਾ ਕਿ ਪਿੰਡ ਲੌਂਗੋਵਾਲ 52 ਸ਼ਹੀਦਾਂ ਦੀ ਧਰਤੀ ਹੈ। ਪੰਜਾਬ ਸਰਕਾਰ ਵੱਲੋਂ ਇਸ ਧਰਤੀ ਦਾ ਹਮੇਸ਼ਾ ਹੀ ਸਤਿਕਾਰ ਕੀਤਾ ਜਾਂਦਾ ਰਹੇਗਾ। ਇਸ ਤੋਂ ਪਹਿਲਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਨੇ ਮਹਾਨ ਸ਼ਹੀਦ ਹਰਚੰਦ ਸਿੰਘ ਲੌਂਗੋਵਾਲ ਨੂੰ ਯਾਦ ਕੀਤਾ ਅਤੇ ਇਸ ਕੈਂਪ ਵਿੱਚ ਸ਼ਿਰਕਤ ਕਰਨ ਲਈ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਖੁਦ ਖੂਨਦਾਨ ਕੀਤਾ। ਇਸ ਮੌਕੇ ਐੱਸ ਡੀ ਐੱਮ ਚਰਨਜੋਤ ਸਿੰਘ ਵਾਲੀਆ, ਪਰਮਿੰਦਰ ਕੌਰ ਬਰਾੜ ਪ੍ਰਧਾਨ ਨਗਰ ਕੌਂਸਲ ਲੌਂਗੋਵਾਲ, ਵੱਡੀ ਗਿਣਤੀ ਵਿੱਚ ਅਧਿਕਾਰੀ ਅਤੇ ਇਲਾਕੇ ਦੇ ਲੋਕ ਹਾਜ਼ਰ ਸਨ।

# ਗੰਦਗੀ ਨਾਲ ਭਰੀ ਗਲੀ ਕਾਰਨ ਲੋਕਾਂ ਦਾ ਜਿਊਣਾ ਹੋਇਆ ਮੁਹਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਅਬੋਹਰ ਰੋਡ ਸਥਿਤ ਪੱਤੀ ਪੁਜਾਰੀਆਂ ਦੀ ਪਾਰਕ ਨਾਲ ਲਗਦੀ ਗਲੀ ਭਾਈ ਕਰਤਾਰ ਸਿੰਘ ਸਟਰੀਟ ਵਿੱਚ ਤਕਰੀਬਨ ਦੋ ਸਾਲਾਂ ਤੋਂ ਸੀਵਰੇਜ ਬਲਾਕੇਜ਼ ਦੀ ਸਮੱਸਿਆ ਕਾਰਣ ਮੁਹੱਲਾ ਨਿਵਾਸੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਅਕਸਰ ਹੀ ਗਲੀ ਵਿੱਚ ਚੱਲ ਰਹੀ ਸੀਵਰੇਜ ਲਾਈਨ ਵਿੱਚ ਬਲਾਕੇਜ਼ ਤੇ ਬਹੁਤੇ ਚੈਂਬਰ ਤੇ ਉਨ੍ਹਾਂ ਦੇ ਢੱਕਣ ਟੁੱਟੇ ਹੋਣ ਕਾਰਣ

**● ਵਿਧਾਇਕ ਵੱਲੋਂ ਵਿਸ਼ਵਾਸ ਦੇਣ ਦੇ ਬਾਵਜੂਦ ਮਸਲਾ ਲਟਕਿਆ**

ਸੀਵਰੇਜ ਦੀ ਗੰਦਗੀ ਤੇ ਗੰਦਾ ਪਾਣੀ ਗਲੀ ਵਿੱਚ ਖੜਾ ਰਹਿੰਦਾ ਹੈ।ਬਰਸਾਤੀ ਮੌਸਮ ਵਿਚ ਇਹ ਸਮੱਸਿਆ ਹੋਰ ਵਧ ਜਾਂਦੀ ਹੈ। ਅਧਿਆਪਕ ਜਥੇਬੰਦੀ ਡੀ. ਟੀ.ਐਫ. ਦੀਆਂ ਮੋਹਰੀ ਸਫ਼ਾਂ 'ਚ ਕੰਮ ਕਰਨ ਵਾਲੇ ਆਗੂ ਬੂਟਾ ਸਿੰਘ ਵਾਕਫ਼ ਨੇ ਦੱਸਿਆ ਕਿ ਵਾਰ-ਵਾਰ ਦਫਤਰ ਉਪ ਮੰਡਲ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੁਕਤਸਰ ਦੇ ਮੁਤਲਕਾ ਮਹਿਕਮੇ ਨੂੰ ਬੇਨਤੀ ਕਰਨ ਤੇ ਵੀ ਅਜੇ ਤੱਕ ਇਹ ਮਸਲਾ ਉਠ ਦੇ ਬੁੱਲ੍ਹ ਵਾਂਗ ਲਟਕਿਆ ਹੋਇਆ ਹੈ।ਕਰੀਬ ਦੋ ਹਫ਼ਤੇ ਪਹਿਲਾਂ ਇਹ ਮਸਲਾ ਸਥਾਨਕ ਹਲਕਾ ਵਿਧਾਇਕ ਕਾਕਾ ਬਰਾੜ ਦੁਆਰਾ ਕੀਤੀ ਗਈ ਮੁਹੱਲੇ ਦੀ ਫੇਰੀ ਦੌਰਾਨ ਉਨ੍ਹਾਂ ਦੇ



ਧਿਆਨ ਵਿਚ ਲਿਆਂਦਾ ਗਿਆ ਸੀ।ਵਿਧਾਇਕ ਦੁਆਰਾ ਮਸਲੇ ਨੂੰ ਹੱਲ ਕਰਨ ਦਾ ਵਿਸ਼ਵਾਸ਼ ਦੁਆਏ ਜਾਣ ਦੇ ਬਾਵਜੂਦ ਵੀ ਮਸਲਾ ਜਿਉਂ ਦਾ ਤਿਉਂ ਹੀ ਲਟਕਿਆ ਹੋਇਆ ਹੈ।ਹਰ ਵਾਰ ਮੁਹੱਲਾ ਨਿਵਾਸੀ ਪੈਸੇ ਇਕੱਠੇ ਕਰਕੇ ਕਿਸੇ ਪ੍ਰਾਈਵੇਟ ਸੀਵਰਮੈਨ ਤੋਂ ਸੀਵਰੇਜ ਸਿਸਟਮ ਨੂੰ ਆਰਜ਼ੀ ਤੌਰ 'ਤੇ ਚਲਵਾਉਂਦੇ ਹਨ, ਪਰ ਦੋ ਚਾਰ ਦਿਨ ਬਾਅਦ ਸੀਵਰੇਜ ਮੁੜ ਬੰਦ ਹੋ ਜਾਂਦਾ ਹੈ। ਕਦੇ ਕਦਾਈਂ ਸਰਕਾਰੀ ਸੀਵਰਮੈਨ ਵੀ ਕੁਝ ਸਮੇਂ ਲਈ ਬੁੱਤਾ ਸਾਰ ਜਾਂਦੇ ਹਨ, ਪਰ ਸੀਵਰੇਜ ਲਾਈਨ ਮੁੜ ਬਲਾਕ ਹੋ ਜਾਂਦੀ ਹੈ, ਜਿਸ ਕਾਰਨ ਗੰਦਾ ਪਾਣੀ ਫਿਰ ਸੜਕ 'ਤੇ ਆ ਜਾਂਦਾ ਹੈ।ਗੰਦਾ ਪਾਣੀ ਅਕਸਰ ਗਲੀ ਵਿੱਚ ਖੜਾ ਹੋਣ ਕਾਰਨ ਕਈ ਤਰ੍ਹਾਂ ਦੀਆਂ ਬਿਮਾਰੀਆ ਨੂੰ ਸੱਦਾ ਦਿੰਦਾ ਹੈ।ਨਿੱਤ ਦਿਨ ਮੱਛਰ-ਮੱਖੀਆਂ ਦੀ ਭਰਮਾਰ ਰਹਿੰਦੀ ਹੈ।ਲੋਕ ਦੂਸ਼ਿਤ ਵਾਤਾਵਰਣ ਵਿੱਚ ਰਹਿਣ ਲਈ ਮਜਬੂਰ ਹਨ।ਟੁੱਟੇ ਹੋਏ ਚੈਂਬਰ ਰਾਤ-ਬਰਾਤੇ ਕਿਸੇ ਵੀ ਅਣਕਿਆਸੀ ਦੁਰਘਟਨਾ ਦਾ ਸਬੱਬ ਬਣ ਸਕਦੇ ਹਨ। ਜ਼ਿਕਰਯੋਗ ਹੈ ਕਿ ਇਹ ਗਲੀ ਅਬੋਹਰ ਰੋਡ ਤੋਂ ਹੋ ਕੇ ਦਰਬਾਰ ਸਾਹਿਬ ਨੂੰ ਜਾਣ ਵਾਲੀ ਮੇਨ ਗਲੀ ਹੈ, ਜਿਸ ਕਾਰਨ ਦਰਬਾਰ ਜਾਣ ਵਾਲੀਆ ਸੰਗਤਾਂ ਨੂੰ ਵੀ ਇਥੋਂ ਲੰਘਦੇ ਸਮੇਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਸਮੂਹ ਮੁਹੱਲਾ ਨਿਵਾਸੀਆਂ ਨੇ ਸਥਾਨਕ ਵਿਧਾਇਕ, ਜ਼ਿਲ੍ਹਾ ਪ੍ਰਸ਼ਾਸਨ ਤੇ ਸਬੰਧਤ ਵਿਭਾਗ ਤੋਂ ਮੁੜ ਮੰਗ ਕੀਤੀ ਹੈ ਕਿ ਇਸ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਲਈ ਫੌਰੀ ਤੌਰ 'ਤੇ ਸੀਵਰੇਜ ਲਾਈਨ ਦਾ ਮੇਨ ਪਾਈਪ ਬਦਲਿਆ ਜਾਵੇ ਤੇ ਨਵੇਂ ਸਿਰਿਓਂ ਚੈਂਬਰ ਉਸਾਰੇ ਜਾਣ ਤਾਂ ਜੁ ਦੂਸ਼ਣ ਭਰੇ ਵਾਤਾਵਰਣ ਤੋਂ ਛੁਟਕਾਰਾ ਹੋ ਸਕੇ।

# ਗੁਰੂ ਨਾਨਕ ਮਾਡਲ ਸਕੂਲ 'ਚ ਇਨਵੈਸਟੀਚਰ ਸਮਾਗਮ ਕਰਾਇਆ

**ਦੋਰਾਹਾ (ਹਰਮਿੰਦਰ ਸੇਠ)** ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੰਨਵੈਸਟੀਚਰ ਸਮਾਰੋਹ ਬਹੁਤ ਜੋਸ਼ ਤੇ ਉਤਸ਼ਾਹ ਨਾਲ ਆਯੋਜਤ ਕੀਤਾ ਗਿਆ। ਸਮਾਗਮ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਕਾਰਜਕਾਰੀ ਪ੍ਰਬੰਧਕ ਰੁਪਿੰਦਰ ਕੌਰ ਬਰਾੜ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਸਕੂਲ ਪ੍ਰਿੰਸੀਪਲ ਡਾ. ਡੀ.ਪੀ.ਠਾਕੁਰ ਅਤੇ ਜੂਨੀਅਰ ਸਕੂਲ ਦੇ ਡਿਪਟੀ ਹੈੱਡ ਮਿਸਟਰਸ ਪੂਰਵੀ ਮਹਿਤਾ ਦੀ ਅਗਵਾਈ ਵਿੱਚ ਕਰਾਏ ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਦੇ ਸੁਆਗਤ ਅਤੇ ਜੋਤ ਜਗਾ ਕੇ ਕੀਤੀ ਗਈ।ਸਕੂਲ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕੀਤਾ ਗਿਆ।ਉਪਰੰਤ ਮੁੱਖ ਮਹਿਮਾਨ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਕੂਲ ਪ੍ਰਿੰਸੀਪਲ ਡਾ. ਡੀ ਪੀ ਠਾਕੁਰ ਨੇ ਸੁਆਗਤੀ ਭਾਸ਼ਣ



ਵਿੱਚ ਸਕੂਲ ਦੀਆਂ ਉਪਲੱਬਧੀਆਂ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਬਿਆਨ ਕੀਤਾ।ਇਸ ਤੋਂ ਬਾਅਦ ਜੂਨੀਅਰ ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਦੁਆਰਾ ਡਾਂਸ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ ਗਿਆ।ਚਾਰੇ ਹਾਊਸਾਂ ਦੇ ਪ੍ਰਤੀਨਿਧੀਆਂ ਦੁਆਰਾ ਮਾਰਚ-ਪਾਸਟ ਕੀਤਾ ਗਿਆ।ਪ੍ਰੋਗਰਾਮ ਦੌਰਾਨ ਸਕੂਲ ਹੈੱਡ ਬੁਆਏ ਅਤੇ ਹੈੱਡ ਗਰਲ ਸਮੇਤ ਚਾਰ ਹਾਊਸਾਂ ਮਾਰਸ,ਸੈਚਰਨ, ਜੂਪੀਟਰ ਤੇ ਅਰਥ ਦੇ ਕਪਤਾਨ ਅਤੇ ਉਪ-ਕਪਤਾਨ ਵੀ ਚੁਣੇ ਗਏ।ਸੀਨੀਅਰ ਸਕੂਲ ਦੇ ਹਰਸਿਮਰਨ ਸਿੰਘ ਨੂੰ ਹੈੱਡ ਬੁਆਏ ਤੇ ਤਪਿੰਦਰ ਸਿੰਘ ਨੂੰ ਵਾਈਸ ਹੈੱਡ ਬੁਆਏ ਵਜੋਂ ਚੁਣਿਆ ਗਿਆ।ਇਸੇ ਤਰ੍ਹਾਂ ਹੀ ਸਕੂਲ ਹੈੱਡ ਗਰਲ ਵੱਜੋਂ ਹਰਜੋਤ ਕੌਰ ਰਾਏ ਅਤੇ ਵਾਈਸ ਹੈੱਡ ਗਰਲ ਹਰਮਨ ਮੁੰਡੀ ਨੂੰ ਚੁਣਿਆ ਗਿਆ।ਜੂਨੀਅਰ ਸਕੂਲ ਦੇ ਅਰਪਿਤ ਕੁਮਾਰ ਨੂੰ ਹੈੱਡ ਬੁਆਏ ਅਤੇ ਮਨਵੀਰ ਸਿੰਘ ਨੂੰ ਵਾਈਸ ਹੈੱਡ ਬੁਆਏ ਵੱਜੋਂ ਚੁਣਿਆ ਗਿਆ।ਇਸੇ ਤਰ੍ਹਾਂ ਹੀ ਜੂਨੀਅਰ ਸਕੂਲ ਹੈੱਡ ਗਰਲ ਵੱਜੋਂ ਨਵਿਆ ਪਾਠਕ ਅਤੇ ਵਾਈਸ ਹੈੱਡ ਗਰਲ ਪੁਨੀਤ ਕੌਰ ਨੂੰ ਚੁਣਿਆ ਗਿਆ।ਪ੍ਰੋਗਰਾਮ ਦੌਰਾਨ ਵਿਦਿਆਰਥੀ ਕੌਂਸਲ ਦੇ ਨਵੇਂ ਚੁਣੇ ਗਏ ਪ੍ਰਤੀਨਿਧੀਆਂ ਦੁਆਰਾ ਸਹੁੰ ਚੁੱਕੀ ਗਈ।ਚੌਥੀ ਜਮਾਤ ਦੀ ਆਇਸ਼ਾ ਦੁਆਰਾ ਸਕੂਲ ਗੀਤ ਗਾ ਕੇ ਪ੍ਰੋਗਰਾਮ ਦੀ ਸ਼ਾਨ ਵਧਾਈ ਗਈ।

# ਹੈੱਲਥ ਐਂਡ ਵੈੱਲਨਸ ਸੈਂਟਰ ਦੀ ਬਿਲਡਿੰਗ ਦਾ ਕੰਮ ਸ਼ੁਰੂ ਕਰਾਇਆ



**ਬਠਿੰਡਾ (ਰਾਜੀਵ ਗੋਇਲ)** ਸੂਬਾ ਸਰਕਾਰ ਵੱਲੋਂ ਪਿੰਡਾਂ 'ਚ ਬਣੀਆਂ ਖਸਤਾ ਹਾਲਤ ਹੋ ਚੁੱਕੀਆਂ ਡਿਸਪੈਂਸਰੀਆਂ ਦੀ ਨੁਹਾਰ ਬਦਲਣ ਲਈ ਨਵੇਂ 'ਹੈਲਥ ਐਂਡ ਵੈਲਨਸ' ਸੈਂਟਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਤਾਂ ਜੁ ਆਮ ਲੋਕਾਂ ਨੂੰ ਸਹੂਲਤ ਦਿੱਤੀ ਜਾ ਸਕੇ। ਇਸੇ ਲੜੀ ਤਹਿਤ ਕਸਬਾ ਜ਼ਲਾਲ ਵਿਖੇ ਹਲਕਾ ਰਾਮਪੁਰਾ ਫੂਲ ਦੇ ਕੋਆਰਡੀਨੇਟਰ ਬੂਟਾ ਸਿੰਘ ਆੜਤੀਆ ਵੱਲੋਂ ਸਰਕਾਰ ਵੱਲੋਂ ਬਣਾਏ ਜਾਣ ਵਾਲੇ 'ਹੈਲਥ ਐਂਡ ਵੈਲਨਸ' ਸੈਂਟਰ ਦੀ ਇਮਾਰਤ ਦੀ ਉਸਾਰੀ ਦਾ ਕੰਮ ਟੱਕ ਲਾ ਕੇ ਸ਼ੁਰੂ ਕਰਾਇਆ ਗਿਆ। ਜਲਾਲ ਨੇ ਇਸ ਮੁਹਿੰਮ ਲਈ ਸਰਕਾਰ ਦਾ ਧੰਨਵਾਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਬਿਲਡਿੰਗ ਦਾ ਸਟਾਫ਼ ਨਰੇਗਾ ਭਵਨ 'ਚ ਆਪਣਾ ਕੰਮ ਚਲਾ ਰਿਹਾ ਸੀ, ਕਿਉਂਕਿ ਪੁਰਾਣੀ ਇਮਾਰਤ ਤਾਂ ਹੁਣ ਖੰਡਰ ਹੀ ਬਣ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਕਰੀਬ 27 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਹ ਇਮਾਰਤ ਪੰਜ-ਛੇ ਮਹੀਨਿਆਂ 'ਚ ਬਣ ਕੇ ਤਿਆਰ ਹੋ ਜਾਵੇਗੀ। ਉਧਰ ਆਮ ਲੋਕਾਂ ਨੇ ਬੂਟਾ ਸਿੰਘ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਡੇ ਲਈ ਤਾਂ ਹੁਣ 'ਬੂਟਾ' ਹੀ ਸਭ ਕੁਝ ਹੈ, ਜਦੋਂ ਵੀ ਕੰਮ ਨੂੰ ਜਾਂਦੇ ਹਾਂ, ਕਰਵਾ ਦਿੰਦਾ ਹੈ।

# ਗੁਰੂ ਨਾਨਕ ਨੈਸ਼ਨਲ ਕਾਲਜ ਦੇ ਕੈਡਿਟਾਂ ਨੇ ਪਰੇਡ ਦੀ ਅਗਵਾਈ ਕੀਤੀ

**ਦੋਰਾਹਾ (ਹਰਮਿੰਦਰ ਸੇਠ)** ਗੁਰੂ ਨਾਨਕ ਨੈਸ਼ਨਲ ਕਾਲਜ ਦੇ ਐੱਨ. ਸੀ. ਸੀ. ਕੈਡਿਟਾਂ ਨੇ ਆਜ਼ਾਦੀ ਦਿਹਾੜੇ ਦੇ ਮੌਕੇ 'ਤੇ ਪਾਇਲ ਵਿਖੇ ਹੋਈ ਪਰੇਡ ਵਿੱਚ ਹਿੱਸਾ ਲਿਆ। ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ 19 ਪੰਜਾਬ ਬਟਾਲੀਅਨ ਐੱਨ.ਸੀ.ਸੀ. ਲੁਧਿਆਣਾ ਦੀ ਕਮਾਂਡ ਅਧੀਨ ਗੁਰੂ ਨਾਨਕ ਨੈਸ਼ਨਲ ਕਾਲਜ ਦੇ ਐੱਨ.ਸੀ.ਸੀ. ਕੈਡਿਟਾਂ ਨੇ ਸਬ ਡਿਵੀਜ਼ਨ ਪਾਇਲ ਵਿਖੇ 15 ਅਗਸਤ ਦੇ ਮੌਕੇ ਆਜ਼ਾਦੀ ਦਿਵਸ ਦੀ ਪਰੇਡ ਦੀ ਅਗਵਾਈ ਕੀਤੀ।ਲੜਕੀਆਂ ਦੀ ਟੁਕੜੀ ਦੀ ਅਗਵਾਈ ਕੈਡਿਟ ਤਮਨਦੀਪ ਕੌਰ ਤੇ ਲੜਕਿਆਂ ਦੀ ਟੁਕੜੀ ਦੀ ਅਗਵਾਈ ਕੈਡਿਟ ਸੌਰਵ ਕੁਮਾਰ ਨੇ ਕੀਤੀ। ਪਾਇਲ ਦੇ ਐੱਸ.ਡੀ.ਐੱਮ. ਪ੍ਰਦੀਪ ਸਿੰਘ ਬੈਂਸ (ਪੀ.ਸੀ.ਐੱਸ.) ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ ਤੇ ਬਾਅਦ ਵਿੱਚ ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕਰਦੇ ਹੋਏ ਤਿਰੰਗੇ ਨੂੰ ਸਲਾਮੀ ਵੀ ਦਿੱਤੀ ਗਈ। ਏ.ਐੱਨ.ਓ ਲੈਫ਼ਟੀਨੈਂਟ ਸਨਦੀਪ ਸਿੰਘ ਹੁੰਦਲ ਦੀ ਨਿਗਰਾਨੀ ਹੇਠ ਤਿਆਰ ਕੀਤੀ ਗਈ ਇਸ ਪਰੇਡ ਵਿੱਚ ਕਾਲਜ ਦੇ 40 ਕੈਡਿਟਾਂ ਨੇ ਭਾਗ ਲਿਆ।

# ਸੱਤਿਆ ਭਾਰਤੀ ਸਕੂਲ ਨੇ ਅਜ਼ਾਦੀ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)** ਏਅਰਟੈਲ ਫਾਊਂਡੇਸ਼ਨ ਵੱਲੋਂ ਚਲਾਏ ਜਾ ਰਹੇ ਸਕੂਲ ਸੱਤਿਆ ਭਾਰਤੀ ਸਕੂਲ ਮਾਦਪੁਰਾ ਵਿਖੇ ਸੁਤੰਤਰਤਾ ਦਿਵਸ ਬਹੁਤ ਧੂਮਧਾਮ ਨਾਲ ਮਨਾਇਆ ਗਿਆ ਇਸ ਸਮੇਂ ਸਕੂਲ ਲੀਡਰਸ਼ਿਪ ਕੌਂਸਲ ਦੇ ਬੱਚਿਆਂ ਨੇ ਪ੍ਰੋਗਰਾਮ ਦੀ ਅਗਵਾਈ ਕੀਤੀ ।ਇਸ ਮੌਕੇ ਬੱਚਿਆਂ ਨੇ ਦੇਸ਼ ਭਗਤੀ ਨਾਲ ਸੰਬੰਧਿਤ ਪ੍ਰੋਗਰਾਮ ਪੇਸ਼ ਕੀਤਾ ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਪਿੰਡ ਦੇ ਸਰਪੰਚ ਜਗਜੀਤ ਸਿੰਘ ,ਪੰਚ ਮਲਕੀਤ ਸਿੰਘ ,ਪੰਚ ਸਵਰਨਜੀਤ ਸਿੰਘ ਅਤੇ ਆਂਗਣਵਾੜੀ ਵਰਕਰ ਮਨਜੀਤ ਕੌਰ ਅਤੇ ਹੋਰ ਪੰਚਾਇਤ ਮੈਂਬਰ ਜਿਨਾਂ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਅਤੇ ਅਲੂਮਨੀ ਬੱਚਿਆਂ ਦਾ ਸਨਮਾਨ ਕੀਤਾ ਉਹਨਾਂ ਨੇ ਬੱਚਿਆਂ ਦੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ।ਸਾਰਿਆਂ ਵੱਲੋਂ ਬੱਚੀਆਂ ਦੀ ਸੁਰੱਖਿਆ ਅਤੇ ਚੰਗੇ ਭਵਿੱਖ ਲਈ ਸਹਿਯੋਗ ਦੇਣ ਲਈ ਇੱਕ ਸਹੁੰ ਚੁੱਕੀ ਗਈ ।ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਮੈਡਮ ਸਤਵੀਰ ਕੌਰ ਨੇ ਸਕੂਲ ਮੈਨਜਮੈਂਟ ਕਮੇਟੀ ਨੂੰ ਸਨਮਾਨਿਤ ਕਰਦੇ ਹੋਏ ਸਭ ਦਾ ਤਹਿ ਦਿਲੋਂ ਸਵਾਗਤ ਕੀਤਾ ਤੇ ਧੰਨਵਾਦ ਕੀਤਾ ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਮੈਡਮ ਹਰਪ੍ਰੀਤ ਕੌਰ, ਮੈਡਮ ਸੁਨੀਤਾ ਰਾਣੀ, ਮੈਡਮ ਚਰਨਜੀਤ ਕੌਰ, ਮੈਡਮ ਸਰਬਜੀਤ ਕੌਰ, ਮੈਡਮ ਹਰਮੇਸ਼ ਕੁਮਾਰੀ ਅਤੇ ਮੈਡਮ ਰਮਨਦੀਪ ਕੌਰ ਵੀ ਹਾਜ਼ਰ ਸਨ।

# ਦਸਮੇਸ਼ ਮਿਸ਼ਨ ਸਕੂਲ ਹਰੀ ਨੌਂ 'ਚ ਸਦਭਾਵਨਾ ਦਿਵਸ ਮਨਾਇਆ




**ਕੋਟਕਪੂਰਾ (ਰਛਪਾਲ ਭੁੱਲਰ)** ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਸਦਭਾਵਨਾ ਦਿਵਸ ਮਨਾਇਆ ਗਿਆ। ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸਹਿਯੋਗ ਦੀ ਭਾਵਨਾ ਵਿਕਸਤ ਕਰਨਾ ਹੈ। ਐਨ ਐਸ ਐਸ ਪ੍ਰੋਗਰਾਮ ਅਫ਼ਸਰ ਸ੍ਰੀਮਤੀ ਸ਼ਮਿੰਦਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਇਹ ਦਿਨ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੀ ਦੇ ਜਨਮ ਦਿਨ ਮੌਕੇ 'ਤੇ ਬੜੀ ਹੀ ਖੁਸ਼ੀ ਨਾਲ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ।ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜੇਕਰ ਦੇਸ਼ ਦਾ ਹਰ ਨਾਗਰਿਕ ਪਿਆਰ, ਸਹਿਯੋਗ ਤੇ ਸਦਭਾਵਨਾ ਨਾਲ ਰਹੇਗਾ ਤਾਂ ਦੇਸ਼ ਬੜੀ ਜਲਦੀ ਹੀ ਵਿਕਾਸ ਦੀਆਂ ਉਚਾਈਆਂ ਤੱਕ ਪਹੁੰਚੇਗਾ।ਇਸ ਉਪਰੰਤ ਵਿਦਿਆਰਥੀਆਂ ਵੱਲੋਂ ਕਵਿਤਾ ਉਚਾਰਨ ਤੇ ਭਾਸ਼ਣ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਬਲਜੀਤ ਸਿੰਘ ਵੱਲੋਂ ਦੱਸਿਆ ਕਿ ਸਦਭਾਵਨਾ ਦਾ ਅਰਥ ਹੈ ਭਾਈਚਾਰੇ ਤੇ ਏਕਤਾ ਨਾਲ ਰਹਿਣਾ।ਇਹ ਸਾਡੇ ਜੀਵਨ ਦਾ ਆਧਾਰ ਹੈ।ਸਾਨੂੰ ਕਿਸੇ ਵੀ ਆਧਾਰ ਤੇ ਕਿਸੇ ਮਨੁੱਖ ਨਾਲ ਕੋਈ ਭੇਦਭਾਵ ਨਹੀਂ ਕਰਨਾ ਚਾਹੀਦਾ, ਸਗੋਂ ਸਾਰਿਆਂ ਨਾਲ ਮਿਲ ਜੁਲ ਕੇ ਰਹਿਣਾ ਚਾਹੀਦਾ ਹੈ।ਜੇਕਰ ਕਿਸੇ ਨੂੰ ਮਦਦ ਦੀ ਲੋੜ ਹੈ ਤਾਂ ਉਸਦੀ ਮਦਦ ਕਰੋ ਤੇ ਉਸਦਾ ਆਸਰਾ ਬਣੋ।



# ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ ਪਿੰਡਾਂ 'ਚ ਜਾਗਰੂਕਤਾ ਰੈਲੀਆਂ

**ਬੋਹਾ (ਨਿਰੰਜਣ ਬੋਹਾ)** ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵੱਲੋਂ 'ਪਾਣੀ ਬਚਾਓ ਜ਼ਮੀਨ ਬਚਾਉ' ਅਤੇ ਜਵਾਨੀ ਨੂੰ ਨਸ਼ਿਆਂ ਦੇ ਵਧ ਰਹੇ ਰੁਝਾਨ ਨੂੰ ਰੋਕਣ ਲਈ ਬੋਹਾ ਖੇਤਰ ਦੇ ਪਿੰਡ ਮੰਡਰੇਨਾ ਜੋਈਆਂ, ਆਲਮਪੁਰ ਮੰਦਰਾਂ, ਮੱਲ ਸਿੰਘ ਵਾਲਾ, ਪਿਪਲੀਆਂ ਤੇ ਟਾਹਲੀਆਂ ਵਿੱਖੇ ਰੈਲੀਆਂ ਕੀਤੀਆਂ ਗਈਆਂ। ਰੈਲੀਆਂ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾਈ ਆਗੂ ਲਛਮਣ ਸਿੰਘ ਚੱਕ ਅਲੀਸ਼ੇਰ ਨੇ ਕਿਹਾ ਕਿ ਜਦੋਂ ਅਸੀਂ ਕਿਸੇ ਵੀ ਸੂਬੇ ਵਿੱਚੋਂ ਤੇਲ ਸੋਨਾ ਪੱਥਰ ਜਾਂ ਕੋਈ ਵੀ ਚੀਜ਼ ਲੈਣੀ ਹੋਵੇ ਤਾਂ ਪੈਸੇ ਦੇ ਲੈਂਦੇ ਹਾਂ, ਪਰ ਸਾਡੇ ਸੂਬੇ ਦੀਆਂ ਸਰਕਾਰਾਂ ਵੱਲੋਂ ਪੰਜਾਬ ਵਿੱਚੋਂ ਜੋ ਕੁਦਰਤੀ ਦੇਣ ਪੰਜਾਂ ਦਰਿਆਵਾਂ ਦੀ ਧਰਤੀ ਪਾਣੀ ਦੂਜੇ ਸੂਬਿਆਂ ਨੂੰ ਮੁਫਤ ਦਿੱਤਾ ਜਾ ਰਿਹਾ ਹੈ।ਜੇਕਰ ਦੂਜੇ ਸੂਬੇ ਸਾਥੋਂ ਪੈਸੇ ਲੈ ਕੇ ਵਸਤੂਆਂ ਦਿੰਦੇ ਹਨ, ਫਿਰ ਇਹ ਕਿਉਂ ਪੰਜਾਬ ਨੂੰ ਬਰਬਾਦ ਕਰਨ 'ਤੇ ਲੱਗੇ ਹੋਏ ਹਨ। ਉਨ੍ਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਪੱਖੀ ਹੈ।ਸਰਕਾਰ ਨੇ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਦੇਣ ਦੀ ਥਾਂ ਉਨ੍ਹਾਂ ਨੂੰ ਨਸ਼ਿਆਂ ਦੀ ਦਲਦਲ ਵਿਚ ਧੱਕਿਆ ਜਾ ਰਿਹਾ ਹੈ ਤੇ ਸਿਆਸੀ ਲੋਕਾਂ ਵੱਲੋਂ ਪੁੱਠੇ ਕੰਮਾਂ ਵਿੱਚ ਲਾਇਆ ਜਾ ਰਿਹਾ ਹੈ।

# ਮਨੀਸ਼ ਸਿਸੋਦੀਆ ਦਾ ਬਿਆਨ ਗ਼ੈਰ-ਜ਼ਿੰਮੇਵਾਰਾਨਾ ਤੇ ਲੋਕਤੰਤਰ ਲਈ ਖ਼ਤਰਨਾਕ : ਸ਼ਾਹਪੁਰ

**ਦੋਰਾਹਾ (ਹਰਮਿੰਦਰ ਸੇਠ)** ਕੁਝ ਦਿਨ ਪਹਿਲਾ 'ਆਪ' ਦੇ ਸੀਨੀਅਰ ਆਗੂ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਸ੍ਰੀ ਮੁਨੀਸ਼ ਸਿਸੋਦੀਆ ਵੱਲੋਂ ਪੰਜਾਬ ਅੰਦਰ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਲਈ ਕਥਿਤ ਤੌਰ 'ਤੇ ਲੜਾਈ ਝਗੜਾ, ਜ਼ਬਰਦਸਤੀ, ਗੁੰਡਾਗਰਦੀ, ਝੂਠ, ਫ਼ਰੇਬ ਦੀ ਵਰਤੋਂ ਕਰਕੇ ਵਰਕਰਾਂ ਨੂੰ ਚੋਣਾਂ ਜਿੱਤਣ ਲਈ ਉਕਸਾਇਆ ਹੈ। ਸਾਬਕਾ ਜ਼ਿਲ੍ਹਾ ਵੈਟਨਰੀ ਇੰਸਪੈਕਟਰ ਤੇ ਲੋਕ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਸ਼ਾਹਪੁਰ ਨੇ ਕਿਹਾ ਕਿ 'ਆਪ' ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਸ੍ਰੀ ਮੁਨੀਸ਼ ਸਿਸੋਦੀਆ ਦਾ ਇਹ ਬਿਆਨ ਗ਼ੈਰ ਜ਼ਿੰਮੇਵਾਰਾਨਾ, ਬਹੁਤ ਮੰਦਭਾਗਾ, ਸ਼ਰਮਨਾਕ, ਵੰਡਪਾਊ ਤੇ ਲੋਕਤੰਤਰ ਲਈ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਸਿਸੋਦੀਆ ਨੂੰ ਪੰਜਾਬ ਦੇ ਲੋਕਾਂ ਤੋਂ ਜਨਤਕ ਤੌਰ 'ਤੇ ਮਾਫ਼ੀ ਮੰਗਣੀ ਚਾਹੀਦੀ ਹੈ।



ਧੂਰੀ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਬਾਲੀਆਂ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਹੈਂਡਵਾਲ ਦੇ ਟੂਰਨਾਮੈਂਟ 'ਚ ਤਿੰਨ ਗਰੁੱਪਾਂ 'ਚੋਂ ਸੋਨ ਤਮਗੇ ਪ੍ਰਾਪਤ ਕੀਤੇ ਅਤੇ ਸਕੂਲ ਦੇ ਛੇ ਵਿਦਿਆਰਥੀ ਰਾਜ ਪੱਧਰੀ ਮੁਕਾਬਲੇ ਲਈ ਚੁਣੇ ਗਏ। ਜੇਤੂ ਰਹੇ ਤੇ ਚੁਣੇ ਗਏ ਵਿਦਿਆਰਥੀ ਸਕੂਲ ਸਟਾਫ਼ ਨਾਲ। **ਫੋਟੋ ਤੇ ਵੇਰਵੇ : ਮਨੋਹਰ ਸਿੰਘ ਸੱਗੂ**

# ਅਕਾਲੀ ਦਲ ਨੇ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਅਹਿਮ ਕਦਮ ਚੁੱਕੇ : ਆਗੂ



**ਬਾਘਾ ਪੁਰਾਣਾ (ਮਨੀ ਸਿੰਗਲਾ)** ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ ਦਲ ਨੇ ਪੰਜਾਬ ਦੇ ਲੋਕਾਂ ਦੀ ਸੇਵਾ ਅਤੇ ਸੂਬੇ ਦੀ ਖੁਸ਼ਹਾਲੀ ਲਈ ਕਈ ਅਹਿਮ ਕਦਮ ਚੁੱਕੇ ਹਨ।ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਆਗੂ ਪਵਨ ਗੋਇਲ, ਸੀਨੀਅਰ ਆਗੂ ਤ੍ਰਿਲੋਚਨ ਸਿੰਘ ਕਾਲੇਕੇ, ਯੂਥ ਆਗੂ ਰਣਜੀਤ ਸਿੰਘ ਝੀਤੇ, ਜਗਸੀਰ ਸਿੰਘ ਸੀਰੂ ਨੇ ਕਰਦਿਆਂ ਆਖਿਆ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਵਾਅਦਿਆਂ ਤੋਂ ਪੂਰੀ ਤਰ੍ਹਾਂ ਨਿਰਾਸ਼ ਹੋ ਚੁੱਕੇ ਹਨ। ਉਨ੍ਹਾਂ ਦੋਸ਼ ਲਾਇਆ ਕਿ 'ਆਪ' ਸਰਕਾਰ ਨੇ ਨਾ ਤਾਂ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ, ਨਾ ਹੀ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਵਿਚ ਕੋਈ ਪ੍ਰਗਤੀ ਕੀਤੀ, ਅਤੇ ਨਾ ਹੀ ਸੂਬੇ ਦੇ ਵਿਕਾਸ ਲਈ ਕੋਈ ਠੋਸ ਕਦਮ ਚੁੱਕੇ। ਪੰਜਾਬ ਦੇ ਲੋਕਾਂ ਨੂੰ ਹੁਣ ਸਮਝ ਆ ਗਈ ਹੈ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸਮਝਦਾ ਹੈ ਅਤੇ ਹੱਲ ਕਰ ਸਕਦਾ ਹੈ।ਇਸ ਲਈ ਸੂਬੇ ਦੇ ਲੋਕਾਂ ਦਾ ਝੁਕਾਅ ਹੁਣ ਦਿਨੋਂ ਦਿਨ ਸ਼੍ਰੋਮਣੀ ਅਕਾਲੀ ਦਲ ਵੱਲ ਹੁੰਦਾ ਜਾ ਰਿਹਾ ਹੈ ਅਤੇ ਪੰਜਾਬ ਦੇ ਲੋਕ ਹੁਣ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੂਬੇ ਦਾ ਮੁੱਖ ਮੰਤਰੀ ਦੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਹਿਲਾਂ ਅਕਾਲੀ ਦਲ ਦੀ ਸਰਕਾਰ ਸਮੇਂ ਸੂਬੇ ਦਾ ਵਿਕਾਸ ਹੋਇਆ ਸੀ, ਉਸੇ ਤਰ੍ਹਾਂ ਹੀ 2027 ਦੀਆਂ ਵਿਧਾਨ ਸਭਾ ਚੋਣਾ ਜਿੱਤਣ ਦੇ ਬਾਅਦ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਮੁੜ ਪੰਜਾਬ ਤਰੱਕੀ ਵੱਲ ਵਧੇਗਾ।

# ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਤ ਵਿਸ਼ੇਸ਼ ਲੈਕਚਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਧਰਮ ਅਧਿਐਨ ਵਿਭਾਗ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਗਤੀ ਰੂਬਰੂ ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਕਰਾਇਆ ਗਿਆ। ਵਾਇਸ ਚਾਂਸਲਰ ਪ੍ਰੋਫੈਸਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਇਸ ਅਕਾਦਮਿਕ ਸਾਲ ਦਾ



ਇਹ ਪਹਿਲਾ ਵਿਸ਼ੇਸ਼ ਭਾਸ਼ਣ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਯਾਦ ਨੂੰ ਸਮਰਪਤ ਹੈ।ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਸ਼ਣ ਲੜੀ ਦਾ ਇਹ ਅੱਠਵਾਂ ਭਾਸ਼ਣ ਪ੍ਰੋਫੈਸਰ ਬਲਕਾਰ ਸਿੰਘ ਸਾਬਕਾ ਚੇਅਰਪਰਸਨ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਦਿੱਤਾ ਗਿਆ ਹੈ। ਪ੍ਰੋਫੈਸਰ ਬਲਕਾਰ ਸਿੰਘ ਨੇ ਆਪਣੇ ਭਾਸ਼ਣ ਦੌਰਾਨ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਨੂੰ ਤਿੰਨ ਮੂਲ ਸਿੱਖਿਆਵਾਂ ਦਿੰਦੀ ਹੈ ਪ੍ਰਵਾਨ ਕਰਨਾ, ਸਤਿਕਾਰ ਕਰਨਾ ਤੇ ਰਾਖੀ ਕਰਨਾ।ਉਨ੍ਹਾਂ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਸਮਾਜ ਤੇ ਸੱਭਿਆਚਾਰ ਨੂੰ ਨਾਲ ਲੈ ਕੇ ਤੁਰਨ ਵਿੱਚ ਹੈ।ਗੁਰਬਾਣੀ ਦੇ ਸਿਧਾਂਤਾਂ ਨੂੰ ਅਕਾਦਮਿਕ ਮੁਹਾਵਰੇ ਵਿੱਚ ਸੰਸਾਰ ਸਾਹਮਣੇ ਲੈ ਕੇ ਆਉਣਾ ਸਮੇਂ ਦੀ ਵਡੀ ਲੋੜ ਹੈ। ਸਵਾਗਤੀ ਸ਼ਬਦ ਆਖਦਿਆਂ ਡੀਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਫੈਕਲਟੀ ਡਾ. ਹਰਦੇਵ ਸਿੰਘ ਨੇ ਵਿਦਵਾਨ ਵਕਤਾ ਦੀ ਜਾਣ ਪਛਾਣ ਕਰਾਈ ਤੇ ਇਸ ਭਾਸ਼ਣ ਲੜੀ ਦੇ ਉਦੇਸ਼ ਉੱਪਰ ਚਾਨਣਾ ਪਾਇਆ।ਉਨ੍ਹਾਂ ਆਖਿਆ ਕਿ ਬਦਲਦੀਆਂ ਲੋੜਾਂ ਤੇ ਚੁਣੌਤੀਆਂ ਨੂੰ ਸਨਮੁੱਖ ਹੁੰਦਿਆਂ ਗੁਰਮਤਿ ਸਿਧਾਂਤ ਗੁਰਬਾਣੀ ਵਿਆਖਿਆ ਅਤੇ ਸਿੱਖ ਇਤਿਹਾਸ ਸਬੰਧੀ ਮਿਆਰੀ ਅਤੇ ਭਰੋਸੇਯੋਗ ਆਨਲਾਈਨ ਕੰਟੈਂਟ ਤਿਆਰ ਕਰਨਾ ਬੇਹੱਦ ਜ਼ਰੂਰੀ ਹੈ।

# ਬਰਜਿੰਦਰ ਕੁਮਾਰ ਸ਼ਰਮਾ ਡਵੀਜ਼ਨ ਪ੍ਰਧਾਨ ਚੁਣੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਟੈਕਨੀਕਲ ਸਰਵਿਸਜ ਯੂਨੀਅਨ ਦੇ ਨੋਟੀਫਿਕੇਸ਼ਨ ਅਨੁਸਾਰ ਟੈਕਨੀਕਲ ਸਰਵਿਸਜ ਯੂਨੀਅਨ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਦੀ ਚੋਣ ਸਰਕਲ ਪ੍ਰਧਾਨ ਵਰਿੰਦਰ ਸਿੰਘ ਬਾਜਵਾ ਦੀ ਹਾਜ਼ਰੀ ਵਿੱਚ 132 ਕੇ ਵੀ ਸਬ ਸਟੇਸ਼ਨ ਕਰਾਈ ਗਈ। ਵੱਖ-ਵੱਖ ਸਬ ਡਵੀਜ਼ਨਾਂ ਦੇ ਡੈਲੀਗੇਟਾਂ ਵੱਲੋਂ ਡਵੀਜ਼ਨ ਸਕੱਤਰ ਗੁਰਸੇਵਕ ਸਿੰਘ ਵੱਲੋਂ ਪੇਸ਼ ਕੀਤੀ ਗਈ ਕਾਰਵਾਈ ਰਿਪੋਰਟ 'ਤੇ ਉਸਾਰੂ ਬਹਿਸ ਕਰਦੇ ਹੋਏ ਪਿਛਲੀ ਕਮੇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ ਅਤੇ ਕਾਰਵਾਈ ਰਿਪੋਰਟ ਨੂੰ ਸਰਬਸੰਮਤੀ ਪਾਸ ਕੀਤਾ ਗਿਆ। ਉਸ ਤੋਂ ਬਾਅਦ ਪੁਰਾਣੀ ਡਵੀਜ਼ਨ ਕਮੇਟੀ ਨੂੰ ਭੰਗ ਕਰਨ ਤੋਂ ਬਾਅਦ ਨਵੀਂ ਚੋਣ ਕਰਾਈ ਗਈ, ਜਿਸ ਵਿੱਚ ਸਰਬਸੰਮਤੀ ਨਾਲ ਡਵੀਜ਼ਨ ਪ੍ਰਧਾਨ ਬਰਜਿੰਦਰ ਕੁਮਾਰ ਸ਼ਰਮਾ, ਮੀਤ ਪ੍ਰਧਾਨ ਸਾਥੀ ਹਰਜਿੰਦਰ ਸਿੰਘ ਲੱਖੇਵਾਲੀ, ਸਕੱਤਰ ਸਾਥੀ ਗੁਰਸੇਵਕ ਸਿੰਘ ਮਦਰੱਸਾ, ਸਹਾਇਕ ਸਕੱਤਰ ਸਾਥੀ ਗਗਨਦੀਪ ਸਿੰਘ ਰੁਪਾਣਾ, ਕੈਸ਼ੀਅਰ ਸਾਥੀ ਅਮਰਜੀਤ ਸਿੰਘ ਜੇਈ ਟੀ ਐਲ ਨੂੰ ਚੁਣਿਆ ਗਿਆ ਹੈ। ਸਾਰੀ ਕਮੇਟੀ ਨੇ ਸਾਥੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਤਨੋਂ, ਮਨੋਂ, ਧਨੋਂ ਜਥੇਬੰਦੀ ਦੀ ਸੇਵਾ ਕਰਨਗੇ। ਚੋਣ 'ਚ ਆਏ ਸਾਥੀਆਂ ਦਾ ਧੰਨਵਾਦ ਸਾਥੀ ਪ੍ਰੇਮ ਕੁਮਾਰ ਸ਼ਰਮਾ ਨੇ ਕੀਤਾ ਗਿਆ।

# ਮਾਤਾ ਗੁਜਰੀ ਕਾਲਜ ਦੇ ਕਾਮਰਸ ਵਿਭਾਗ ਵੱਲੋਂ ਓਰੀਐਂਟੇਸ਼ਨ ਪ੍ਰੋਗਰਾਮ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਮਾਤਾ ਗੁਜਰੀ ਕਾਲਜ ਦੇ ਕਮਰਸ ਵਿਭਾਗ ਵੱਲੋਂ ਬੀ.ਕਾਮ. ਭਾਗ-ਪਹਿਲਾ ਵਿੱਚ ਦਾਖਲ ਹੋਏ ਨਵੇਂ ਵਿਦਿਆਰਥੀਆਂ ਲਈ ਵਿਸ਼ੇਸ਼ ਓਰੀਐਂਟੇਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਕਾਲਜ ਵਿਖੇ ਮੌਜੂਦ ਵੱਖ-ਵੱਖ ਸਕੀਮਾਂ ਤੇ ਗਤੀਵਿਧੀਆਂ ਸਬੰਧੀ ਜਾਣੂ ਕਰਾਇਆ ਗਿਆ।ਸਮਾਗਮ ਦੀ ਸ਼ੁਰੂਆਤ ਵਿੱਚ ਵਿਦਿਆਰਥੀਆਂ ਨੂੰ ਕਮਰਸ ਵਿਭਾਗ ਵਿਖੇ ਚੱਲ ਰਹੇ ਵੱਖ-ਵੱਖ ਕੋਰਸਾਂ, ਵਿੱਦਿਅਕ ਤੇ ਸਹਿ-ਵਿੱਦਿਅਕ ਗਤੀਵਿਧੀਆਂ ਤੇ ਪ੍ਰਾਪਤੀਆਂ ਸਬੰਧੀ ਜਾਣਕਾਰੀ ਪੇਸ਼ ਕੀਤੀ ਗਈ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਦਿਆਰਥੀਆਂ ਨੂੰ ਕਾਲਜ ਦੇ ਗੌਰਵਮਈ ਇਤਿਹਾਸ ਬਾਰੇ ਜਾਣੂ ਕਰਾਉਂਦੇ ਹੋਏ ਉਨ੍ਹਾਂ ਨੂੰ ਆਗਿਆਕਾਰੀ ਵਿਦਿਆਰਥੀ ਤੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ, ਪੜ੍ਹਾਈ ਦੌਰਾਨ ਆਪਣੇ ਸੁਨਹਿਰੀ ਭਵਿੱਖ ਲਈ ਰੁਜ਼ਗਾਰ ਦੇ ਸੰਭਾਵਿਤ ਮੌਕੇ ਤਲਾਸ਼ ਕਰਨ ਲਈ ਉਤਸ਼ਾਹਤ ਕੀਤਾ ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਪੜ੍ਹਾਈ ਦੇ ਕਾਰਜਾਂ ਲਈ ਯੋਗ ਵਰਤੋਂ ਲਈ ਪ੍ਰੇਰਿਤ ਕੀਤਾ। ਕਮਰਸ ਵਿਭਾਗ ਦੇ ਮੁਖੀ ਪ੍ਰੋ. ਮੁਹੰਮਦ ਅਨਵਰ ਨੇ ਵਿਦਿਆਰਥੀਆਂ ਦਾ ਰਸਮੀ ਤੌਰ 'ਤੇ ਸਵਾਗਤ ਕਰਦਿਆਂ ਉਨ੍ਹਾਂ ਨੂੰ ਕਾਲਜ ਦੇ ਵੱਖ-ਵੱਖ ਅਹਿਮ ਨਿਯਮਾਂ ਅਤੇ ਵਿੱਦਿਅਕ ਸਹੂਲਤਾਂ ਵਿੱਚ ਸ਼ਾਮਲ ਹੋਣ, ਸ਼ਖ਼ਸੀਅਤ ਉਸਾਰੀ ਅਤੇ ਕਰੀਅਰ ਨਿਰਮਾਣ ਸਬੰਧੀ ਵਿਸਥਾਰ ਨਾਲ ਦੱਸਿਆ। ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ ਪ੍ਰੋ. ਰਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਐਨ.ਐਸ.ਐਸ. ਵੱਲੋਂ ਲਾਏ ਜਾਣ ਵਾਲੇ ਕੈਂਪਾਂ



ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ।ਕਾਲਜ ਦੀਆਂ ਵੱਖ-ਵੱਖ ਸਹਿ-ਪਾਠਕ੍ਰਮ ਗਤੀਵਿਧੀਆਂ ਦੇ ਅਧਿਆਪਕ ਇੰਚਾਰਜਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ। ਐੱਨ.ਸੀ.ਸੀ. ਅਫ਼ਸਰ ਲੈਫ. ਡਾ. ਪੁਸ਼ਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਐਨ.ਸੀ.ਸੀ. ਅਤੇ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।ਡਾ. ਗੁਰਬਾਜ ਸਿੰਘ ਨੇ ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿਖੇ ਉਪਲਬਧ ਵੱਖ-ਵੱਖ ਗੈਰ-ਸਰਕਾਰੀ ਸਕੀਮਾਂ ਬਾਰੇ ਵਿਸਥਾਰ ਨਾਲ ਦੱਸਿਆ।ਇਸ ਮਗਰੋਂ ਡਾ. ਹਰਜੀਤ ਕੌਰ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।

# ਸਲਾਈਟ ਵੱਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ 40ਵੇਂ ਸ਼ਹੀਦੀ ਦਿਵਸ 'ਤੇ ਸ਼ਰਧਾਂਜਲੀ

**ਲੌਂਗੋਵਾਲ (ਪ੍ਰਦੀਪ ਸੱਪਲ)** ਪੰਜਾਬ ਅਤੇ ਭਾਰਤ ਦੇ ਮਹਾਨ ਸਪੁੱਤਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਉਨ੍ਹਾਂ ਦੇ 40ਵੇਂ ਸ਼ਹੀਦੀ ਦਿਵਸ ਮੌਕੇ ਸਲਾਈਟ, ਲੌਂਗੋਵਾਲ ਵਿੱਚ ਯਾਦ ਕੀਤਾ ਗਿਆ। ਕੈਂਪਸ ਵਿੱਚ ਇੱਕ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਤ ਜੀ ਦੇ ਯੋਗਦਾਨ ਨੂੰ ਯਾਦ ਕੀਤਾ ਗਿਆ, ਜਿਨ੍ਹਾਂ 20 ਅਗਸਤ 1985 ਨੂੰ ਸ਼ਾਂਤੀ, ਕੌਮੀ ਏਕਤਾ ਅਤੇ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਆਪਣੀ ਸ਼ਹਾਦਤ ਦਿੱਤੀ ਸੀ। ਇਸ ਮੌਕੇ ਡਾਇਰੈਕਟਰ ਇੰਚਾਰਜ ਪ੍ਰੋ. ਕਮਲੇਸ਼ ਪ੍ਰਸਾਦ ਨੇ ਸੰਤ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਨੇ ਕਿਹਾ ਕਿ ਸੰਤ ਲੌਂਗੋਵਾਲ ਜੀ ਸਿਰਫ ਧਾਰਮਿਕ ਨੇਤਾ ਹੀ ਨਹੀਂ ਸਨ, ਸਗੋਂ ਰਾਜਨੇਤਾ, ਦੂਰਦਰਸ਼ੀ ਅਤੇ ਸਭ ਤੋਂ ਵੱਧ ਸ਼ਾਂਤੀ ਤੇ ਭਾਈਚਾਰੇ ਦੇ ਸਨੇਹੀ ਸਨ। ਇਸ ਮੌਕੇ ਮਾਨਯੋਗ ਡਾਇਰੈਕਟਰ, ਸਲਾਈਟ ਪ੍ਰੋ. ਮਣਿਕਾਂਤ ਪਾਸਵਾਨ, ਜੋ ਪਹਿਲਾਂ ਤੋਂ ਨਿਧਾਰਤ ਕਾਰਣਾਂ ਕਰਕੇ ਹਾਜ਼ਰ ਨਹੀਂ ਹੋ ਸਕੇ, ਨੇ ਆਪਣਾ ਸੰਦੇਸ਼ ਭੇਜਿਆ। ਆਪਣੇ ਬਿਆਨ ਵਿੱਚ ਉਨ੍ਹਾਂ ਕਿਹਾ– ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਸਾਦਗੀ, ਨਿਮਰਤਾ ਅਤੇ ਹਿੰਮਤ ਦੇ ਪ੍ਰਤੀਕ ਸਨ। ਉਨ੍ਹਾਂ ਦੀ ਸ਼ਹਾਦਤ ਇਤਿਹਾਸ ਦਾ ਕੇਵਲ ਇੱਕ ਪਲ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਜੀਵੰਤ ਪ੍ਰੇਰਣਾ ਹੈ। ਸੰਤ ਲੌਂਗੋਵਾਲ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਅਸੀਂ ਉਨ੍ਹਾਂ ਦੇ ਸ਼ਾਂਤੀ,




ਭਰਾਤਰਵਾਦ ਅਤੇ ਨਿਸ਼ਕਾਮ ਸੇਵਾ ਦੇ ਆਦਰਸ਼ਾਂ ਨੂੰ ਅਪਣਾਈਏ। ਇਸ ਮੌਕੇ ਹੋਰ ਬੁਲਾਰਿਆਂ ਪ੍ਰੋ. ਜੇ.ਐਸ. ਉਭੀ, ਪ੍ਰੋ. ਆਰ.ਕੇ. ਮਿਸ਼ਰਾ, ਪ੍ਰੋ. ਕਮਲੇਸ਼ ਕੁਮਾਰੀ, ਪ੍ਰੋ. ਆਰ.ਕੇ. ਯਾਦਵ ਅਤੇ ਸ਼੍ਰੀ ਜੁਝਾਰ ਸਿੰਘ ਨੇ ਵੀ ਸੰਤ ਜੀ ਦੇ ਜੀਵਨ ਸਫ਼ਰ 'ਤੇ ਰੋਸ਼ਨੀ ਪਾਈ। ਉਨ੍ਹਾਂ ਯਾਦ ਕੀਤਾ ਕਿ ਸੰਤ ਜੀ ਨੇ ਧੀਰਜ, ਸਮਝਦਾਰੀ ਅਤੇ ਬਲਿਦਾਨ ਨਾਲ ਪੰਜਾਬ ਨੂੰ ਮੁਸ਼ਕਲ ਸਮਿਆਂ ਵਿੱਚ ਮਾਰਗਦਰਸ਼ਨ ਦਿੱਤਾ। ਇਹ ਵੀ ਉਜਾਗਰ ਕੀਤਾ ਗਿਆ ਕਿ ਮਹਾਨ ਨੇਤਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੈ ਕਿ ਉਨ੍ਹਾਂ ਦੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਸਮਾਜ ਵਿੱਚ ਏਕਤਾ, ਇਨਸਾਫ਼ ਅਤੇ ਦਇਆ ਦਾ ਵਿਕਾਸ ਕੀਤਾ ਜਾਵੇ। ਇਸ ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕ, ਕਰਮਚਾਰੀ, ਵਿਦਿਆਰਥੀ ਅਤੇ ਕੇਂਦਰੀ ਸਕੂਲ, ਸਲਾਈਟ ਲੌਂਗੋਵਾਲ ਦੇ ਸਟਾਫ਼ ਮੈਂਬਰ ਮੌਜੂਦ ਸਨ। ਇਸ ਤੋਂ ਬਾਅਦ ਪ੍ਰੋ. ਸੀ.ਐਸ. ਸੈਣੀ, ਇੰਚਾਰਜ ਹੋਰਟੀਕਲਚਰ ਵੱਲੋਂ ਰੁੱਖ ਲਗਾਉਣ ਦੀ ਮੁਹਿੰਮ ਚਲਾਈ ਗਈ। ਇਹ ਰੁੱਖ ਲਗਾਉਣ ਪ੍ਰਸ਼ਾਸਨਿਕ ਬਲਾਕ, ਹੋਸਟਲ 3, 4, 9 ਅਤੇ 10 ਦੇ ਸਾਹਮਣੇ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਵੀ ਭਾਗ ਲਿਆ। ਇਸ ਪ੍ਰੋਗਰਾਮ ਦਾ ਸਮਨਵਯ ਪ੍ਰੋ. ਜੇ.ਐਸ. ਉਭੀ, ਪ੍ਰੋ. ਵੀ.ਕੇ. ਕੁਕਰੇਜਾ, ਸ਼੍ਰੀ ਮਨੋਜ ਪਾਂਡੇ ਅਤੇ ਜਗਦੀਸ਼ ਕੁਮਾਰ ਨੇ ਕੀਤਾ। ਇਸ ਮੌਕੇ ਹਰਦੀਪ ਸਿੰਘ, ਹਰਮੇਲ ਸਿੰਘ, ਬਾਬੂ, ਸਾਬਕਾ ਸਰਪੰਚ ਅਤੇ ਬਹਾਦਰ ਸਿੰਘ ਪਿੰਡੀ ਪਿੰਡ ਵੱਲੋਂ ਸਾਰੇ ਭਾਗੀਦਾਰਾਂ ਲਈ ਛਬੀਲ ਸੇਵਾ ਦਾ ਆਯੋਜਨ ਕੀਤਾ ਗਿਆ।

# ਹੜ੍ਹਾਂ ਦੀ ਮਾਰ ਝੱਲ ਰਹੇ ਪਿੰਡਾਂ ਦਾ ਦੌਰਾ

**ਮੰਡੀ ਘੁਬਾਇਆ (ਬਲਵਿੰਦਰ ਸਿੰਘ)** ਹੜ੍ਹਾਂ ਦੀ ਮਾਰ ਝੱਲ ਰਹੇ ਬਾਰਡਰ ਪੱਟੀ ਨਾਲ ਲੱਗਦੇ ਪਿੰਡਾਂ ਦਾ ਅੱਜ ਪੰਜਾਬ ਸਟੂਡੈਂਟਸ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਵੱਲੋਂ ਦੌਰਾ ਕੀਤਾ ਗਿਆ ਤੇ ਆਮ ਲੋਕਾਂ ਨੂੰ ਮਿਲਕੇ ਇਸ ਔਖੀ ਘੜੀ ਵਿੱਚ ਹਰ ਤਰ੍ਹਾਂ ਦੀ ਸੰਭਾਵੀ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ।ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਮੁਹਾਰਖੀਵਾ, ਜ਼ਿਲ੍ਹਾ ਸਕੱਤਰ ਮਮਤਾ ਲਾਧੂਕਾ, ਨੌਜਵਾਨ ਭਾਰਤ ਸਭਾ ਦੇ ਆਗੂ ਰਾਜਣ ਮੁਹਾਰ ਸੋਨਾ ਤੇ ਕੁਲਵੰਤ ਸਿੰਘ ਨੇ ਕਿਹਾ ਕਿ ਬਾਰਡਰ ਨਾਲ ਲੱਗਦੇ ਇਹ ਇਲਾਕੇ ਦੇ ਲੋਕ ਲੰਮੇ ਸਮੇਂ ਤੋਂ ਸੰਤਾਪ ਹੰਢਾਉਂਦੇ ਆ ਰਹੇ ਹਨ, ਕਦੇ 1947 ਦੀ ਵੰਡ, ਕਦੇ ਭਾਰਤ ਪਾਕਿਸਤਾਨ ਦੀ ਜੰਗ, ਕਦੇ ਹੜ੍ਹ, ਵੱਡੇ ਪੱਧਰ ਤੇ ਮੁਸ਼ਕਲਾਂ ਸਹੂਲਤਾਂ ਦੀ ਘਾਟ ਆਦਿ। ਪਿਛਲੇ ਦਿਨਾਂ ਵਿੱਚ ਜੰਗ ਵਰਗੇ ਮਾਹੌਲ ਦੌਰਾਨ ਵੀ ਇਨ੍ਹਾਂ ਲੋਕਾਂ ਨੂੰ ਆਪਣੇ ਪਿੰਡ ਸਮਾਨ-ਡੰਗਰਾਂ ਸਮੇਤ ਛੱਡਣੇ ਪਏ ਤੇ ਹੁਣ ਫਿਰ ਅਜਿਹੀ ਹੀ ਸਥਿਤੀ ਪੈਦਾ ਹੋ ਗਈ ਹੈ, ਪਰ ਸਰਕਾਰ ਨੇ ਨਾ ਤਾਂ ਇਹਨਾਂ ਲਈ ਉਦੋਂ ਕੋਈ ਰਾਹਤ ਕੈਂਪਾਂ ਦਾ ਪ੍ਰਬੰਧ ਕੀਤਾ ਤੇ ਨਾ ਹੀ ਹੁਣ ਕੀਤਾ ਹੈ।ਨਵੇਂ ਮੁਆਵਜ਼ੇ ਤਾਂ ਛੱਡੋ, ਮੁਆਵਜ਼ਿਆਂ ਦੇ ਨਾਂ ਹੇਠ ਲੋਕ ਪਿਛਲੇ ਰਹਿੰਦੇ ਮੁਆਵਜ਼ੇ ਉਡੀਕ ਰਹੇ ਹਨ।ਹੜ੍ਹਾਂ ਕਾਰਨ ਹੁਣ ਵੀ ਫ਼ਸਲਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ, ਹਰੇ ਚਾਰੇ ਦਾ ਨੁਕਸਾਨ ਹੋ ਰਿਹਾ ਹੈ, ਘਰਾਂ ਦਾ ਤੇ ਘਰਾਂ ਵਿਚਲੇ ਸਮਾਨ ਦਾ ਵੀ ਬਹੁਤ ਨੁਕਸਾਨ ਹੋ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ 'ਚ ਇਹ ਨੁਕਸਾਨ ਕਈ ਗੁਣਾ ਵਧਣਾ ਹੈ, ਪਰ ਪ੍ਰਸ਼ਾਸਨ ਦਾ ਇਸ ਵੱਲ ਕੋਈ ਧਿਆਨ ਨਹੀਂ ਹੈ, ਸਿਰਫ਼ ਗੱਲਾਂਬਾਤਾਂ ਤੋਂ ਸਿਵਾਏ ਕੁਝ ਨਹੀਂ ਹੋ ਰਿਹਾ ਹੈ।



# ਅੱਗ ਲੱਗਣ ਕਾਰਨ ਫੈਕਟਰੀ ਦਾ ਕਰੋੜਾਂ ਦਾ ਨੁਕਸਾਨ



**ਮਾਛੀਵਾੜਾ ਸਾਹਿਬ (ਡਿੰਪੀ ਸ਼ਰਮਾ, ਜਗਦੀਸ਼ ਰਾਏ)** ਪਿੰਡ ਪੰਜੇਟਾ ਨੇੜ੍ਹੇ ਸਥਿਤ ਇੱਕ ਉਦਯੋਗਿਕ ਇਕਾਈ ਪੈਰਾਮਾਊਂਟ ਡਾਈ ਟੈੱਕ ਵਿਖੇ ਅੱਗ ਲੱਗਣ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਫੈਕਟਰੀ ਦੇ ਜਨਰਲ ਮੈਨੇਜਰ ਪਵਨ ਸ਼ਰਮਾ ਨੇ ਦੱਸਿਆ ਕਿ ਡਾਈ ਫੈਕਟਰੀ ਵਿਚ ਸ਼ਾਮ ਨੂੰ ਜਦੋਂ ਮਜ਼ਦੂਰ ਕੰਮ ਕਰ ਰਹੇ ਸਨ ਤਾਂ ਇਕਦਮ ਅੱਗ ਲੱਗ ਗਈ, ਜੋ ਦੇਖਦੇ-ਦੇਖਦੇ ਸਾਰੇ ਗੁਦਾਮ ਵਿਚ ਫੈਲ ਗਈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਸਮੇਂ ਅੰਦਰ ਕੰਮ ਕਰਨ ਵਾਲੇ ਸਾਰੇ ਮਜ਼ਦੂਰਾਂ ਨੂੰ ਬਾਹਰ ਸੁਰੱਖਿਅਤ ਕੱਢ ਲਿਆ ਗਿਆ। ਫੈਕਟਰੀ ਵਿਚ ਕੱਚਾ ਮਾਲ ਪਿਆ ਸੀ, ਜੋ ਸਾਰਾ ਅੱਗ ਦੀ ਲਪੇਟ ਵਿਚ ਆ ਗਿਆ। ਇਸ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਫੋਨ ਕਰਕੇ ਬੁਲਾਇਆ ਗਿਆ, ਜਿਨ੍ਹਾਂ ਵੱਲੋਂ ਅੱਗ 'ਤੇ ਕਾਬੂ ਪਾਇਆ ਜਾ ਰਿਹਾ ਸੀ। ਜਨਰਲ ਮੈਨੇਜਰ ਪਵਨ ਸ਼ਰਮਾ ਨੇ ਦੱਸਿਆ ਕਿ ਅੱਗ ਲੱਗਣ ਕਾਰਨ ਭਾਵੇਂ ਜਾਨੀ ਨੁਕਸਾਨ ਤੋਂ ਬਚਾਅ ਰਿਹਾ, ਪਰ ਫੈਕਟਰੀ ਅੰਦਰ ਪਿਆ ਕਰੋੜਾਂ ਦਾ ਮਾਲ ਤੇ ਮਸ਼ੀਨਰੀ ਸੜ ਕੇ ਸੁਆਹ ਹੋ ਗਈ। ਉਨ੍ਹਾਂ ਦੱਸਿਆ ਕਿ ਫੈਕਟਰੀ ਮਾਲਕ ਵਿਦੇਸ਼ ਵਿੱਚ ਗਏ ਹੋਏ ਹਨ, ਜਿਨ੍ਹਾਂ ਦੇ ਆਉਣ ਤੋਂ ਬਾਅਦ ਹੋਏ ਨੁਕਸਾਨ ਬਾਰੇ ਪਤਾ ਲੱਗੇਗਾ।ਘਟਨਾ ਦੀ ਸੂਚਨਾ ਮਿਲਦੇ ਹੀ ਸਮਰਾਲਾ ਥਾਣੇਦਾਰ ਪਵਨ ਕੁਮਾਰ ਵੀ ਮੌਕੇ 'ਤੇ ਪੁੱਜੇ, ਜਿਨ੍ਹਾਂ ਦੱਸਿਆ ਕਿ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ 'ਤੇ ਕਾਬੂ ਪਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਕਾਰਨ ਹੋਏ ਨੁਕਸਾਨ ਬਾਰੇ ਫੈਕਟਰੀ ਮਾਲਕ ਦੇ ਵਿਦੇਸ਼ ਤੋਂ ਆਉਣ ਬਾਅਦ ਹੀ ਪਤਾ ਚੱਲੇਗਾ।

# ਹਲਕੇ 'ਚ ਅਕਾਲੀ ਦਲ ਤੇ ਭਾਜਪਾ ਘਿਉ-ਖਿਚੜੀ, ਲੋਕ ਸ਼ਸ਼ੋਪੰਜ 'ਚ

**ਬਠਿੰਡਾ (ਰਾਜੀਵ ਗੋਇਲ)** ਭਾਵੇਂ ਪੰਜਾਬ ਅੰਦਰ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੇ ਕੁਝ ਕੁ ਆਗੂਆਂ ਵੱਲੋਂ ਆਪਸ ਵਿੱਚ ਰਲੇਵੇਂ ਦੀ ਮੰਗ ਕੀਤੀ ਜਾ ਰਹੀ ਹੈ, ਪਰ ਸੂਬਾ ਪੱਧਰੀ ਕੋਈ ਰਲੇਵਾਂ ਹੋਣ ਬਾਰੇ ਤਾਂ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਜੇਕਰ ਗੱਲ ਹਲਕਾ ਰਾਮਪੁਰਾ ਫੂਲ ਦੀ ਕਰੀਏ ਤਾਂ ਇਉਂ ਜਾਪ ਰਿਹਾ ਹੈ, ਜਿਵੇਂ ਅਕਾਲੀ ਦਲ ਤੇ ਭਾਜਪਾ ਘਿਉ ਖਿਚੜੀ ਹੋਈ ਵੀ ਹੋਵੇ, ਕਿਉਂਕਿ ਲੋਕਾਂ ਨੂੰ ਭਾਜਪਾ ਨਾਲ ਜੋੜਨ ਤੇ ਕੇਂਦਰ ਦੀਆਂ ਸਕੀਮਾਂ ਨੂੰ ਘਰ-ਘਰ ਪੁਚਾਉਣ ਲਈ ਚਲਾਈ ਗਈ ਮੁਹਿੰਮ ਤਹਿਤ ਬਹੁਤੇ ਥਾਵਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਭਾਜਪਾਈਆਂ ਨਾਲ ਫੋਟੋ ਵਿੱਚ ਨਜ਼ਰ ਆਉਂਦੇ ਦਿਖਾਈ ਦਿੰਦੇ ਹਨ। ਇੱਕ ਅਕਾਲੀ ਆਗੂ ਨੇ ਫੋਨ 'ਤੇ ਦਬੀ ਹੋਈ ਅਵਾਜ਼ ਵਿੱਚ ਕਿਹਾ ਕਿ ਸਾਡਾ ਤਾਂ ਭਾਜਪਾ ਨਾਲ ਸਮਝੌਤਾ ਹੀ ਹੈ।ਹੁਣ ਹਲਕੇ ਦੇ ਲੋਕ ਇਸ ਗੱਲ ਨੂੰ ਲੈ ਕੇ ਸ਼ਸ਼ੋਪੰਜ ਵਿੱਚ ਪਏ ਹੋਏ ਹਨ ਕਿ ਹੁਣ ਅਸੀਂ ਜਾਈਏ ਤਾਂ ਜਾਈਏ ਕਿੱਧਰ, ਕਿਉਂਕਿ ਸਿਕੰਦਰ ਸਿੰਘ ਮਲੂਕਾ ਸ਼੍ਰੋਮਣੀ ਅਕਾਲੀ ਦਲ ਦੇ ਵੱਡੇ ਲੀਡਰ ਹਨ ਤੇ ਉਨ੍ਹਾਂ ਦੇ ਫਰਜ਼ੰਦ ਹੁਣ ਭਾਜਪਾ ਵੱਲੋਂ ਬਠਿੰਡਾ ਦਿਹਾਤੀ ਦੇ ਪ੍ਰਧਾਨ ਹਨ, ਇਸੇ ਕਰਕੇ ਲੋਕਾਂ ਦਾ ਸੋਚਣਾ ਤਾਂ ਬਣਦਾ ਹੀ ਹੈ।




# ਸਤਲੁਜ ਦਰਿਆ ਕਿਨਾਰੇ ਵਸੇ ਪਿੰਡ ਵਾਸੀਆਂ ਨਾਲ ਕੀਤੀ ਜਾ ਰਹੀ ਮੁਲਾਕਾਤ : ਐੱਸ ਡੀ ਐੱਮ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)** ਐਸ.ਡੀ.ਐਮ ਉਦੇਦੀਪ ਸਿੰਘ ਵੱਲੋਂ ਵੀ ਲਗਾਤਾਰ ਆਪਣੇ ਡਵੀਜ਼ਨ ਅੰਦਰ ਪੈਂਦੇ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਦਾ ਦੌਰਾ ਕੀਤਾ ਜਾ ਰਿਹਾ ਹੈ ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਐਸ ਡੀ ਐਮ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਵੱਲੋਂ ਦਿੱਤੇ ਜਾ ਰਹੇ ਨਿਰਦੇਸ਼ਾਂ ਦੇ ਤਹਿਤ ਸਬ ਡਵੀਜ਼ਨ ਵਿਖੇ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ ਕੀਤਾ ਜਾ ਰਿਹਾ ਹੈ।ਪਿੰਡ ਵਾਸੀਆਂ ਨਾਲ ਮੁਲਾਕਾਤ ਕਰਕੇ ਜਿਥੇ ਕਿਤੇ ਵੀ ਕਿਸੇ ਤਰ੍ਹਾਂ ਦੀ ਲੋੜ ਦੀ ਜ਼ਰੂਰਤ ਹੈ, ਉਸਦੇ ਮੁਤਾਬਕ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਗਜ਼ਨੀਵਾਲਾ ਤੇ ਰਾਜਾ ਰਾਏ ਪਿੰਡਾਂ ਸਮੇਤ ਸਤਲੁਜ ਦਰਿਆ ਕਿਨਾਰੇ ਸਥਿਤ ਹੋਰ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ।ਫਿਲਹਾਲ ਸਥਿਤੀ ਪੂਰੀ ਤਰ੍ਹਾਂ ਨਾਲ ਕੰਟਰੋਲ ਹੈ ਤੇ ਦਰਿਆ ਵਿੱਚ ਪਿੱਛੋਂ ਆ ਰਿਹਾ ਪਾਣੀ ਲਗਾਤਾਰ ਆਪਣੀ ਰਫ਼ਤਾਰ ਦੇ ਨਾਲ ਨਿਕਲ ਰਿਹਾ ਹੈ, ਜਿੱਥੇ ਕਿਤੇ ਬੰਨ੍ਹ ਮਜਬੂਤ ਕਰਨ ਦੀ ਜ਼ਰੂਰਤ ਹੈ, ਉਥੇ ਬੰਨ ਮਜਬੂਤ ਕੀਤੇ ਜਾ ਰਹੇ ਹਨ। ਡਰੇਨਜ ਵਿਭਾਗ ਦੇ ਅਧਿਕਾਰੀ ਲਗਾਤਾਰ ਸਤਲੁਜ ਦਰਿਆ ਦੇ ਨਾਲ ਲੱਗਦੇ ਪਿੰਡਾਂ ਦੇ ਵਿੱਚ ਨਜ਼ਰ ਰੱਖ ਰਹੇ ਹਨ।ਪਾਣੀ ਦੀ ਨਿਕਾਸੀ ਲਗਾਤਾਰ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਦੇ ਵਿੱਚ ਇਹਤਿਆਤ ਦੇ ਤੌਰ 'ਤੇ ਰਾਹਤ ਕੈਂਪ ਤਿਆਰ ਕੀਤੇ ਗਏ ਹਨ।ਇਨ੍ਹਾਂ ਕੈਂਪਾਂ ਵਿੱਚ ਸਾਰੀਆਂ ਮੁੱਢਲੀਆਂ ਸਹਾਇਤਾ ਮੁਹੱਈਆ ਕਰਾਈਆਂ ਗਈਆਂ ਹਨ।ਸਬ ਡਵੀਜ਼ਨ ਵਿੱਚ ਪੈਂਦੇ ਨਾਲੇ ਨਦੀਆਂ ਦੀ ਪਹਿਲਾਂ ਹੀ ਸਫਾਈ ਕਰਾ ਦਿੱਤੀ ਗਈ ਸੀ।ਫਿਰ ਵੀ ਜਿੱਥੇ ਕਿਤੇ ਸੂਚਨਾ ਮਿਲਦੀ ਹੈ, ਉਸੇ ਸਮੇਂ ਪਾਣੀ ਦੀ ਨਿਕਾਸੀ ਲਈ ਪ੍ਰਬੰਧ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਫਿਲਹਾਲ ਸਬ ਡਵੀਜ਼ਨ ਅਧੀਨ ਸਤਲੁਜ ਦਰਿਆ ਕਿਨਾਰੇ ਪੈਂਦੇ ਪਿੰਡ ਪੂਰੀ ਤਰ੍ਹਾਂ ਨਾਲ ਸੁਰੱਖਿਤ ਹਨ ਤੇ ਕਿਸੇ ਤਰ੍ਹਾਂ ਨਾਲ ਕਿਸੇ ਪਿੰਡ ਦੇ ਵਿੱਚ ਦਰਿਆ ਦਾ ਪਾਣੀ ਦਾਖਲ ਹੋਣ ਸਬੰਧੀ ਹਾਲੇ ਤੱਕ ਸੂਚਨਾ ਨਹੀਂ ਮਿਲੀ ਹੈ। ਉਨ੍ਹਾਂ ਨੇ ਸਬ ਡਵੀਜ਼ਨ ਅਧੀਨ ਲੰਘਦੇ ਸਤਲੁਜ ਦਰਿਆ ਦੇ ਕਿਨਾਰੇ ਰਹਿਣ ਵਾਲਿਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਪ੍ਰਸ਼ਾਸਨ ਉਨ੍ਹਾਂ ਨਾਲ ਖੜਾ ਹੈ, ਜੇਕਰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਧਿਆਨ ਦੇ ਵਿੱਚ ਲਿਆ ਸਕਦੇ ਹਨ।



# ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰੇਗੀ ਮੈਰੀਟੋਰੀਅਸ ਟੀਚਰਜ਼ ਯੂਨੀਅਨ

**ਸੰਗਰੂਰ (ਪ੍ਰਵੀਨ ਸਿੰਘ)** ਮੈਰੀਟੋਰੀਅਸ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਮੈਰੀਟੋਰੀਅਸ ਟੀਚਰਜ਼ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਤੋਂ ਹੋਈ ਦੇਰੀ ਕਾਰਨ ਰੋਸ ਪ੍ਰਦਰਸ਼ਨ ਕਰਦਿਆਂ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਐਲਾਨ ਕਰ ਦਿੱਤਾ ਗਿਆ ਹੈ।24 ਅਗਸਤ ਨੂੰ ਵੱਡੇ ਇਕੱਠ ਜਰੀਏ ਸੰਗਰੂਰ ਵਿਖੇ ਮੁੱਖ ਮੰਤਰੀ ਦੇ ਫੋਕੇ ਵਾਅਦਿਆਂ ਦੀ ਪੋਲ ਪੂਰੇ ਪੰਜਾਬ ਵਾਸੀਆਂ ਅੱਗੇ ਖੋਲ੍ਹੀ ਜਾਵੇਗੀ। ਮੈਰੀਟੋਰੀਅਸ ਟੀਚਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਡਾ. ਟੀਨਾ ਨੇ ਕਿਹਾ ਕਿ ਮੈਰੀਟੋਰੀਅਸ ਟੀਚਰਜ਼ ਦੇ ਨਤੀਜੇ ਸ਼ਾਨਦਾਰ ਰਹੇ ਪਰ ਮੁੱਖ ਮੰਤਰੀ ਮੈਰੀਟੋਰੀਅਸ ਟੀਚਰਜ਼ ਦੀਆਂ ਸੇਵਾਵਾਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਵਿੱਚ ਅਜੇ ਤੱਕ ਸਫ਼ਲ ਨਹੀਂ ਹੋਏ।ਉਨ੍ਹਾਂ ਦੇ ਵਾਅਦੇ ਲਾਰੇ ਬਣਦੇ ਜਾ ਰਹੇ ਹਨ।ਉਨ੍ਹਾਂ ਦੀ ਕਹਿਣੀ ਤੇ ਕਥਨੀ ਵਿੱਚ ਫ਼ਰਕ ਸਾਫ ਦਿਸ ਰਿਹਾ ਹੈ।ਚੇਤੇ ਰਹੇ ਇਸ ਵਾਰ ਬਾਰ੍ਹਵੀਂ ਬੋਰਡ ਦੀ ਮੈਰਿਟ ਵਿੱਚੋਂ 37 ਮੈਰਿਟਾਂ, ਦਸਵੀਂ 'ਚੋਂ 11 ਮੈਰਿਟਾਂ ਤੇ ਜੇਈਈ ਪ੍ਰੀਖਿਆ 'ਚ ਮੈਰੀਟੋਰੀਅਸ ਸਕੂਲਾਂ ਦੇ 131 ਵਿਦਿਆਰਥੀ, ਜੇਈਈ ਐਡਵਾਂਸਡ 'ਚੋਂ 21 ਵਿਦਿਆਰਥੀ, ਨੀਟ 'ਚੋਂ 211 ਵਿਦਿਆਰਥੀ, ਸੀ.ਐੱਮ.ਏ ਵਿੱਚੋਂ 145 ਵਿਦਿਆਰਥੀ ਸਫ਼ਲ ਹੋਏ। ਮੁੱਖ ਮੰਤਰੀ ਖੁਦ ਇਨ੍ਹਾਂ ਸਕੂਲਾਂ ਦੇ ਪ੍ਰੈਜ਼ੀਡੈਂਟ ਹਨ, ਪ੍ਰੰਤੂ ਇਨ੍ਹਾਂ ਸਾਡੀ ਮਿਹਨਤ ਦਾ ਕੌਡੀ ਮੁੱਲ ਨਾ ਪਾਇਆ।ਦੂਜੇ ਪਾਸੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਲੰਬੇ ਸਮੇਂ ਤੋਂ ਮੈਰੀਟੋਰੀਅਸ ਟੀਚਰਜ਼ ਦੀਆਂ ਸੇਵਾਵਾਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਤੋਂ ਪਿਛਲੇ ਲੰਮੇ ਸਮੇਂ ਤੋਂ ਚੁੱਪੀ ਧਾਰੀ ਹੋਈ ਹੈ, ਜਿਸ ਕਰਕੇ ਮੈਰੀਟੋਰੀਅਸ ਟੀਚਰਜ਼ ਵਿੱਚ ਬਹੁਤ ਜ਼ਿਆਦਾ ਰੋਸ ਪਾਇਆ ਜਾ ਰਿਹਾ ਹੈ।ਹੱਕਾਂ ਦੀ ਲੜਾਈ ਲਈ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ। ਜਨਰਲ ਸਕੱਤਰ ਡਾ. ਅਜੈ ਸ਼ਰਮਾ ਨੇ ਦੱਸਿਆ ਕਿ 24 ਅਗਸਤ ਦੇ ਐਕਸ਼ਨ ਸੰਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਵੱਡੇ ਪੱਧਰ 'ਤੇ ਮੈਰੀਟੋਰੀਅਸ ਟੀਚਰਜ਼ ਹੱਕੀ ਮੰਗਾਂ ਦਾ ਝੰਡਾ ਬੁਲੰਦ ਕਰਨਗੇ।ਉਨ੍ਹਾਂ ਕਿਹਾ ਕਿ ਗਰੀਬ ਘਰਾਂ ਦੇ ਬੱਚਿਆਂ ਦਾ ਭਵਿੱਖ ਬਣਾਉਣ ਵਾਲੇ ਮੈਰੀਟੋਰੀਅਸ ਟੀਚਰਜ਼ ਦੀ ਮਿਹਨਤ ਤੋਂ ਕਿਨਾਰਾ ਕਰ ਲੈਣਾ ਪੰਜਾਬ ਸਰਕਾਰ ਦੁਆਰਾ ਸਿੱਖਿਆ ਕ੍ਰਾਂਤੀ ਦੇ ਸ਼ਬਦ ਨਾਲ ਮਜ਼ਾਕ ਹੁੰਦਾ ਨਜ਼ਰ ਆ ਰਿਹਾ ਹੈ।ਮੈਰੀਟੋਰੀਅਸ ਟੀਚਰਜ਼ ਯੂਨੀਅਨ ਦੀਆਂ ਸਾਰੀਆਂ ਇਕਾਈਆਂ ਵੱਡੇ ਪੱਧਰ ਤੇ ਰੋਸ ਪ੍ਰਦਰਸ਼ਨ ਦਾ ਹਿੱਸਾ ਬਨਣਗੀਆਂ। ਡਾ. ਅਜੈ ਸ਼ਰਮਾ ਨੇ ਇਹ ਵੀ ਕਿਹਾ ਕਿ ਸਿੱਖਿਆ ਮੰਤਰੀ ਹਰਜੋਤ ਬੈਂਸ ਮੈਰੀਟੋਰੀਅਸ ਟੀਚਰਜ਼ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦੇ ਰਹੇ, ਨਾ ਨਿਸਚਿਤ ਸਮੇਂ 'ਤੇ ਯੂਨੀਅਨ ਨਾਲ ਮੀਟਿੰਗ ਕਰਦੇ ਹਨ, ਨਾ ਹੀ ਮੈਰੀਟੋਰੀਅਸ ਟੀਚਰਜ਼ ਦੇ ਸਾਰਥਿਕ ਨਤੀਜਿਆਂ ਦੀ ਕਦਰ ਕਰਦੇ ਹਨ, ਜੋ ਬਹੁਤ ਮੰਦਭਾਗਾ ਵਰਤਾਰਾ ਹੈ।




# ਬਲਾਕ ਕਾਂਗਰਸ ਕਮੇਟੀ ਦੀ ਮਹੀਨਾਵਾਰ ਮੀਟਿੰਗ ਹੋਈ



**ਦੋਰਾਹਾ (ਹਰਮਿੰਦਰ ਸੇਠ)** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬਲਾਕ ਕਾਂਗਰਸ ਕਮੇਟੀ ਦੋਰਾਹਾ ਦੀ ਮਹੀਨਾਵਾਰ ਮੀਟਿੰਗ ਲਖਵੀਰ ਸਿੰਘ ਲੱਖਾ ਸਾਬਕਾ ਹਲਕਾ ਵਿਧਾਇਕ ਪਾਇਲ, ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਦੀ ਅਗਵਾਈ ਹੇਠ ਪਾਇਲ ਦਫਤਰ ਵਿਖੇ ਹੋਈ। ਕਾਂਗਰਸ ਦੀਆਂ ਹਦਾਇਤਾਂ ਅਨੁਸਾਰ ਬਲਾਕ ਦੋਰਾਹਾ ਦੀਆਂ ਸਾਰੀਆਂ ਬੂਥ ਕਮੇਟੀਆਂ ਮੁਕੰਮਲ ਹੋਣ 'ਤੇ ਧੰਨਵਾਦ ਕੀਤਾ। ਮੀਟਿੰਗ ਵਿੱਚ ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੀਆਂ ਬਲਾਕ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੀਆਂ ਤਿਆਰੀਆਂ ਸਬੰਧੀ ਵੀ ਵਿਚਾਰ ਚਰਚਾ ਕੀਤੀ ਗਈ।ਇਸ ਵਿਸ਼ੇਸ਼ ਮੌਕੇ ਇਸ ਸਮੇਂ ਬਲਾਕ ਦੋਰਾਹਾ ਸ਼ਹਿਰੀ ਕਾਂਗਰਸ ਦੇ ਆਗੂ ਸਾਹਿਬਾਨ ਸਮੇਤ ਪਾਇਲ ਨਾਲ ਸੰਬੰਧਤ ਬਲਾਕ ਪ੍ਰਧਾਨ ਸਾਹਿਬਾਨ, ਮੰਡਲ ਪ੍ਰਧਾਨ, ਐਸ ਸੀ ਸੈੱਲ, ਬੀ.ਸੀ ਸੈੱਲ, ਯੂਥ ਕਾਂਗਰਸ, ਕਿਸਾਨ ਸੈੱਲ ਦੇ ਸਮੂਹ ਅਹੁਦੇਦਾਰ ਮੌਜੂਦ ਰਹੇ।

# 6 ਮਹੀਨੇ ਅੰਦਰ ਸਨੌਰ ਹਲਕੇ ਦੀ ਨੁਹਾਰ ਬਦਲ ਦਿਆਂਗੇ : ਹਰਮੀਤ ਪਠਾਣਮਾਜਰਾ

## ● ਪਠਾਣਮਾਜਰਾ ਨੇ ਦੇਵੀਗੜ੍ਹ ਤੋਂ ਨਨਿਓਲਾ ਸੜਕ ਦੀ ਮਜ਼ਬੂਤੀ ਕਰਨ ਦਾ ਰੱਖਿਆ ਨੀਂਹ ਪੱਥਰ

**ਸਨੌਰ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)** ਭਗਵੰਤ ਮਾਨ ਸਰਕਾਰ ਨੇ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਇਕ ਇਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ।ਅਗਲੇ 6 ਮਹੀਨੇ ਅੰਦਰ ਹਲਕਾ ਸਨੌਰ ਦੀ ਨੁਹਾਰ ਬਦਲ ਦਿਆਂਗੇ। ਹਲਕੇ ਅੰਦਰ ਪੈਂਦੀਆਂ ਸਾਰੀਆਂ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਹਲਕੇ ਦੀਆਂ 70 ਸੜਕਾਂ ਨੂੰ ਨਵੇਂ ਸਿਰਿਉਂ ਬਣਾਉਣ ਦੀ ਸਾਰੀ ਕਾਰਵਾਈ ਮੁਕੰਮਲ ਹੋ ਚੁੱਕੀ ਹੈ ਤੇ ਜਲਦ ਸੜਕਾਂ ਦੇ ਨਵੇਂ ਸਿਰੇ ਤੋਂ ਨਿਰਮਾਣ ਕਰਨ ਦਾ ਕੰਮ ਸ਼ੁਰੂ ਹੋ ਜਾਵੇਗਾ। ਦੇਵੀਗੜ੍ਹ ਤੋਂ ਨਨਿਓਲਾ ਨੂੰ ਜਾਣ ਵਾਲੀ 8 ਕਿਲੋਮੀਟਰ ਲੰਬੀ ਸੜਕ ਦੀ ਮਜ਼ਬੂਤੀ ਕਰਨ ਦੇ ਕੰਮ ਦਾ ਦੇਵੀਗੜ੍ਹ ਵਿਖੇ ਨੀਂਹ ਪੱਥਰ ਰੱਖਣ ਸਮੇਂ ਵਿਧਾਨ ਸਭਾ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਇਨ੍ਹਾਂ ਵਿਚਾਰਾਂ ਦਾ ਪਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ ਹਲਕੇ ਦੀਆਂ ਸਾਰੀਆਂ ਸੜਕਾਂ ਨੂੰ ਨਵੇਂ ਸਿਰੇ ਤੋਂ ਬਣਾਉਣ ਲਈ ਸਨੌਰ ਤੋਂ ਪਟਿਆਲਾ ਨੂੰ ਜਾਣ ਵਾਲੀ ਸੜਕ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਅਤੇ ਹੁਣ ਦੇਵੀਗੜ੍ਹ ਤੋਂ ਨਨਿਓਲਾ ਨੂੰ ਜਾਣ ਵਾਲ਼ੀ ਸੜਕ ਦੇ ਰੱਖੇ ਗਏ ਨੀਂਹ ਪੱਥਰ ਤੋਂ ਬਾਅਦ ਸ਼ੁਰੂਆਤ ਹੋ ਚੁੱਕੀ ਹੈ ਤੇ ਜਲਦ ਹੀ ਸੜਕਾਂ ਨੂੰ ਨਵੇਂ ਸਿਰਿਉਂ ਬਣਵਾਕੇ ਵਿਰੋਧੀਆਂ ਦੀ ਬੋਲਤੀ ਬੰਦ ਕਰ ਦਿੱਤੀ ਜਾਵੇਗੀ। ਦੇਵੀਗੜ੍ਹ ਤੋਂ ਨਨਿਓਲਾ ਸੜਕ ਦੀ ਲਾਸਟ ਡੇਟ ਆਫ ਸਰਫੇਸਿੰਗ 31 ਜਨਵਰੀ 2017 ਹੈ।ਇਸ ਸੜਕ ਉਪਰ ਦਿਨੋ ਦਿਨ ਟ੍ਰੈਫਿਕ ਵਿੱਚ ਬਹੁਤ ਵਾਧਾ ਹੋ ਰਿਹਾ ਹੈ, ਜਿਸ ਕਾਰਨ ਇਸ ਸੜਕ ਉਪਰ ਭਾਰੀ ਟ੍ਰੈਫਿਕ ਹੋਣ ਕਾਰਨ ਸੜਕ ਉਪਰ ਖੱਡੇ, ਕਰੈਕ ਆਦਿ ਪੈ ਗਏ ਹਨ ਤੇ ਜਿਸ ਕਾਰਨ ਪਬਲਿਕ ਨੂੰ ਆਉਣ-ਜਾਉਣ ਵਿੱਚ ਬਹੁਤ ਦਿੱਕਤ ਆਉਂਦੀ ਹੈ।ਉਪਰੋਕਤ ਹਾਲਾਤ ਨੂੰ ਮੁੱਖ ਰੱਖਦੇ ਹੋਏ ਅਤੇ ਲੋਕਾ ਦੀ ਸਹੂਲਤ ਨੂੰ ਦੇਖਦੇ ਹੋਏ, ਇਸ ਅਨੁਸਾਰ ਇਸ ਸੜਕ ਦੀ ਮੁਰੰਮਤ ਕਰਨ ਲਈ ਪੰਜਾਬ ਸਰਕਾਰ ਵੱਲੋਂ 910.90 ਲੱਖ ਰੁਪਏ ਦੀ ਮੰਜ਼ੂਰੀ ਜਾਰੀ ਕੀਤੀ ਗਈ ਹੈ।ਇਸ ਸੜਕ ਦਾ ਕੰਮ 6 ਮਹੀਨੇ ਦੇ ਸਮੇਂ ਵਿੱਚ ਮੁਕੰਮਲ ਕਰਨ ਦਾ ਟੀਚਾ ਮਿਥੀਆ ਗਿਆ ਹੈ। ਇਸ ਸੜਕ ਦੀ ਅਪਗ੍ਰੇਡੇਸ਼ਨ ਹੋਣ ਨਾਲ ਸੜਕ ਤੇ ਰਾਹਗੀਰ ਤੇ ਇਲਾਕੇ ਦੇ ਵਸਨੀਕਾਂ ਨੂੰ ਬਹੁਤ ਸਹੂਲਤ ਮਿਲੇਗੀ।



# ਪਿੰਡ ਝੋਰਮ 'ਚ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਤਰੀਕੇ ਨਾਲ ਬਣਾਈ ਇਮਾਰਤ 'ਤੇ ਚੱਲਿਆ ਬੁਲਡੋਜ਼ਰ

**ਮਲੋਟ/ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਓਮ ਪ੍ਰਕਾਸ਼ ਸੇਖੂ/ਪੂਜਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਦੇ ਖਿਲਾਫ ਕਾਰਵਾਈ ਲਗਾਤਾਰ ਜਾਰੀ ਹੈ।ਜ਼ਿਲ੍ਹੇ ਦੇ ਹਲਕਾ ਮਲੋਟ ਦੇ ਪਿੰਡ ਝੋਰੜ ਵਿੱਚ ਇੱਕ ਨਸ਼ਾ ਤਸਕਰ ਵੱਲੋਂ ਗੈਰ ਕਾਨੂੰਨੀ ਤਰੀਕੇ ਨਾਲ ਬਣਾਈ ਗਈ ਇਮਾਰਤ ਨੂੰ ਢਾਹਿਆ ਗਿਆ।'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਝੋਰੜ ਪਿੰਡ 'ਚ ਇਹ ਪੰਜਾਬ ਸਰਕਾਰ ਦੀ ਦੂਜੀ ਵੱਡੀ ਕਾਰਵਾਈ ਹੈ। ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰਾਂ ਜੋ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਤੇ ਲੋਕਾਂ ਵੱਲੋਂ ਇਨ੍ਹਾਂ ਕੰਮਾਂ ਦੀ ਸ਼ਲਾਘਾ ਕੀਤੀ ਜਾ ਰਹੀ ਹੈ। ਪਿੰਡ ਵੱਲੋਂ ਖੁਸ਼ੀ ਜ਼ਾਹਰ ਕਰਦੇ ਹੋਏ ਲੱਡੂ ਵੰਡੇ ਗਏ ਤੇ ਕਿਹਾ ਗਿਆ ਕਿ ਇਸ ਨਾਲ ਪਿੰਡ ਵਿੱਚ ਸੁਧਾਰ ਹੋਵੇਗਾ ਤੇ ਸਮਾਜ ਵਿੱਚ ਅੱਗੇ ਵਧੇਗਾ। ਜ਼ਿਲ੍ਹਾ ਪ੍ਰਸ਼ਾਸਨ ਦੇ ਨੁਮਾਇੰਦੇ ਨੇ ਦੱਸਿਆ ਕਿ ਇਸ ਮਕਾਨ ਦੀ ਉਸਾਰੀ ਨਜਾਇਜ਼ ਤਰੀਕੇ ਨਾਲ ਕੀਤੀ ਹੋਈ ਹੈ ਤੇ ਡੀ.ਡੀ.ਪੀ.ਓ. ਵੱਲੋਂ ਇਸ ਮਾਮਲੇ ਨੂੰ ਪੁਲਿਸ ਦੇ ਧਿਆਨ ਵਿੱਚ ਲਿਆਂਦਾ ਗਿਆ। ਇਸ ਪਰਵਾਰ ਨਾਲ ਸਬੰਧਤ ਨਸ਼ਾ ਤਸਕਰਾਂ 'ਤੇ ਨਸ਼ਾ ਤਸਕਰੀ ਦੇ ਐਨ.ਡੀ.ਪੀ.ਸੀ. ਐਕਟ ਦੇ ਅਧੀਨ ਵੱਖ-ਵੱਖ ਮੁਕੱਦਮੇ ਦਰਜ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਮਰੱਥ ਅਥਾਰਟੀ ਤੋਂ ਇਸ ਨੂੰ ਢਾਉਣ ਦੀਆਂ ਹਦਾਇਤਾਂ ਪ੍ਰਾਪਤ ਕਰਕੇ ਪੁਲਿਸ ਵਿਭਾਗ ਤੋਂ ਮੌਕੇ 'ਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਮਦਦ ਲਈ ਗਈ ਸੀ। ਉਨ੍ਹਾਂ ਕਿਹਾ ਕਿ ਪੂਰੇ ਕਾਨੂੰਨੀ ਤਰੀਕੇ ਦੀ ਪਾਲਣਾ ਕਰਦਿਆਂ ਇਸ ਗੈਰ ਕਾਨੂੰਨੀ ਇਮਾਰਤ ਨੂੰ ਅੱਜ ਢਾਹਿਆ ਗਿਆ। ਡਾ. ਅਖਿਲ ਚੌਧਰੀ ਆਈ.ਪੀ.ਐਸ ਐਸ.ਐਸ.ਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਮਿਸ਼ਨ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ 'ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਜੋ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ ਉਸ ਨੂੰ ਅਟੈਚ ਕਰਾਇਆ ਜਾਵੇਗਾ।ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਨਸ਼ੇ ਵੇਚਦਾ ਹੈ ਤਾਂ ਇਸ ਦੀ ਸੂਚਨਾ ਪੁਲਿਸ ਨੂੰ ਨਿਡਰ ਹੋ ਕੇ ਦਿੱਤੀ ਜਾਵੇ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖਦੇ ਹੋਏ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।



# ਸੰਤੂਵਾਲਾ 'ਚ ਸਵਾਮੀ ਸ਼ੰਕਰਾਪੁਰੀ ਦੀ ਯਾਦ 'ਚ ਫ੍ਰੀ ਮੈਡੀਕਲ ਕੈਂਪ ਲਾਇਆ



**ਜ਼ੀਰਾ (ਨਰਿੰਦਰ ਅਨੇਜਾ)** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਸਮੁੱਚੀ ਸੂਬਾ ਕਮੇਟੀ ਅਤੇ ਜ਼ਿਲ੍ਹਾ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਤੇ ਸਮੁੱਚੀ ਜ਼ਿਲ੍ਹਾ ਕਮੇਟੀ ਦੀ ਨਿੱਗਰ ਸੋਚ, ਚੰਗੇ ਵਿਚਾਰਾਂ ਸਦਕਾ ਮਾਨਵ ਸੇਵਾ ਪਰਮੋ ਧਰਮ ਦੀ ਸੇਵਾ ਭਾਵਨਾ ਦੇ ਤਹਿਤ ਜਥੇਬੰਦੀ ਦੇ ਜ਼ਿਲ੍ਹਾ ਫਿਰੋਜ਼ਪੁਰ ਦੇ ਜਨਰਲ ਸਕੱਤਰ ਡਾਕਟਰ ਸੰਤੋਖ ਸਿੰਘ ਵੱਲੋਂ ਨੰਬਰਦਾਰ ਅਜਾਇਬ ਸਿੰਘ, ਐੱਨ.ਆਰ.ਆਈ ਭਾਈ ਬਲਿਸਟਰ ਸਿੰਘ ਤੇ ਸਮੂਹ ਪਰਿਵਾਰ ਵੱਲੋਂ ਸਵ. ਨੰਬਰਦਾਰ ਬੰਤਾ ਸਿੰਘ ਤੇ ਸਵ. ਐਡਵੋਕੇਟ ਤਾਰਾ ਸਿੰਘ ਦੀ ਯਾਦ ਵਿੱਚ ਪਿੰਡ ਸੰਤੂਵਾਲਾ ਵਿਖੇ ਸਵਾਮੀ ਸ਼ੰਕਰਾਪੁਰੀ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਸਾਲਾਨਾ ਮੇਲੇ ਮੌਕੇ ਫ੍ਰੀ ਮੈਡੀਕਲ ਕੈਂਪ ਲਾਇਆ ਗਿਆ। ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸ੍ਰੀ 1008 ਸਵਾਮੀ ਕਮਲ ਪੁਰੀ ਜੀ ਮਹਾਰਾਜ ਨੇ ਕਿਹਾ ਕਿ ਮਾਨਵਤਾ ਦੀ ਸੇਵਾ ਕਰਨਾ ਸਾਡਾ ਮੁੱਖ ਧਰਮ ਹੈ।ਧਰਮ ਸਾਨੂੰ ਸਿਖਿਆ ਦਿੰਦਾ ਹੈ ਕਿ ਅਸੀਂ ਦੀਨ ਦੁਖੀਆਂ ਤੇ ਸਮਾਜ ਦੀ ਹਰ ਤਰ੍ਹਾਂ ਦੀ ਸੇਵਾ ਕਰਦੇ ਰਹੀਏ।ਸਮੁੱਚੀ ਮੈਡੀਕਲ ਟੀਮ ਦੀ ਪ੍ਰਸੰਸਾ ਕਰਦਿਆਂ ਉਨ੍ਹਾਂ ਨੇ ਅਸ਼ੀਰਵਾਦ ਦਿੰਦੇ ਹੋਏ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਸਮਾਜ ਭਲਾਈ ਦੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ।

# ਰੇਲ ਗੱਡੀਆਂ ਦੀ ਗਤੀ 110 ਕਿਲੋਮੀਟਰ/ਘੰਟਾ ਤੱਕ ਵਧੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਰੇਲਵੇ ਨੇ ਯਾਤਰੀਆਂ ਨੂੰ ਬਿਹਤਰ ਅਤੇ ਤੇਜ਼ ਸਫ਼ਰ ਦੀ ਸਹੂਲਤ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕੀਤੇ ਹਨ। ਇਸੇ ਤਹਿਤ ਫ਼ਿਰੋਜ਼ਪੁਰ ਮੰਡਲ ਨੇ ਜਲੰਧਰ ਕੈਂਟ-ਹੁਸ਼ਿਆਰਪੁਰ ਸਿੰਗਲ ਲਾਈਨ ਬਿਜਲੀ ਵਾਲੇ ਰੇਲਵੇ ਸੈਕਸ਼ਨ 'ਤੇ ਯਾਤਰੀ ਰੇਲ ਗੱਡੀਆਂ ਦੀ ਵੱਧ ਤੋਂ ਵੱਧ ਗਤੀ 80 ਕਿਲੋਮੀਟਰ/ਘੰਟਾ ਤੋਂ ਵਧਾ ਕੇ 110 ਕਿਲੋਮੀਟਰ/ਘੰਟਾ ਕਰਨ ਦੀ ਇਜਾਜ਼ਤ ਦਿੱਤੀ ਹੈ। ਇਹ ਫੈਸਲਾ ਸੁਰੱਖਿਆ ਮਾਪਦੰਡਾਂ ਅਤੇ ਸਾਰੀਆਂ ਤਕਨੀਕੀ ਤੇ ਸੁਰੱਖਿਆ ਸ਼ਰਤਾਂ ਦਾ ਪਾਲਣ ਕਰਦੇ ਹੋਏ ਲਿਆ ਗਿਆ ਹੈ। ਇਸ ਨਾਲ ਯਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ, ਖਾਸ ਕਰਕੇ ਸ਼੍ਰੀ ਮਾਤਾ ਚਿੰਤਪੂਰਨੀ ਜੀ ਦੇ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਸਫ਼ਰ ਆਰਾਮਦਾਇਕ ਅਤੇ ਸੁਵਿਧਾਜਨਕ ਹੋ ਜਾਵੇਗਾ। ਇਸ ਰੇਲ ਸੈਕਸ਼ਨ ਦੀ ਗਤੀ ਵਧਣ ਨਾਲ ਟਰੇਨਾਂ ਦਾ ਔਸਤ ਸਪੀਡ ਵਧੇਗਾ, ਜਿਸ ਨਾਲ ਯਾਤਰੀਆਂ ਨੂੰ ਤੇਜ਼, ਸੁਰੱਖਿਅਤ ਤੇ ਸੁਵਿਧਾਜਨਕ ਯਾਤਰਾ ਦਾ ਤਜਰਬਾ ਮਿਲੇਗਾ। ਇਹ ਰੇਲਵੇ ਸੈਕਸ਼ਨ ਮਾਲ ਢੋਆ-ਢੁਆਈ ਲਈ ਵੀ ਬਹੁਤ ਮਹੱਤਵਪੂਰਨ ਹੈ। ਇਹ ਹੁਸ਼ਿਆਰਪੁਰ ਗੁਡਸ ਸ਼ੈੱਡ ਤੇ ਨਸਰਾਲਾ ਗੁਡਸ ਸ਼ੈੱਡ ਲਈ ਵੀ ਫ਼ਾਇਦੇਮੰਦ ਸਾਬਤ ਹੋਵੇਗਾ। ਫਿਰੋਜ਼ਪੁਰ ਮੰਡਲ ਦੇ ਰੇਲ ਪ੍ਰਬੰਧਕ ਸੰਜੀਵ ਕੁਮਾਰ ਨੇ ਦੱਸਿਆ ਕਿ ਫਿਲਹਾਲ ਇਸ ਸੈਕਸ਼ਨ 'ਤੇ 6 ਜੋੜੀ ਪੈਸੰਜਰ ਟਰੇਨਾਂ ਤੇ ਹੁਸ਼ਿਆਰਪੁਰ-ਆਗਰਾ ਵਿਚਕਾਰ ਇਕ ਜੋੜੀ ਮੇਲ ਐਕਸਪ੍ਰੈਸ ਟਰੇਨ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਜਲਦੀ ਹੀ ਯਾਤਰੀਆਂ ਨੂੰ ਤੇਜ਼ ਸੇਵਾ ਦਾ ਲਾਭ ਮਿਲੇਗਾ।




# 'ਖੇਡਾਂ ਵਤਨ ਪੰਜਾਬ ਦੀਆਂ' ਦੀ ਟਾਰਚ ਰਿਲੇਅ ਦੀ ਹੋਈ ਸ਼ੁਰੂਆਤ

**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ-2025' ਸਬੰਧੀ ਟਾਰਚ ਰਿਲੇਅ ਦੀ ਸ਼ੁਰੂਆਤ ਵਾਰ ਹੀਰੋਜ਼ ਸਟੇਡੀਅਮ ਤੋਂ ਕੀਤੀ ਗਈ।ਇਸ ਰਿਲੇਅ ਨੂੰ ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਸ ਮੌਕੇ ਵੈਟਰਨ ਐਥਲੀਟ ਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਐੱਸ ਡੀ ਐੱਮ ਚਰਨਜੋਤ ਸਿੰਘ ਵਾਲੀਆ, ਜ਼ਿਲ੍ਹਾ ਖੇਡ ਅਫ਼ਸਰ ਨਵਦੀਪ ਸਿੰਘ ਤੇ ਵੱਡੀ ਗਿਣਤੀ ਵਿੱਚ ਖਿਡਾਰੀ ਅਤੇ ਆਮ ਲੋਕ ਹਾਜ਼ਰ ਸਨ। ਰਿਲੇਅ ਦੌਰਾਨ ਮਿਸ਼ਾਲ ਨੂੰ ਅੰਤਰਰਾਸ਼ਟਰੀ ਖਿਡਾਰੀਆਂ ਪਰਮਜੀਤ ਕੌਰ (ਹੈਂਡਬਾਲ), ਗੁਰਸੇਵਕ ਸਿੰਘ ਚੀਮਾ ਤੇ ਦਕਸ਼ਨ ਸਿੰਘ (ਰੋਲਰ ਸਕੇਟਿੰਗ), ਹਰਸ਼ਦੀਪ ਕੌਰ (ਵੇਟ ਲਿਫਟਿੰਗ) ਤੇ ਹੋਰ ਰਾਜ ਪੱਧਰੀ ਖਿਡਾਰੀਆਂ ਨੇ ਚੁੱਕ ਕੇ ਪੂਰੇ ਸ਼ਹਿਰ ਦਾ ਦੌਰਾ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਖੇਡਾਂ ਦਾ ਉਦਘਾਟਨੀ ਸਮਾਰੋਹ 29 ਅਗਸਤ ਨੂੰ ਹੁਸ਼ਿਆਰਪੁਰ ਵਿਖੇ ਹੋਵੇਗਾ।ਇਹ ਟਾਰਚ ਰਿਲੇਅ ਸੂਬੇ ਦੇ ਸਾਰੇ ਜ਼ਿਲ੍ਹਿਆਂ ਤੋਂ ਹੁੰਦੀ ਹੋਈ 29 ਅਗਸਤ ਨੂੰ ਹੁਸ਼ਿਆਰਪੁਰ ਵਿਖੇ ਸਮਾਪਤ ਹੋਵੇਗੀ।ਇਨ੍ਹਾਂ ਖੇਡਾਂ ਅਧੀਨ ਬਲਾਕ, ਜ਼ਿਲ੍ਹਾ ਅਤੇ ਰਾਜ ਪੱਧਰੀ ਖੇਡਾਂ ਕਰਾਉਣ ਦੀ ਸਮਾਂ ਸਾਰਨੀ ਜਾਰੀ ਕਰ ਦਿੱਤੀ ਗਈ ਹੈ।ਇਹ ਖੇਡਾਂ 3 ਸਤੰਬਰ ਤੋਂ 23 ਨਵੰਬਰ ਤੱਕ ਸੂਬੇ ਦੇ ਵੱਖ ਵੱਖ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਖੇਡ ਸਟੇਡੀਅਮਾਂ ਵਿੱਚ ਕਰਾਏ ਜਾਣਗੇ।

**PUBLIC NOTICE**

Under the instruction of Aadhar Housing Finance ltd. I hereby informed the general public that Sumit Raj S/o Gastin Raj Kumar R/o House No. 45, Gali No. 2, Near Guru Nanak Public School, New Dashmesh Nagar, Kot Khalsa, Tehsil & Distt Amritsar is the absolute owner of Property having Length 45 feet & width 20 feet total area 100 Sq yards bearing Khasra No. 16/ / 14 / 1 /1, 14/1/3, 14/1/4 Min bounded by East-Ownership of Bali Singh, West-Gali 15 feet wide, North-Property of Bahadar Singh, South-Property of Roshan Lal, situated in the area of Kot Khalsa Sub Urban Abadi Dashmesh Nagar Tehsil & Distt Amritsar.

And

That Sumit Raj S/o Gastin Raj Kumar is taking Lap loan on above said property from Aadhar Housing Finance ltd 6th floor Burj Punjab, Sco no.9, Distt Shoping Complex, Ranjit Avenue, Amritsar and Sumit Raj S/o Gastin Raj Kumar has lost previous title deeds the detail as mention Original sale deed executed by Chiman Lal S/o Surjan Ram & Daljit Kaur W/o Sukhman Singh Through SPA Bahadar Singh S/o Milkha Singh in favour of Mandeep Kaur W/o Jasbir Singh vide Doc no. 8190 dated 02-12-2014, Original SPA executed by Chiman Lal S/o Surjan Ram & Daljit Kaur W/o Sukhman Singh in favour of Bahadar Singh S/o Milkha Singh vide Doc no. 2462 dated 30-05-1994 and Original sale deed executed by Parkash Kaur W/o Sukhman Singh vide Doc no. 9733 dated 18-11-1983 and has also been got registered Lost Information Report 618111/2025 dated 12-08-2025 in this respect. Anybody having claim or claiming any manner in this property or has raised loan by depositing the aforesaid document to any person/ bank / corporation / Financial institution may approach the undersigned and may submitted objections within 7 day from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with Aadhar housing Finance ltd.

Harpal Singh Nijjar (Advocate)
Office address-First Floor, Above Bhagwan Dass Vasika Opp. NRI Police Station Kacheri Chownk Amritsar. Mobile No. 9815610005

ਦੀ ਮੋਗਾ ਜ਼ਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਸੰਘ ਲਿਮ: ਮੋਗਾ ਜੀ ਵੱਲੋਂ ਪ੍ਰਵਾਨ ਹੋਈਆਂ ਚੋਣ ਲਿਸਟਾਂ ਹੇਠ ਲਿਖੇ ਅਨੁਸਾਰ ਹਨ :

| ਜ਼ੋਨ ਨੰ. | ਜ਼ੋਨ ਦਾ ਨਾਂਅ | ਸੀਟਾਂ ਦੀ ਗਿਣਤੀ | ਰਿਜ਼ਰਵੇਸ਼ਨ | ਜ਼ੋਨ 'ਚ ਮੈਂਬਰ ਸਭਾਵਾਂ |
|---|---|---|---|---|
| 1. | ਮੋਗਾ ਮਹਿਲਾ ਸਿੰਘ | 1 | ਜਨਰਲ | 5 |
| 2. | ਮੋਗਾ-1 | 1 | ਜਨਰਲ | 5 |
| 3. | ਮੋਗਾ-2 | 1 | ਇਸਤਰੀ ਰਿਜ਼ਰਵ | 5 |
| 4. | ਡਗਰੂ | 1 | ਜਨਰਲ | 4 |
| 5. | ਬਾਘਾ ਪੁਰਾਣਾ | 1 | ਜਨਰਲ | 6 |
| 6. | ਬੱਧਨੀ ਕਲਾਂ | 1 | ਇਸਤਰੀ ਰਿਜ਼ਰਵ | 4 |
| 7. | ਧਰਮਕੋਟ | 1 | ਜਨਰਲ | 4 |
| 8. | ਫਤਿਹਗੜ੍ਹ ਪੰਜਤੂਰ | 1 | ਅਨੁਸੂਚਿਤ ਜਾਤੀ ਰਿਜ਼ਰਵ | 4 |
| | ਕੁੱਲ ਗਿਣਤੀ | 08 | | 37 |

ਦੀ ਮੋਗਾ ਜ਼ਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਸੰਘ ਲਿਮ: ਮੋਗਾ ਦੇ ਸੰਘ ਦੇ ਬੋਰਡ ਆਫ ਡਾਇਰੈਕਟਰਾਂ ਦੀ ਚੋਣ ਕਰਵਾਉਣ ਲਈ ਮਾਣਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਆਪਣੇ ਪੱਤਰ ਨੰ. ਰ.ਸ.ਸ./ਈ.ਐਂਡ ਟੀ/ਈ.ਆਈ./Election guidelines/CL-49/143 ਮਿਤੀ 20-03-2020 ਰਾਹੀਂ ਇਲੈਕਸ਼ਨ ਗਾਈਡਲਾਈਨਜ਼ ਵਿੱਚ ਕੀਤੀ ਸੋਧ ਦੀ ਪਾਲਣਾ ਕਰਦੇ ਹੋਏ ਹੇਠ ਲਿਖੇ ਅਨੁਸਾਰ ਚੋਣ ਪ੍ਰੋਗਰਾਮ ਤਿਆਰ ਕੀਤਾ ਜਾਂਦਾ ਹੈ :

ਪਹਿਲਾ ਦਿਨ ਮਿਤੀ 03-09-2025 ਬੁੱਧਵਾਰ

| ਲੜੀ ਨੰ | ਵੇਰਵਾ | ਮਿਤੀ | ਸਮਾਂ | ਸਥਾਨ |
|---|---|---|---|---|
| 1. | ਨਾਮਜ਼ਦਗੀ ਪੱਤਰ ਦਾਖਲ ਕਰਨਾ | 03-09-2025 | 09:00 ਤੋਂ 11.00 ਵਜੇ ਤੱਕ | ਦਫਤਰ ਦੀ ਮੋਗਾ ਜ਼ਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਸੰਘ ਲਿਮ: ਮੋਗਾ (ਸਟੇਟ ਬੈਂਕ ਕਾਲੋਨੀ ਮਕਾਨ ਨੰਬਰ 390) |
| 2 | ਉਮੀਦਵਾਰਾਂ ਦੀ ਸੂਚੀ ਪ੍ਰਦਰਸ਼ਿਤ ਕਰਨਾ | 03-09-2025 | 11:00 ਤੋਂ 11:30 ਵਜੇ ਤੱਕ | |
| 3. | ਉਮੀਦਵਾਰਾਂ ਜਾਂ ਉਨ੍ਹਾਂ ਦੇ ਤਜਵੀਜ਼ ਕਰਤਾ ਵੱਲੋਂ ਇਤਰਾਜ਼ ਦਾਖਲ ਕਰਨ ਦਾ ਸਮਾਂ | 03-09-2025 | 11.30 ਤੋਂ 13.00 ਵਜੇ ਤੱਕ | |
| 4. | ਇਤਰਾਜ਼ ਸੁਣਨ ਦਾ ਸਮਾਂ | 03-09-2025 | 13.00 ਤੋਂ 15.00 ਵਜੇ ਤੱਕ | |
| 5. | ਨਾਮਜ਼ਦਗੀ ਪੱਤਰਾਂ ਦੀ ਪੜਤਾਲ | 03-09-2025 | 15.00 ਤੋਂ 16.00 ਵਜੇ ਤੱਕ | |
| 6. | ਸਹੀ ਪਾਏ ਗਏ ਉਮੀਦਵਾਰਾਂ ਦੀ ਸੂਚੀ ਜਾਰੀ ਕਰਨਾ | 03-09-2025 | 16.00 ਤੋਂ 16.30 ਵਜੇ ਤੱਕ | |
| 7. | ਨਾਮਜ਼ਦਗੀ ਪੱਤਰ ਵਾਪਸ ਲੈਣ ਦਾ ਸਮਾਂ | 03-09-2025 | 16.30 ਤੋਂ 17.00 ਵਜੇ ਤੱਕ | |
| 8. | ਬਿਨਾਂ ਮੁਕਾਬਲੇ ਹੋਈ ਚੋਣ ਦੇ ਨਤੀਜੇ ਦਾ ਐਲਾਨ | 03-09-2025 | 17.00 ਵਜੇ | |
| 9. | ਚੋਣ ਨਿਸ਼ਾਨਾਂ ਦੀ ਵੰਡ | 03-09-2025 | 17.00 ਤੋਂ 17.30 ਵਜੇ ਤੱਕ | |
| 10 | ਚੋਣ ਲੜ ਰਹੇ ਉਮੀਦਵਾਰਾਂ ਦੀ ਸੂਚੀ ਪ੍ਰਦਰਸ਼ਿਤ ਕਰਨਾ | 03-09-2025 | 17.30 ਵਜੇ | |

ਦੂਸਰਾ ਦਿਨ ਮਿਤੀ 04-09-2025 (ਵੀਰਵਾਰ)

| ਲੜੀ ਨੰ. | ਵੇਰਵਾ | ਮਿਤੀ | ਸਮਾਂ | ਸਥਾਨ |
|---|---|---|---|---|
| 1 | ਵੋਟਿੰਗ | 04-09-2025 | 9.00 ਤੋਂ 13.00 ਵਜੇ ਤੱਕ | ਦਫਤਰ ਦੀ ਮੋਗਾ ਜ਼ਿਲ੍ਹਾ ਸਹਿਕਾਰੀ ਕਿਰਤ ਤੇ ਉਸਾਰੀ ਸਭਾਵਾਂ ਸੰਘ ਲਿਮ: ਮੋਗਾ (ਸਟੇਟ ਬੈਂਕ ਕਾਲੋਨੀ ਮਕਾਨ ਨੰ. 390) |
| 2. | ਵੋਟਾਂ ਦੀ ਗਿਣਤੀ | 04-09-2025 | 13.00 ਤੋਂ 15.00 ਵਜੇ ਤੱਕ | |
| 3. | ਨਤੀਜੇ ਦਾ ਐਲਾਨ | 04-09-2025 | 15.00 ਵਜੇ | |

(3) ਸਭਾ ਦੀਆਂ ਸਭਾਵਾਂ ਇਸ ਸੂਚੀ ਵਿੱਚ ਸ਼ਾਮਲ ਹਨ। ਕੋਈ ਵੀ ਮੈਂਬਰ ਸਭਾ ਛੱਡੀ ਨਹੀਂ ਗਈ।
(4) ਪਾਸ ਹੋਇਆ ਕਿ ਚੋਣ ਪ੍ਰੋਗਰਾਮ ਵੋਟਰ ਸੂਚੀ ਪੰਜ ਪੜਤਾਂ ਵਿੱਚ ਤਿਆਰ ਕਰਕੇ ਮਾਣਯੋਗ ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ ਮੋਗਾ ਜੀ ਨੂੰ ਚੋਣ ਪ੍ਰੋਗਰਾਮ ਪ੍ਰਵਾਨ ਕਰਨ ਅਤੇ ਰਿਟਰਨਿੰਗ-ਕਮ-ਪ੍ਰਜਾਈਡਿੰਗ ਅਫਸਰ ਨਿਯੁਕਤ ਕਰਨ ਲਈ ਭੇਜਿਆ ਜਾਂਦਾ ਹੈ।
(5) ਪਾਸ ਹੋਇਆ ਕਿ ਪ੍ਰਵਾਨ ਹੋਏ ਚੋਣ ਪ੍ਰੋਗਰਾਮ ਸੰਬੰਧੀ ਸੰਘ ਦੇ ਮੈਂਬਰ ਸਭਾਵਾਂ ਨੂੰ ਸੂਚਿਤ ਕਰਨ ਲਈ 15 ਦਿਨ ਪਹਿਲਾਂ ਸਾਂਝੀਆਂ ਥਾਵਾਂ 'ਤੇ ਚੋਣ ਪ੍ਰੋਗਰਾਮ ਦੀਆਂ ਕਾਪੀਆਂ ਲਾ ਦਿੱਤੀਆਂ ਜਾਣਗੀਆਂ ਅਤੇ ਲਾਊਡ ਸਪੀਕਰ ਰਾਹੀਂ ਮੁਨਾਦੀ ਕਰਵਾਈ ਜਾਵੇਗੀ। ਇਸ ਸਾਰੀ ਕਾਰਵਾਈ ਕਰਨ ਅਤੇ ਚੋਣ ਸੰਬੰਧੀ ਸਮੱਗਰੀ ਲਿਆਉਣ ਦਾ ਅਧਿਕਾਰ ਸ੍ਰੀ ਵਰਿੰਦਰ ਸਿੰਘ ਪੁੱਤਰ ਸ੍ਰੀ ਜਸਵੀਰ ਸਿੰਘ ਨੂੰ ਦਿੱਤਾ ਜਾਂਦਾ ਹੈ।
(6) ਸੰਘ ਦੀ ਮੈਂਬਰ ਸਭਾ ਜੋ ਲੇਬਰ ਯੂਨੀਅਨ ਦਾ ਫੰਡ, ਆਡਿਟ ਫੀਸ, ਸਿੱਖਿਆ ਫੰਡ ਅਤੇ ਵਿਭਾਗ ਦੇ ਸੰਘ ਨਾਲ ਸੰਬੰਧਤ ਹੋਰ ਅਦਾਰਿਆਂ ਦੀ ਡਿਫਾਲਟਰ ਹੋਵੇਗੀ, ਉਹ ਵੋਟ ਪਾਉਣ ਦੀ ਹੱਕਦਾਰ ਨਹੀਂ ਹੋਵੇਗੀ, ਪ੍ਰੰਤੂ ਜੇਕਰ ਉਕਤ ਮੈਂਬਰ ਨਾਮਜ਼ਦਗੀ ਪੱਤਰ ਵਾਪਸ ਲੈਣ ਦੇ ਦੇ ਸਮੇਂ ਤੱਕ ਡਿਫਾਲਟਰ ਰਕਮ ਜਮ੍ਹਾਂ ਕਰਵਾ ਕੇ ਕਲੀਰੈਂਸ ਸਰਟੀਫਿਕੇਟ ਪੇਸ਼ ਕਰਦਾ ਹੈ ਤਾਂ ਉਸ ਨੂੰ ਵੋਟ ਪਾਉਣ ਦਾ ਅਧਿਕਾਰ ਹੋਵੇਗਾ।
(7) ਪਾਸ ਹੋਇਆ ਕਿ ਜੇਕਰ ਕੋਈ ਮੈਂਬਰ ਮਾਣਯੋਗ ਉਪ-ਰਜਿਸਟਰਾਰ ਸਹਿਕਾਰੀ ਸਭਾਵਾਂ ਮੋਗਾ ਜੀ ਵੱਲੋਂ ਪ੍ਰਵਾਨ ਹੋਏ ਜ਼ੋਨ ਲਿਸਟਾਂ ਦੀ ਕਾਪੀ ਲੈਣਾ ਚਾਹੇ ਤਾਂ ਮੁਬਲਿਗ 50/- ਪ੍ਰਤੀ ਵੋਟਰ ਸੂਚੀ ਦੀ ਕਾਪੀ ਦੇ ਹਿਸਾਬ ਨਾਲ ਸਭਾ ਦੇ ਦਫਤਰ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9.00 ਵਜੇ ਤੋਂ ਦੁਪਹਿਰ 14.00 ਵਜੇ ਤੱਕ ਲੈ ਸਕਦਾ ਹੈ।

ਪ੍ਰਵਾਨ ਹੈ

ਸ੍ਰੀ ਵਰਿੰਦਰ ਸਿੰਘ ਪ੍ਰਧਾਨ, ਦਸਤਖਤ ਅੰਗਰੇਜ਼ੀ | ਸ੍ਰੀ ਰਮਨਦੀਪ ਸਿੰਘ ਮੀਤ ਪ੍ਰਧਾਨ, ਦਸਤਖਤ ਅੰਗਰੇਜ਼ੀ | ਸ੍ਰੀ ਵਿਜੇ ਕੁਮਾਰ ਕ. ਮੈਂਬਰ, ਦਸਤਖਤ ਅੰਗਰੇਜ਼ੀ
ਸ੍ਰੀ ਸੰਜੇ ਕੁਮਾਰ ਕ. ਮੈਂ., ਦਸਤਖਤ ਅੰਗਰੇਜ਼ੀ | ਸ੍ਰੀ ਕਨਾਲ ਬਾਂਸਲ ਕ. ਮੈਂ., ਦਸਤਖਤ ਅੰਗਰੇਜ਼ੀ

ਤਸਦੀਕ ਕੀਤਾ ਜਾਂਦਾ ਹੈ ਕਿ ਇਹ ਨਕਲ ਮੁਤਾਬਕ ਅਸਲ ਹੈ, ਜਿਸ ਕਿਤਾਬ ਕਾਰਵਾਈ ਦੀ ਇਹ ਨਕਲ ਹੈ, ਉਹ ਸਭਾ ਦੇ ਰਿਕਾਰਡ ਵਿੱਚ ਮੌਜੂਦ ਹੈ। ਪ੍ਰਵਾਨ ਹੈ

ਸਹੀ/- ਵਰਿੰਦਰ ਸਿੰਘ

# ਬਜ਼ੁਰਗਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਸੈਮੀਨਾਰ ਲਾਇਆ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ ਪੂਜਾ)** ਡਾ. ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸੂਚੀ ਏਨੀ ਲੰਮੀ ਹੈ ਕਿ ਇਸ ਨੂੰ ਵਰਨਣ ਕਰਨਾ ਨਾਮੁਮਕਿਨ ਹੈ।ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡੇਰਾ ਭਾਈ ਮਸਤਾਨ ਸਿੰਘ ਵਿਖੇ ਬਜ਼ੁਰਗਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਸੈਮੀਨਾਰ ਸ਼੍ਰੀ ਹਮਾਸੂ ਅਰੋੜਾ ਸੀਨੀਅਰ ਸਿਵਲ ਜੱਜ ਤੇ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਹਾਜ਼ਰੀ ਵਿੱਚ ਲਾਇਆ ਗਿਆ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਸੈਮੀਨਾਰ ਦੌਰਾਨ ਸੀਨੀਅਰ ਸਿਵਲ ਜੱਜ ਵੱਲੋਂ ਬਜ਼ੁਰਗਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਾਇਆ ਗਿਆ ਤੇ ਬਜ਼ੁਰਗਾਂ ਨੂੰ ਕੋਈ ਵੀ ਮੁਸ਼ਕਲ ਆਉਣ 'ਤੇ 15100 ਟੋਲ ਫ੍ਰੀ ਨੰਬਰ ਤੇ ਸੰਪਰਕ ਕਰਨ ਲਈ ਕਿਹਾ ਗਿਆ ਤੇ ਜੱਜ ਸਾਹਿਬ ਵੱਲੋਂ ਡਾ. ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਵੀ ਪ੍ਰੋੜਤਾ ਕੀਤੀ ਗਈ। ਅਖੀਰ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ਼੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਸੀਨੀਅਰ ਸਿਵਲ ਜੱਜ ਨੂੰ ਟਰੱਸਟ ਦਾ ਸੋਵੀਨਾਰ ਦੇ ਕੇ ਕੀਤਾ ਗਿਆ।

# ਗੁਰੂ ਤੇਗ ਬਹਾਦਰ ਜੀ ਦੇ ਸ਼ਤਾਬਦੀ ਸਮਾਗਮਾਂ 'ਚ ਹਿੰਦੂ ਵਰਗ ਨੂੰ ਉਤਸ਼ਾਹ ਦਿਖਾਉਣਾ ਚਾਹੀਦਾ : ਭਾਈ ਜਸਪਾਲ

**ਫਿਰੋਜ਼ਪੁਰ (ਅਸ਼ੋਕ ਸ਼ਰਮਾ):** ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆ ਰਹੇ 350 ਸਾਲਾਂ ਸ਼ਹੀਦੀ ਸਮਾਗਮ ਜੋ ਇਸ ਵਾਰ ਸ਼ਤਾਬਦੀ ਦੇ ਰੂਪ ਵਿਚ ਮਨਾਏ ਜਾ ਰਹੇ ਹਨ ਤੇ ਇਨ੍ਹਾਂ ਸਮਾਗਮਾਂ ਨੂੰ ਮਨਾਉਣ ਲਈ ਜਿਥੇ ਦੇਸ਼ ਵਿਦੇਸ਼ਾਂ ਦੀਆਂ ਸੰਗਤਾਂ ਆਪਣੇ ਆਪਣੇ ਪੱਧਰ 'ਤੇ ਵਿਸ਼ੇਸ਼ ਉਪਰਾਲੇ ਕਰ ਰਹੀਆਂ ਹਨ, ਉਥੇ ਇਨ੍ਹਾਂ ਸ਼ਤਾਬਦੀ ਸਮਾਗਮਾਂ ਵਿੱਚ ਹਿੰਦੂ ਵਰਗ ਨੂੰ ਵੀ ਉਤਸ਼ਾਹ ਦਿਖਾਉਣਾ ਚਾਹੀਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜਸਪਾਲ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਆਪਣੇ ਆਪਣੇ ਭਲੇ ਲਈ ਤਾਂ ਹਰ ਜੀਵ ਹਰ ਸੰਭਵ ਯਤਨ ਕਰਦਾ ਹੈ, ਪਰ ਆਪਣੇ ਨਿੱਜੀ ਮੁਫ਼ਾਦਾਂ ਨੂੰ ਛੱਡ ਕੇ ਕਿਸੇ ਦੂਜੇ ਧਰਮ ਨੂੰ ਬਚਾਉਣ ਲਈ ਆਪਣੀ ਕੁਰਬਾਨੀ ਦੇਣੀ ਇਹ ਕੇਵਲ ਤੇ ਕੇਵਲ ਸਿੱਖ ਧਰਮ ਦੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਹਿੱਸੇ ਆਇਆ ਹੈ, ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਅਤੇ ਉਸ ਨੂੰ ਬਚਾਉਣ ਲਈ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਜੋ ਸ਼ਹੀਦੀ ਦਾ ਜਾਮ ਪੀਤਾ ਉਸ ਦਾ ਹਿੰਦੂ ਧਰਮ ਨੂੰ ਕਦੇ ਅਹਿਸਾਨ ਨਹੀਂ ਭੁੱਲਣਾ ਚਾਹੀਦਾ। ਭਾਈ ਜਸਪਾਲ ਸਿੰਘ ਨੇ ਸਭ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਸੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਦੇ ਹੋਏ ਇਨ੍ਹਾਂ 350 ਸਾਲਾਂ ਸ਼ਤਾਬਦੀ ਸਮਾਗਮਾਂ ਨੂੰ ਬੜੀ ਸ਼ਰਧਾ ਭਾਵਨਾ ਨਾਲ ਇਹ ਸਮਾਗਮ ਮਨਾਏ ਜਾਣ, ਜਿਨ੍ਹਾਂ ਵਿੱਚ ਹਿੰਦੂ ਵਰਗ ਖਾਸ ਉਤਸ਼ਾਹ ਦਿਖਾਏ। ਉਨ੍ਹਾਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਇਨ੍ਹਾਂ ਸ਼ਤਾਬਦੀ ਸਮਾਗਮਾਂ ਲਈ ਲੋੜੀਂਦੇ ਪ੍ਰਬੰਧ ਕਰਨ ਤਾਂ ਜੁ ਸੰਗਤਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।



# ਬਕਰਾਹਾ ਵਿਖੇ ਕੁਸ਼ਤੀ ਦੰਗਲ : ਹਰਿਆਊ ਵੱਲੋਂ ਜੇਤੂ ਪਹਿਲਵਾਨਾਂ ਦਾ ਨਕਦ ਰਾਸ਼ੀ ਨਾਲ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਬ ਡਵੀਜ਼ਨ ਪਾਤੜਾਂ ਦੇ ਪਿੰਡ ਬਕਰਾਹਾ ਵਿਖੇ ਗੁੱਗੇ ਦੇ ਮੇਲੇ 'ਤੇ ਪੰਜਾਬ ਦੀ ਰਵਾਇਤੀ ਖੇਡ ਕੁਸ਼ਤੀ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਝੰਡੀ ਦੀ ਕੁਸ਼ਤੀ ਦੇ ਜੇਤੂ ਭਲਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਆਪਣੇ ਸਾਥੀਆਂ ਸਮੇਤ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਪ੍ਰਿੰਸੀਪਲ ਨਿਧਾਨ ਸਿੰਘ ਜੈਖ਼ਰ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਤੇ ਡਾਕਟਰ ਜੁਝਾਰ ਸਿੰਘ ਮੱਲ੍ਹੀ ਨੇ ਦੱਸਿਆ ਕਿ ਜਗਮੀਤ ਸਿੰਘ ਹਰਿਆਊ ਨੂੰ ਪਟਿਆਲੇ ਜ਼ਿਲ੍ਹੇ ਦੀ ਪ੍ਰਧਾਨਗੀ ਦੀ ਵੱਡੀ ਜ਼ਿੰਮੇਵਾਰੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਦਿੱਤੀ ਹੈ, ਜਿਸ ਨੂੰ ਕਿ ਉਹ ਬਾਖੂਬੀ ਨਿਭਾਅ ਰਹੇ ਹਨ।ਕੁਸ਼ਤੀ ਦੰਗਲ ਦੇ ਅਖੀਰ ਵਿੱਚ ਜਗਮੀਤ ਸਿੰਘ ਹਰਿਆਊ ਨੇ ਝੰਡੀ ਦੀ ਕੁਸ਼ਤੀ ਜੇਤੂ ਭਲਵਾਨਾਂ ਨੂੰ ਗਿਆਰਾਂ-ਗਿਆਰਾਂ ਹਜ਼ਾਰ ਰੁਪਏ ਨਗਦ ਦੇ ਕੇ ਸਨਮਾਨਤ ਕਰਨ ਉਪਰੰਤ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਤੇ ਸਾਡੇ ਸੱਭਿਆਚਾਰ ਦੀ ਸੰਭਾਲ ਲਈ ਅਜਿਹੇ ਕੁਸ਼ਤੀ ਅਖਾੜੇ ਲੱਗਣੇ ਚਾਹੀਦੇ ਹਨ।ਇਹ ਸਾਡੀ ਅਮੀਰ ਵਿਰਾਸਤ ਦਾ ਇੱਕ ਹਿੱਸਾ ਹਨ।ਇਸ ਸਮੇਂ ਭੁਪਿੰਦਰ ਸਿੰਘ ਸੰਧੂ, ਸੁਬੇਗ ਸਿੰਘ, ਸੁਰਿੰਦਰ ਸਿੰਘ, ਰਜਵੰਤ ਸਿੰਘ, ਗੁਰਦੀਪ ਸਿੰਘ, ਮਹਾਵੀਰ ਸਿੰਘ, ਹਰਮੀਤ ਸਿੰਘ, ਗੁਰਭੇਜ ਸਿੰਘ, ਸੋਹਣ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ ਸੁਖਵਿੰਦਰ ਸਿੰਘ ਫੌਜੀ ਆਦਿ ਹਾਜ਼ਰ ਸਨ।




## Change of Name

I Neeru Bala, wife of Vishal Sharma, village Hajipur, Tehsil Mukerian, District Hoshiarpur My daughter's name is Salesity Bhanot. I have changed my daughter's name from Salesity Bhanot to Celesty Sharma.

I, Bachan Kaur alias Jasvir Kaur w/o Mukhtiar Singh Brar R/o VPO. Rode, Baghapurana, Distt. Moga declare that both names are mine. (B)

I, Bhupinder Kaur Dhaliwal W/o Khushpreet Singh R/o 167, Near Dhillon Dharamsala Burj Hamira. PO. Gaziana, Distt. Moga have changed my name from Bhupinder Kaur Dhaliwal to Bhupinder Kaur. (B)

I, Baljit Kaur W/o Sandeep Singh R/o VPO Sahdra, Teh. Balachaur, Distt. SBS Nagar, Punjab Have Changed My Name to Kaur Baljit. All please note.

I, Davinder Kaur W/o Sarbjit Singh R/o Ramdas (Rural), Village Bagwanpura, Amritsar, Punjab-143603 have changed my name from Davindwer Kaur to Dawinder Kaur.

I, Karmjeet Singh S/o Narain Singh R/o 16, Gali No.3, New Azad Nagar Sultanwind Road Amritsar have changed my name to Karamjit Singh

I, Sukhpreet Singh S/o Karmjeet Singh R/o H.No.16, Gali No.3, New Azad Nagar Sultanwind Road Amritsar have changed my name from Sukhpreet Singh to Given name Sukhpreet Surname Singh

I, Gurjeet Kaur W/o Amarjit Singh R/o H.No.225, Gali No.9, Kot Atma Ram, Sultanwind Road, Amritsar have changed my name from Gurjeet Kaur to Gurjit Kaur

I, Jaskaran Singh S/o Sukhwinder Singh R/o VPO Loharka Kalan District Amritsar have declare that Jaskaran is my Given name and Singh is my Surname

I, Pooja Anand D/o Vinod Kumar W/o Sushil Kumar Sharma R/o 1427/D5, 8, Bohri Sahib Road, Beant Singh Bhatha, Amar Avenue, Guru Nanak Pura, Amritsar have changed my name from Pooja Anand to Pooja Sharma

I, Paras Sharma S/o Rajiv Sharma R/o H.No.2022, Gali No 8, Sharifpura, Amritsar 143001, Punjab have declare that Paras is my Given name and Rajiv Sharmma is my Surname

I, Kawaljit Kaur W/o Kuldeep Singh R/o VPO Harsha Chhine Ucha Qila Tehsil Ajnala District Amritsar have changed my name from Kawaljeet Kaur to Kawaljit Kaur

I, Gurpreet Singh S/o Rashpal Singh R/o Madar Mathra Bhagi, PO Khalra, District Tarn Taran have declare that Gurpreet is my Given name and Singh is my Surname

I, Charnjit Kaur W/o Kirpal Singh R/o Wan Tara Singh Wan Khalra Tarn Taran have changed my name from Charnjit Kaur to Charanjit Kaur

I, Sulakhan Kumar Bhalla S/o Ramji Dass Bhalla R/o 95-A, Joshi Colony, Amritsar have changed my name from Sulakhan Kumar Bhalla to Sulakhan Kumar,

I Gurpreet s/o Ajit Singh R/o VPO Jaitewali, Jalandhar-144025, Punjab, have changed my name from Gurpreet to Gurpreet Singh, in which given name Gurpreet and Singh is my surname. All concerned please note.

I, Parmjit Lal S/o Gurdev R/o Village Kutbewal, P.O. Goraya, Tehsil Phillaur, Distt. Jalandhar, Punjab-144409, India have changed my name from Parmjit Lal to Paramjit Lal. All concerned please note.

I, Ruhi Sohpaul D/o Amarjeet Sohpaul R/o H.No. C-161, Dhadda PO. Hazara, Jalandhar Rural Pin-144025, Punjab, India have changed my name from Ruhi to Ruhi Sohpaul. Ruhi as a Given Name , Sohpaul as a Surname. All concerned please note.

I, Praveen W/O Anil Kumar R/O H.No 680, Kapurthala Road Jalandhar Kunj, Jalandhar -144012, Have Changed My Name From Praveen To Praveen Virdi. All Concerned Please Note.

Surjit kaur w/o Mohan Singh R/o Village Pipli Po Punian Tehsil Shahkot District jalandhar (PB) India. I have changed my name Surjit kaur to Surjeet Kaur. Please note.

I, Sarbjit Singh s/o Munsha Singh r/o VPO. Badala Mahi, Distt. Hoshiarpur, Punjab have changed the spellings of my name as Saravjeet Singh. All Please Note.

I, Harjinder Kaur Alias Rajni w/o Satnam Singh r/o Village Mehmadpur, Po. Adampur, Distt. Jalandhar have changed my name as Harjinder Kaur. All Please Note.

I, Parmjit w/o Sikander Rai r/o H.No. 312/12, Kaki Pind, Po. Dakoha, Distt. Jalandhar have changed my name from Parmjit to Paramjit Kaur. All Please Note.

I, Sikander s/o Balwant Rai r/o H.No. 312/12, Kaki Pind, Po. Dakoha, Distt. Jalandhar have changed my name from Sikander to Sikander Rai. All Please Note.

I, Ashok Kumar s/o Baldev Raj r/o Vill. Khalwara, Po. Pandori, Tehsil Phagwara, Kapurthala have changed my name to Given name as Ashok & Surname as Kumar. All Please Note.

I, Sushil Kumar s/o Bahadur Singh r/o Mohalla Tambako Kuta, Mehli Gate, Phagwara, Distt. Kapurthala, Punjab-144401 declare that my given name as Sushil & Surname as Kumar. All Please Note.

I, Rohit Kumar S/o Harbans Lal R/o H.No. 138/18, Dilbagh Nagar, Basti Guzan, Jalandhar have changed my name to Given name as Rohit & Surname as Kumar. All Please Note.

I, Deepak S/o Baldev Singh R/o H.No. 963/B, Basti Mithu, Jalandhar, Punjab have changed my name from Deepak to Deepak Singh (Surname as Singh) All Please Note.

## ਬੇਦਖ਼ਲੀ ਨੋਟਿਸ

ਮੈਂ, ਸਤਨਾਮ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਜੰਡ, ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਤੇ ਇਸਦੀ ਪਤਨੀ ਪਰਮਜਿੰਦਰ ਕੌਰ ਇਹਨਾਂ ਦੀ ਲੜਕੀ ਅਮਨੀਤ ਕੌਰ ਤਿੰਨੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ, ਨੂੰਹ ਤੇ ਪੋਤਰੀ ਤਿੰਨਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਨਰਿੰਦਰਜੀਤ ਕੌਰ ਪਤਨੀ ਲੇਟ ਗੁਲਜ਼ਾਰ ਸਿੰਘ ਵਾਸੀ ਮਕਾਨ ਨੰ. 4/1416, ਗਲੀ ਨੰ. 1, ਰੇਲਵੇ ਫਾਟਕ, ਨਿਊ ਸੰਤ ਨਗਰ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਮੇਰੀ ਨੂੰਹ ਅਮਨਦੀਪ ਕੌਰ ਅਤੇ ਇਹਨਾਂ ਦਾ ਲੜਕਾ ਜਸ਼ਨਪ੍ਰੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਇਹ ਹੈ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਮੇਰੀ ਨੂੰਹ ਅਮਨਦੀਪ ਕੌਰ ਅਤੇ ਇਹਨਾਂ ਦਾ ਲੜਕਾ ਅਸ਼ਮਨਪ੍ਰੀਤ ਸਿੰਘ ਨੂੰ ਮੈਂ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹਨਾਂ ਨਾਲ ਸਾਡੇ ਪਰਿਵਾਰ ਦਾ ਕੋਈ ਤਅਲੁਕ ਵਾਸਤਾ ਨਹੀਂ ਹੋਵੇਗਾ। ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਸ਼੍ਰੀਮਤੀ ਬਲਵਿੰਦਰ ਕੌਰ ਪਤਨੀ ਸਵ. ਜਗੀਰ ਸਿੰਘ ਪਿੰਡ ਲਹਿਰਕਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਪਾਲ ਸਿੰਘ ਅਤੇ ਉਸਦੀ ਪਤਨੀ ਅਤੇ ਬੱਚੇ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੀ ਕੋਈ ਗੱਲ ਨਹੀਂ ਸੁਣਦੇ ਅਤੇ ਮੇਰੇ ਨਾਲ ਮਾੜਾ ਵਰਤਾਓ ਕਰਦੇ ਹਨ। ਮੈਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਜੇਕਰ ਕਿਸੇ ਵੀ ਵਿਅਕਤੀ ਨੇ ਇਹਨਾਂ ਨਾਲ ਲੈਣ ਦੇਣ ਕੀਤਾ ਤੇ ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਅਲੁਕ ਵਾਸਤਾ ਨਹੀਂ ਹੈ।

ਮੈਂ, ਮਨਜਿੰਦਰ ਕੌਰ ਪਤਨੀ ਹਰਨੇਕ ਸਿੰਘ ਵਾਸੀ ਵਾਰਡ ਨੰ:18 ਪੱਟੀ, ਤਹਿਸੀਲ ਪੱਟੀ ਜ਼ਿਲਾ ਤਰਨਤਾਰਨ ਦੀ ਰਹਿਣ ਵਾਲੀ ਹਾਂ। ਮੇਰਾ ਲੜਕਾ ਸਿਮਰਨਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਕੁਲਦੀਪ ਸਿੰਘ ਪੁੱਤਰ ਰਘਬੀਰ ਸਿੰਘ ਅਤੇ ਤ੍ਰਿਪਤਾ ਦੇਵੀ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਨਪਵਾਲ ਡਾਕਖਾਨਾ ਕੋਟਭੱਟੀਆਂ ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਰਾਹੁਲ ਸਿੰਘ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ, ਨੂੰ ਅਸੀਂ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਅਸੀਂ ਅਤੇ ਸਾਡਾ ਪਰਿਵਾਰ ਇਸਦੇ ਕਿਸੇ ਵੀ ਕੰਮ ਲਈ ਜ਼ਿੰਮੇਵਾਰ ਨਹੀਂ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਮੇਜ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਤਰਪਾਲਾ ਤਹਿਸੀਲ ਡੇਰਾ ਬਾਬਾ ਨਾਨਕ ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਰਜਵੰਤ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਹ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋਂ ਬਾਹਰ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਤਪਾਲ ਸਿੰਘ ਪੁੱਤਰ ਸ੍ਰ. ਬਲਵੰਤ ਸਿੰਘ ਵਾਸੀ ਪਿੰਡ ਖਾਨਕੋਟ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਮਨਪ੍ਰੀਤ ਕੌਰ (21 ਸਾਲ) ਜੋ ਕਿ ਮੇਰੇ ਕਹਿਣੇ-ਸੁਣਨੇ ਤੋਂ ਬਾਹਰ ਹੈ ਅਤੇ ਉਸਨੇ ਆਪਣੀ ਮਰਜ਼ੀ ਨਾਲ ਸ਼ਾਦੀ ਕਰ ਲਈ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦੀ ਹੈ। ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤਮਾਮ ਕੰਮਾਂ ਤੋਂ ਬੇਦਖ਼ਲ ਕਰਦਾ ਹਾਂ। ਜੇਕਰ ਕੋਈ ਉਸਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਕਰੇਗਾ, ਉਸ ਦੇ ਮੈਂ ਤੇ ਮੇਰਾ ਪਰਿਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਇਸ ਦੇ ਜ਼ਿੰਮੇਵਾਰ ਉਹ ਖੁਦ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਕੋਈ ਤਅਲੁਕ ਵਾਸਤਾ ਨਹੀਂ ਹੋਵੇਗਾ।

ਮੈਂ, ਸੁਖਵਿੰਦਰ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਲੁਧਿਆਣਾ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਜਸਵਿੰਦਰ ਕੌਰ ਅਤੇ ਮੇਰਾ ਲੜਕਾ ਹੈ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੀ ਮਰਜ਼ੀ ਤੋਂ ਬਿਨਾਂ ਰਹਿ ਰਹੇ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਹਰ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਕੁਲਦੀਪ ਸਿੰਘ ਪੁੱਤਰ ਗਿਆਨ ਸਿੰਘ ਅਤੇ ਰਾਜ ਦੇਵੀ ਪਤਨੀ ਕੁਲਦੀਪ ਸਿੰਘ ਵਾਸੀ ਗਲੀ ਨੰ. 1, ਰੋਜ਼ ਨਗਰ, ਕੋਟ ਖਾਲਸਾ, ਅੰਮ੍ਰਿਤਸਰ, ਸ਼ਹਿਰ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਮਨ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਇਸ ਲਈ ਅਸੀਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਬਿਕਰਮ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਸੈਦੋਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸੁਰਜੀਤ ਕੌਰ ਪਤਨੀ ਸਵ. ਰਾਮ ਲਾਲ ਵਾਸੀ ਪਿੰਡ ਸ਼ਹਾਬੂਦੀਨ, ਤਹਿਸੀਲ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਵੀਰ ਸਿੰਘ ਅਤੇ ਇਸਦੀ ਪਤਨੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸਰਬਜੀਤ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਮਕਾਨ ਨੰ. 1471, ਗਲੀ ਨੰ: 9, ਮੰਨ ਬਾਜ਼ਾਰ, ਥਾਣਾ ਰਾਮਾਨੰਦ ਬਾਗ਼, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਗੁਰਪ੍ਰੀਤ ਸਿੰਘ, ਇਸ ਦੀ ਪਤਨੀ ਜਸਪ੍ਰੀਤ ਕੌਰ ਅਤੇ ਉਨ੍ਹਾਂ ਦੇ ਲੜਕੇ ਖੁਸ਼ਪ੍ਰੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਮੈਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਬਲਦੇਵ ਸਿੰਘ ਪੁੱਤਰ ਮਹਿੰਦਰ ਸਿੰਘ ਅਤੇ ਅਰਜਿੰਦਰ ਕੌਰ ਪਤਨੀ ਬਲਦੇਵ ਸਿੰਘ ਵਾਸੀ ਮਕਾਨ ਨੰਬਰ 186/176, ਤੁੰਗ ਬਾਲਾ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਕਰਮਬੀਰ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੇ ਪਰਿਵਾਰ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਹੋਵੇਗਾ।

ਮੈਂ, ਕਾਬਲ ਸਿੰਘ ਪੁੱਤਰ ਕਰਮ ਸਿੰਘ ਵਾਸੀ ਵੀਰਵਾ ਕਾਲੋਨੀ, ਤਾਰਾ ਤੀਰਥ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਅਤੇ ਗੁਰਦੇਵ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ, ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਜਵਿੰਦਰ ਕੌਰ ਪਤਨੀ ਨਿਰਮਲ ਸਿੰਘ ਵਾਸੀ ਮਕਾਨ ਨੰ: 4034, ਪਾਲਮ ਵਿਹਾਰ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਰਵਿੰਦਰ ਸਿੰਘ ਉਰਫ ਨੰਨੂ ਜਿਸ ਨੂੰ ਮੈਂ ਪਹਿਲਾਂ ਬੇਦਖ਼ਲ ਕਰ ਚੁੱਕੀ ਹਾਂ ਤੇ ਹੁਣ ਮੇਰੀ ਨੂੰਹ ਅਮਨਦੀਪ ਕੌਰ ਪਤਨੀ ਰਵਿੰਦਰ ਸਿੰਘ ਉਰਫ ਨੰਨੂ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਲੜਾਈ-ਝਗੜਾ ਕਰਦੀ ਹੈ, ਇਸ ਲਈ ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਜਿੰਦਰ ਕੌਰ ਪੁੱਤਰੀ ਸਵਰਨ ਸਿੰਘ ਵਾਸੀ ਪਤਨੀ ਦਿਲਬਾਗ ਸਿੰਘ ਵਾਸੀ ਮਕਾਨ ਨੰ: 367/5, ਫਿਰੋਜ਼ਪੁਰ ਰੋਡ, ਸਾਹਮਣੇ ਵਿਰਕਾ ਪੈਲੇਸ, ਸ੍ਰੀਹਿੰਦਪੁਰਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਜਿੰਦਰ ਸਿੰਘ ਸ਼ੈਨਾ ਕੌਰ ਅਤੇ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮਾੜਾ ਵਰਤਾਓ ਕਰਦੇ ਹਨ। ਮੈਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹਨਾਂ ਦੇ ਕੀਤੇ ਕੰਮਾਂ ਦਾ ਮੈਂ ਜ਼ਿੰਮੇਵਾਰ ਨਹੀਂ ਹੋਵਾਂਗੀ।

ਮੈਂ, ਰਣਜੀਤ ਕੌਰ ਪਤਨੀ ਬਲਜੀਤ ਸਿੰਘ ਵਾਸੀ ਮਕਾਨ ਨੰ. 7, ਜੀਜਿੰਦਰ ਨਗਰ, ਨੇੜੇ ਅਰਜਨ ਦੇਵ ਗੁਰਦੁਆਰਾ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਨੀਲਮ ਰਾਣੀ ਪਤਨੀ ਰਮੇਸ਼ ਕੁਮਾਰ ਵਾਸੀ ਮਕਾਨ ਨੰ. 7, ਜੀਜਿੰਦਰ ਨਗਰ, ਨੇੜੇ ਅਰਜਨ ਦੇਵ ਗੁਰਦੁਆਰਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਹਿਲ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਸਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਪਰਿਵਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ।

## ਬੇਦਖ਼ਲੀ ਨੋਟਿਸ

ਮੈਂ, ਰਾਮ ਲੁਭਾਇਆ ਪੁੱਤਰ ਗਿਆਨ ਚੰਦ ਵਾਸੀ ਮਕਾਨ ਨੰ: 1761, ਭਾਰਗੋ ਕੈਂਪ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਨੀਲ ਕੁਮਾਰ ਵਾ ਉਸਦੀ ਪਤਨੀ ਸ਼ਾਲੂ ਵਾ ਇਨ੍ਹਾਂ ਦੇ ਬੱਚੇ ਰੋਹਿਤ ਅਤੇ ਵਵਿਸ਼ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪਰਮਜਿੰਦਰ ਕੁਮਾਰ ਪੁੱਤਰ ਸਾਧੂ ਰਾਮ ਵਾਸੀ 13/7, ਭਾਰਗੋ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਕੁਮਾਰ ਅਤੇ ਨੂੰਹ ਰਿਮਪ ਜੋ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਵਿੰਦਰ ਸਿੰਘ ਪੁੱਤਰ ਸ੍ਰੀ ਹਰਭਜਨ ਸਿੰਘ ਵਾਸੀ ਪਿੰਡ ਦੇਸਲ ਡਾ: ਸਿਰਲਾਬਾਦ, ਤਹਿਸੀਲ ਤੇ ਜ਼ਿਲ੍ਹਾ ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਭੁਪਿੰਦਰ ਸਿੰਘ ਵਾ ਉਸਦੀ ਪਤਨੀ ਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮਮਤਾ ਪਤਨੀ ਸੰਨੀ ਵਾਸੀ ਗਾਂਧੀ ਨਗਰ ਕੈਂਪ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸ਼ਨ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਅਲਕ ਵਾਸਤਾ ਨਹੀਂ ਰਿਹਾ।

ਮੈਂ, ਗੁਰਿੰਦਰ ਕੌਰ ਪਤਨੀ ਸ੍ਰੀ ਗੁਰਾ ਸਿੰਘ ਵਾਸੀ ਮੱਲੀ ਮਾਰਕਿਟ, ਮੁੱਹਲਾ ਸੁਖਪੁਰਾ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਨਿਸ਼ਾਨ ਸਿੰਘ ਅਤੇ ਨੂੰਹ ਸਰਬਜੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਅਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਅਸੀਂ, ਕਸ਼ਮੀਰ ਸਿੰਘ ਪੁੱਤਰ ਕਰਮਜੀਤ ਸਿੰਘ ਵਾ ਮੀਨੂ ਦੇਵੀ ਪਤਨੀ ਕਸ਼ਮੀਰ ਸਿੰਘ ਵਾਸੀ ਪਿੰਡ ਘੁੱਕਾਂਵਾਲੀ, ਡਾਕਖਾਨਾ ਬਹਿਰਾਮਪੁਰ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਸਾਡਾ ਲੜਕਾ ਅਰਜੁਨ ਸਿੰਘ ਸਰਨਾਂਵਾ ਅਤੇ ਇਸ ਦੀ ਪਤਨੀ ਪ੍ਰੀਤੀ, ਜੋ ਸਾਡੇ ਕਹਿਣੇ ਤੋਂ ਬਾਹਰ ਹਨ, ਨੂੰ ਅਸੀਂ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

## ਆਮ ਸੂਚਨਾ

ਟ੍ਰਿਊਬੈਲ ਕੁਨੈਕਸ਼ਨ ਖਾਤਾ ਨੰ H14AP020683 ਜੋ ਕਿ ਸ੍ਰੀ ਲੋਕ ਸਿੰਘ ਪੁੱਤਰ ਸ੍ਰੀ ਮੇਹਰ ਸਿੰਘ ਵਾਸੀ ਪਿੰਡ ਬਰਬਾਪੁਰ ਦੇ ਨਾਮ ਚਲ ਰਿਹਾ ਹੈ, ਇਸ ਕੁਨੈਕਸ਼ਨ ਦਾ ਨਾਮ ਬਦਲ ਕੇ ਮੇਰੇ ਗੁਰਦੀਪ ਸਿੰਘ ਪੁੱਤਰ ਸ੍ਰੀ ਲੋਕ ਸਿੰਘ ਦੇ ਨਾਮ ਚੜ੍ਹ ਰਿਹਾ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਬਿਜਲੀ ਦਫਤਰ ਵਿਖੇ 15 ਦਿਨਾਂ ਅੰਦਰ ਸੰਪਰਕ ਕਰ ਸਕਦਾ ਹੈ।

ਮੈਂ ਜਸਬੀਰ ਕੌਰ ਪਤਨੀ ਸ੍ਰ. ਗੁਰਪਾਲ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਡ ਮੁਸੇ ਤਹਿਸੀਲ ਤੇ ਜ਼ਿਲਾ ਤਰਨ ਤਾਰਨ ਇਹ ਬਿਆਨ ਕਰਦੀ ਹਾਂ ਕਿ ਮੇਰੇ ਪਤੀ ਦੇ ਨਾਮ ਤੇ ਇਕ 12.5 ਹਾਰਸ ਪਾਵਰ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏ ਪੀ 12/2199 ਚਾਲਿਆ ਕਲਾਂ ਪਿੰਡ ਮੂਸੇ ਦੀ ਜ਼ਮੀਨ ਵਿੱਚ ਚੱਲ ਰਿਹਾ ਹੈ।ਇਹ ਉਪਰੋਕਤ ਟਿਊਬਵੈੱਲ ਕੁਨੈਕਸ਼ਨ ਮਨਿਤ ਸਰਵਿੰਦਰ ਸਿੰਘ, ਲਖਬੀਰ ਸਿੰਘ ਪੁੱਤਰਾਨ ਹਰਦਿਆਲ ਸਿੰਘ ਵਾਸੀਅਨ ਪਿੰਡ ਮੂਸੇ ਕਲਾਂ ਨਾਲ ਵਾਲੀ ਭਾਈਲ ਫੈਡ ਗੁਰੂ ਨਾਨਕ ਨਗਰ ਤਰਨਤਾਰਨ ਤਹਿਸੀਲ ਅੰਮ੍ਰਿਤਸਰ ਦੇ ਨਾਮ ਉਪਰ ਟਰਾਂਸਫਰ ਕਰ ਦਿੱਤਾ ਜਾਵੇ ਜਿਸ ਵਿੱਚ ਮੈਨੂੰ ਅਤੇ ਮੇਰੇ ਪਰਿਵਾਰ ਨੂੰ ਕੋਈ ਇਤਰਾਜ਼ ਨਹੀਂ ਹੈ। ਜੇਕਰ ਕਿਸੇ ਕਿਸਮ ਕੋਈ ਇਤਰਾਜ਼ ਹੋਵੇ ਤਾਂ ਉਪਰੋਕਤ ਟਿਊਬਵੈੱਲ ਕੁਨੈਕਸ਼ਨ ਦਾ ਕਿਸੇ ਪ੍ਰਕਾਰ ਦਾ ਕੋਈ ਝਗੜਾ ਹੋਇਆ ਤਾਂ ਉਸਦੀ ਨਿਕਲਨ ਆਵੇ ਤਾਂ ਮੇਰੀ ਦੇਣ ਦੀ ਜ਼ਿੰਮੇਵਾਰੀ ਹੋਵੇਗੀ।

## ਨਾਂਅ ਦੀ ਬਦਲੀ

ਮੈਂ, ਮਤਾਬ ਸਿੰਘ ਪੁੱਤਰ ਜੀਤ ਸਿੰਘ ਵਾਸੀ ਚੈਨਾ ਪੱਤੀ ਤਖਤੂਪੁਰਾ, ਜ਼ਿਲ੍ਹਾ ਮੋਗਾ ਨੇ ਆਪਣਾ ਨਾਮ ਬਦਲ ਕੇ ਮਤਾਬ ਸਿੰਘ ਚਾਲਵਾਂਲ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਬੀ)

ਮੈਂ ਗਗਨਦੀਪ ਸਿੰਘ ਪੁੱਤਰ ਜਤਿੰਦਰ ਸਿੰਘ ਪਿੰਡ ਅਜ਼ਾਦੂਕ ਡਾਕਖਾਨਾ ਕਰਿਆਨਾ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈ ਆਪਣਾ ਨਾਮ ਗਗਨਦੀਪ ਸਿੰਘ ਤੋਂ ਬਦਲ ਕੇ ਗਗਨਦੀਪ ਸਿੰਘ ਗਿੱਲ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਕੁਲਤਾਰ ਕੌਰ ਪਤਨੀ ਸਵ. ਸ੍ਰੀ ਜੀ. ਟੀ. ਰੋਡ, ਨੇੜੇ ਫੌਜੀ ਕਲੋਨੀ ਸਟੇਸ਼ਨ ਪਿੰਡ ਦੋਬੁਰਜੀ ਲੁਹਾਰਾ, ਜ਼ਿਲ੍ਹਾ ਅੰਮ੍ਰਿਤਸਰ ਨੇ ਆਪਣਾ ਨਾਂਅ ਕੁਲਤਾਰ ਕੌਰ ਤੋਂ ਬਦਲ ਕੇ ਪ੍ਰਿਤਪਾਲ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਬਚਨ ਕੌਰ ਪੁੱਤਰੀ ਜਸਵੀਰ ਕੌਰ ਪਤਨੀ ਮੁਖਤਿਆਰ ਸਿੰਘ ਬਰਾੜ ਵਾਸੀ ਪਿੰਡ ਰੋਡੇ, ਤਹਿਸੀਲ ਬਾਘਾਪੁਰਾਣਾ, ਜ਼ਿਲ੍ਹਾ ਮੋਗਾ ਨੇ ਬਿਆਨ ਕਰਦੀ ਹਾਂ ਕਿ ਮੇਰੇ ਦੋਵੇਂ ਨਾਵਾਂ ਬਚਨ ਕੌਰ ਅਤੇ ਜਸਵੀਰ ਕੌਰ ਮੇਰੇ ਹੀ ਨਾਂਅ ਹਨ। ਸੰਬੰਧਤ ਨੋਟ ਕਰਨ।

ਮੈਂ, ਤਿਰਲੋਚਨ ਕੁਮਾਰ ਸਿੰਘ ਪੁੱਤਰ ਸਤਨਾਮ ਸ਼ਰਮਾ ਵਾਸੀ ਮਕਾਨ ਨੰ. 206, ਜੀਜਾਮੱਲ ਐਵੇਨਿਊ, ਜਲੰਧਰ ਨੇ ਆਪਣਾ ਨਾਮ ਤਿਰਲੋਕੀ ਨੂੰ ਤੋਂ ਬਦਲ ਕੇ ਤਿਰਲੋਕੀ ਸ਼ਰਮਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## REQUIREMENT

ਦੀ ਅੰਮ੍ਰਿਤਸਰ ਡਿਸਟ੍ਰਿਕਟ ਕੋਆਪਰੇਟਿਵ ਯੂਨੀਅਨ ਲਿਮਟਿਡ, ਅੰਮ੍ਰਿਤਸਰ ਨੂੰ ਕਲਰਕ ਕਮ ਕੰਪਿਊਟਰ ਆਪਰੇਟਰ ਦੀ ਲੋੜ ਹੈ। ਯੋਗਤਾ ਬੀ.ਏ. ਪਾਸ। ਐਪਲੀਕੇਸ਼ਨ ਮਿਤੀ 05/09/2025 ਤੱਕ ਸਾਡੇ ਦਫਤਰ ਪਹੁੰਚਾਈਆਂ ਜਾਣ।

ਅਡਰੈਸ :- ਦੀ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ ਬਿਲਡਿੰਗ, ਅੰਦਰੂਨ ਹਾਲ ਗੇਟ, ਅੰਮ੍ਰਿਤਸਰ।

## ਪਬਲਿਕ ਨੋਟਿਸ

ਮੈਂ ਗੁਰਮੁੱਖ ਸਿੰਘ ਪੁੱਤਰ ਸ. ਉਜਾਗਰ ਸਿੰਘ ਵਾਸੀ ਨਿੱਕੀ ਕੋਠੀ, ਪੱਟੀ, ਤਰਨ ਤਾਰਨ ਹਾਲ ਵਾਸੀ 7-ਬੀ, ਅਜੀਤ ਨਗਰ ਕਾਲੋਨੀ, ਕੋਟ ਰੋਡ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੈਂ ਮਿਤੀ 17/07/2025 ਨੂੰ ਆਪਣੇ ਘਰ ਤੋਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਰਸਤੇ ਜਾ ਰਿਹਾ ਸੀ ਤਾਂ ਰਸਤੇ ਵਿੱਚ ਮੇਰੇ ਪਾਸੋਂ ਦੇ ਪਿਛਲੇ ਕਾਗਜ਼ਾਤ ਗਿਰ ਗਏ... [illegible]

(remainder of this notice — a long listing of lost registered sale deeds, wasika numbers, khasra numbers and registration details at Amritsar — is printed in very small type and could not be reliably read)



## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਇਸ਼ਤਿਹਾਰ ਦੇਣ ਵਾਲਿਆਂ ਦੀ ਹੁੰਦੀ ਹੈ। ਸਾਡਾ ਅਖ਼ਬਾਰ ਇਹਨਾਂ ਨੂੰ ਕਿਸੇ ਤਰ੍ਹਾਂ ਵੀ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਸ਼ਤਿਹਾਰਾਂ 'ਤੇ ਕਾਰਵਾਈ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## COURT NOTICE

(U/o 5 Rule 20 CPC)
In The Court of
Sh. Arjun Singh Sandhu
Civil Judge (Junior Division)-8, Jalandhar
CS/1809/2025 D.O.I 01/07/2025
CNR No. PBJL02-002809-2025
Next Date:- 19-09-2025
Madan Lal
Vs. Union Of India
Publication Issued To:
1. Union Of India Through Its Secretary Government Of India Ministry Of External Affairs Cpv Division Patiala House Gate New Delhi 110001, 2. The Passport Officer Regional Passport Office Jalandhar.

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 19-09-2025 at 10:00 a.m.

For details logon to https://highcourtchd.gov.in/?trs=district_notice&district=Jalandhar

Civil Judge (Junior Division)-8 Jalandhar

Dated, this day of 14-08-2025

## COURT NOTICE

(U/o 5 Rule 20 CPC)
In The Court of
Sh. Deepak Kumar Choudhary
Principal Judge (FC), Barnala
CNR No. PBBR01-001823-2025
Next Date:- 24-09-2025
Jasvir Kaur
Vs.
Pritpal Singh
Publication Issued To:
Pritpal Singh
Father: Harbhajan Singh
Tarn Taran Road Near Bhaiya Property Dealer New Kot Mit Singh Amritsar, Distt. Amritsar 7355973571

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 24-09-2025 at 10:00 a.m.

For details logon to https://highcourtchd.gov.in/?mod=district_notice&district=mogacourt

Principal Judge (FC) Barnala

Dated, this day of 20-08-2025

## COURT NOTICE

(U/o 5 Rule 20 CPC)
In The Court of
Sh. Tanishth Goyal
Civil Judge Junior Division -1 Nabha
CNR No. PBPTB0-000959-2024
Next Date:- 12-11-2025
Ramesh Aggarwal
Vs.
Gian Chand

The Plaintiff prays for permanent Injunction against Defendant restraining them/him from illegally and forcibly dispossessing the plaintiff or cause any type of interference of damage.

Publication Issued To:
Gian Chand
Father : Babu Ram
Gian Niwas Aggarwals Kothi No. 423, Sector 21, Panchkula, Haryana

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 12-11-2025 at 10:00 a.m.

For details logon to https://highcourtchd.gov.in/?mod=distric_notice&district=patiala

Civil Judge Junior Division - 1 Nabha

Dated this day of 19-08-2025

## COURT NOTICE

(U/o 5 Rule 20 CPC)
In The Court of Sh. Deepak Kumar Choudhary
Principal Judge (FC), Barnala
CNR No. PBBR01-003362-2025
Next Date: 24-09-2025
Gurdev Singh
Vs
Sona Rani
Publication Issued To:
General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-09-2025 at 10:00 a.m.

For details logon to https://highcourtchd.gov.in/?mod=district_notice&district=mogacourt

Principal Judge (FC) Barnala

Dated, this day of 20-08-2025

## COURT NOTICE

(U/o 5 Rule 20 CPC)
In The Court of
Sh. Deepak Kumar Choudhary
Principal Judge (FC), Barnala
CNR No. PBBR01-003005-2025
Next Date:- 29-08-2025
Rupinder Singh Ghataura
Vs.
General Public
Publication Issued To:
General Public
:- Barnala

In above titled case, the defendant(s)/respondent(s) could not be served. It is ordered that defendant(s)/respondent (s) should appear in person or through counsel on 29-08-2025 at 10:00 a.m.

For details logon to https://highcourtchd.gov.in/?mod=district_notice&district=mogacourt

Principal Judge (FC) Barnala

Dated this day of 20-08-2025

# ਸਿਹਤ ਵਿਭਾਗ ਦੀਆਂ ਜਥੇਬੰਦੀਆਂ ਵੱਲੋਂ ਐੱਮ ਐਪ ਨੂੰ ਲਾਗੂ ਕਰਨ ਦੀ ਕਾਰਵਾਈ ਦਾ ਸਖ਼ਤ ਵਿਰੋਧ

ਬਲਾਚੌਰ (ਜਸਵਿੰਦਰ ਬੈਂਸ) ਸੂਬਾ ਪੱਧਰ 'ਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਸਿਹਤ ਵਿਭਾਗ ਦੇ ਸਮੁੱਚੇ ਮੁਲਾਜਮ ਵਰਗ ਨੂੰ ਐੱਮ ਐਪ ਦੀ ਲਾਜ਼ਮੀ ਵਰਤੋਂ ਖਿਲਾਫ਼ ਆਪਣਾ ਵਿਰੋਧ ਦਰਜ ਕਰਵਾਇਆ ਹੈ। ਇਸ ਸੰਬੰਧੀ ਵਿਭਾਗ ਦੀਆ ਵੱਖ ਵੱਖ ਜਥੇਬੰਦੀਆਂ, ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਫੀਮੇਲ ਯੂਨੀਅਨ ਪੰਜਾਬ, ਪੈਰਾ ਮੈਡੀਕਲ ਅਤੇ ਸਿਹਤ ਕਰਮਚਾਰੀ ਯੂਨੀਅਨ ਪੰਜਾਬ, ਏ ਐਨ ਐਮ ਐਲ ਐਚ ਵੀ ਯੂਨੀਅਨ ਪੰਜਾਬ, ਏ ਐਮ ਓ ਐਸੋਸੀਏਸ਼ਨ ਪੰਜਾਬ ਦੇ ਆਗੂਆ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ, ਕਨਵੀਨਰ ਹਰਵਿੰਦਰ ਸਿੰਘ ਛੀਨਾ, ਕਨਵੀਨਰ ਮਨਜੀਤ ਕੌਰ ਬਾਜਵਾ, ਜਨਰਲ ਸਕੱਤਰ ਸੁਖਜਿੰਦਰ ਸਿੰਘ ਫਾਜਿਲਕਾ, ਪ੍ਰਧਾਨ ਸੁਸਮਾ ਅਰੋੜਾ, ਪ੍ਰਧਾਨ ਵਿਰਸਾ ਸਿੰਘ ਪੰਨੂੰ, ਕਨਵੀਨਰ ਗੁਰਦੇਵ ਸਿੰਘ ਢਿੱਲੋਂ ਸਮੇਤ ਸੁਬਾਈ ਸੀਨੀਅਰ ਆਗੂ ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਸੁਖਜੀਤ ਸਿੰਘ ਸੇਖੋਂ, ਨਰਿੰਦਰ ਸਰਮਾ, ਹਰਜੀਤ ਸਿੰਘ ਪੋਹਵਿੰਡ, ਅਵਤਾਰ ਗੰਢੂਆ, ਨਿਗਾਹੀ ਰਾਮ ਮਲੇਰਕੋਟਲਾ, ਜਸਵਿੰਦਰ ਪੰਧੇਰ, ਸੋਨੀ ਚੀਮਾ, ਬਲਜਿੰਦਰ ਬਰਨਾਲਾ, ਸਿੰਕਦਰ ਸਿੰਘ, ਬਿਕਰਮ ਸਿੰਘ, ਸਤਨਾਮ ਸਿੰਘ, ਦਲਜੀਤ ਢਿਲੋ, ਕੁਲਵਿੰਦਰ ਸਿੱਧੂ, ਬਲਜੀਤ ਸਿੰਘ ਕਹਾਲੋ, ਸਮੇਤ ਪ੍ਰੈਸ ਸਕੱਤਰ ਰਾਵਿੰਦਰ ਸਰਮਾ ਸਮੇਤ ਕੰਟਰੇਕਟ ਮਲਟੀਪਰਪਜ ਹੈਲਥ ਵਰਕਰ ਫੀਮੇਲ ਐਸੋਸੀਏਸ਼ਨ ਦੀ ਪ੍ਰਧਾਨ ਸਰਬਜੀਤ ਕੌਰ ਨਵਾਂਸ਼ਹਿਰ ਸਮੇਤ ਹੋਰ ਆਗੂਆ ਨੇ ਪ੍ਰੈਸ ਨੋਟ ਰਾਹੀ ਕਿਹਾ ਕਿ ਇਹ ਐਪ ਬਿਨਾਂ ਕਿਸੇ ਪੂਰੇ ਵਿਚਾਰ-ਵਟਾਂਦਰੇ ਅਤੇ ਸਲਾਹ-ਮਸ਼ਵਰੇ ਦੇ ਤੌਰ 'ਤੇ ਲਾਗੂ ਕਰਨ ਦੀ ਜਲਦਬਾਜੀ ਹੈ। ਜਥੇਬੰਦੀ ਦੇ ਆਗੂਆ ਨੇ ਕਿ ਐਮ ਐਪ ਨੂੰ ਜਬਰਦਸਤੀ ਨਾ ਥੋਪਿਆ ਜਾਵੇ। ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਕਰਮਚਾਰੀਆਂ ਅਤੇ ਜਥੇਬੰਦੀਆਂ ਨਾਲ ਪੂਰਾ ਵਿਚਾਰ-ਵਟਾਂਦਰਾ ਕੀਤਾ ਜਾਵੇ ਆਗੂਆ ਚਿਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਇਹ ਐਪ ਨੂੰ ਜ਼ਬਰਦਸਤੀ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਸੂਬਾ ਪੱਧਰ 'ਤੇ ਸਮੂਹ ਸਿਹਤ ਵਿਭਾਗ ਦੀਆਂ ਜਥੇਬੰਦੀਆ ਵੱਲੋਂ ਸਾਂਝੇ ਰੋਸ ਧਰਨੇ ਪ੍ਰਦਰਸ਼ਨ ਕਰਕੇ ਵਿਰੋਧ ਸ਼ੁਰੂ ਕੀਤਾ ਜਾਵੇਗਾ।



## ਨਿਯੁਕਤੀ ਸੰਬੰਧੀ ਨੋਟਿਸ

ਦੀ ਚੱਕ ਛੱਪੜੀ ਵਾਲਾ ਬਹੁਮੰਤਵੀ ਖੇਤੀਬਾੜੀ ਸੇਵਾ ਸਭਾ ਲਿਮ: ਵਿੱਚ ਸੇਵਾਦਾਰ ਕਮ ਚੌਕੀਦਾਰ ਦੀ ਆਰਜ਼ੀ ਤੌਰ ਤੇ ਡੀ.ਸੀ. ਰੇਟਾਂ ਤੇ ਨਿਯੁਕਤੀ ਕੀਤੀ ਜਾਣੀ ਹੈ ਚਾਹਵਾਨ ਉਮੀਦਵਾਰ ਆਪਣੀਆਂ ਦਰਖਾਸਤਾਂ ਮਿਤੀ 22-08-2025 ਤੋਂ 22-09-2025 ਤੱਕ ਸਭਾ ਦੇ ਪ੍ਰਧਾਨ ਕੋਲ ਕਿਸੇ ਵੀ ਕੰਮਕਾਰ ਵਾਲੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਦਸਤੀ ਜਾਂ ਡਾਕ ਰਾਹੀਂ ਭੇਜ ਸਕਦਾ ਹੈ। ਅਸਾਮੀ ਭਰਨ ਦੇ ਸੰਬੰਧ ਵਿੱਚ ਇੰਟਰਵਿਊ 24-09-2025 ਨੂੰ ਸਭਾ ਦੇ ਦਫ਼ਤਰ ਵਿਖੇ ਕੀਤੀ ਜਾਵੇਗੀ। ਉਮੀਦਵਾਰ ਦੀ ਯੋਗਤਾ 10ਵੀਂ ਪਾਸ ਅਤੇ ਪੰਜਾਬੀ ਲਿਖਣੀ, ਬੋਲਣੀ ਅਤੇ ਪੜ੍ਹਨੀ ਜਾਣਦਾ ਹੋਵੇ ਅਤੇ ਸਭਾ ਦੇ 8 ਕਿਲੋਮੀਟਰ ਦੇ ਏਰੀਏ ਦੇ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। ਸਹਿਕਾਰੀ ਸਭਾਵਾਂ ਦੇ ਕੰਮਕਾਰ ਦੇ ਤਜਰਬੇਕਾਰ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਉਮੀਦਵਾਰ ਦੀ ਉਮਰ 18 ਤੋਂ 35 ਸਾਲ ਹੋਣੀ ਚਾਹੀਦੀ ਹੈ। ਇਹ ਨਿਯੁਕਤੀ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ (ਚੰਡੀਗੜ੍ਹ) ਜੀ ਵੱਲੋਂ ਜਾਰੀ ਹਦਾਇਤਾਂ ਅਤੇ ਪੰਜਾਬ ਰਾਜ ਖੇਤੀਬਾੜੀ ਸਹਿਕਾਰੀ ਸਭਾ ਦੇ ਸਰਵਿਸ ਰੂਲਜ਼ 1997 ਦੇ ਅਨੁਸਾਰ ਕੀਤੀ ਜਾਵੇਗੀ। ਸਲੈਕਸ਼ਨ ਕਮੇਟੀ ਦਾ ਫ਼ੈਸਲਾ ਅੰਤਿਮ ਹੋਵੇਗਾ।

ਸਹੀ :- ਸਕੱਤਰ ਸਭਾ, ਦੀ ਚੱਕ ਛੱਪੜੀ ਵਾਲਾ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਤਹਿਸੀਲ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ

## COURT NOTICE

(U/o 5 Rule 20 CPC)
In The Court Of
Sh. Jagbir Singh Mehndiratta
Additional District and Sessions Judge-2, Fatehgarh Sahib
MACP/72/2023
CNR No. PBFG01-002254-2023
Next Date:- 26-09-2025
Ravinder Kaur
Vs.
Bazir Khan
Publication Issued To:
1. Bazir Khan son of Mohd. Bashir, resident of Purana Qila, Tehsil Malerkotla, District Sangrur (Now District Malerkotla)-148023 (Driver of offending Vehicle/Truck bearing Regd. No. PB-11-AT-9756)
2. Satnam Singh Son of Lakhwinder Singh, resident of Village Daska, District Sangrur, Punjab - 148031 (owner of offending Vehicle/Canter bearing Regd. No. PB-11-AT-9756)

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-09-2025 at 10:00 a.m.

For details logon to https://highcourtchd.gov.in/?trs=district_notice&district=fatehgarh

Additional District and Sessions Judge-2, Fatehgarh Sahib

Dated, this day of 20-08-2025

## COURT NOTICE

(U/o 5 Rule 20 CPC)
In The Court of
Sh. Manoj Kumar
Principal Judge, Family Court, Patti
GW-08-2025
CNR No. PBTTF2-000176-2025
Next Date:- 01-10-2025
Sukhwinder Singh
Vs.
General Public
Publication Issued to:
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 01-10-2025 at 10:00 a.m.

For details logon to https://highcourtchd.gov.in/?mod=district_notice&district=Tarn Taran

Principal Judge, Family Court Patti

Dated, this day of 14-8-2025

## COURT NOTICE

(U/o 5 Rule 20 CPC)
(Under Guardian And Ward Act)
In The Court of
Sh. Vineet Kumar Narang
Additional Principal Judge Family Court-I, Jalandhar
CNR No. PBJL01-025472-2019
Next Date:- 26-09-2025
1. Dhanji S/o Nag Ji, R/o 633, Brahm Puri, Dr. Kaushal Dhawan, Haridwar-Uttarakhand, 2. Narmada W/O Dhanji R/o 633, Brahmpuri, Kaushal Dhawan-Haridwar- Uttarakhand
Vs.
1. Shobha W/o Anil Kumar D/o Kishan Hem Chand R/o H. No. 598, Bag Baria, Gujrati, Halobadiya Kapurthala Road, Hanuman Dass Pura, Jalandhar (Pb.), 2. General Public
Petition For Legal Custody And Guardianship of Minor
Notice To: General Public
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-09-2025 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge Family Court-I Jalandhar

Dated this day of 19.08.2025

# ਹਿਮਾਚਲ ਤੋਂ ਭਾਰੀ ਮਾਤਰਾ 'ਚ ਪਾਣੀ ਆਉਣ ਨਾਲ ਪੰਜਾਬ ਦੇ ਦਰਿਆ ਕੰਢੇ ਵਸੇ ਪਿੰਡਾਂ 'ਚ ਚਿੰਤਾ ਵਧੀ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ) ਹਿਮਾਚਲ ਪ੍ਰਦੇਸ਼ ਵਿੱਚ ਲਗਾਤਾਰ ਪੈ ਰਹੀ ਬਾਰਸ਼ ਦੇ ਕਾਰਨ ਭਾਰੀ ਮਾਤਰਾ ਵਿੱਚ ਬਰਸਾਤੀ ਪਾਣੀ ਪੰਜਾਬ ਵੱਲ ਵਧ ਰਿਹਾ ਹੈ।ਜਾਣਕਾਰੀ ਅਨੁਸਾਰ, ਸ੍ਰੀ ਆਨੰਦਪੁਰ ਸਾਹਿਬ ਤੋਂ ਲਗਭਗ ਚਾਰ ਕਿਲੋਮੀਟਰ ਅੱਗੇ ਦੁਮੇਲ ਨਾਮਕ ਥਾਂ ਤੇ ਸਤਲੁਜ ਦਰਿਆ ਵਿੱਚ ਭਾਖੜਾ ਡੈਮ ਤੋਂ ਛੱਡਿਆ ਪਾਣੀ ਅਤੇ ਸਵਾਂ ਨਦੀ ਦਾ ਪਾਣੀ ਇਕੱਠਾ ਹੁੰਦਾ ਹੈ।ਇਸ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿੱਚ ਹੜ੍ਹ ਵਰਗੇ ਹਾਲਾਤ ਬਣਨ ਦੀ ਆਸ਼ੰਕਾ ਜਤਾਈ ਜਾ ਰਹੀ ਹੈ।ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵੱਲੋਂ 45 ਹਜ਼ਾਰ ਕਿਊਸਿਕ ਪਾਣੀ ਛੱਡਣ ਦੀ ਪੁਸ਼ਟੀ ਕੀਤੀ ਗਈ ਹੈ, ਪਰ ਪ੍ਰਸ਼ਾਸਨ ਨੇ ਕਿਹਾ ਹੈ ਕਿ ਹਾਲੇ ਤੱਕ ਕੋਈ ਖਤਰੇ ਵਾਲੀ ਸਥਿਤੀ ਨਹੀਂ ਬਣੀ।ਇਸ ਦੇ ਬਾਵਜੂਦ, ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਵਿੱਚ ਸਵਾਂ ਨਦੀ ਵਿੱਚ ਅਚਾਨਕ ਸ੍ਰੀ ਆਨੰਦਪੁਰ ਸਾਹਿਬ ਤੋਂ ਪਹਿਲਾਂ ਪੈਂਦੇ ਦੁਮੇਲ ਪੁਲ 'ਤੇ ਪੰਜਾਬ ਮੋਟਰਸਾਈਕਲ ਦੇ ਗੌਰਵ ਰਾਣਾ ਸਾਥੀਆਂ ਸਮੇਤ ਪਹੁੰਚੇ ਅਤੇ ਉਨ੍ਹਾਂ ਨੇ ਸਵਾਂ ਨਦੀ ਵਿੱਚ ਅਚਾਨਕ ਆਏ ਪਾਣੀ ਕਾਰਨ ਦਰਿਆ ਕੰਢੇ ਵਸੇ ਲੋਕਾਂ ਲਈ ਚਿੰਤਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਉਹਨਾਂ ਦਾ ਸ਼ਹਿਰ ਅਤੇ ਸਮਾਜਸੇਵੀ ਸੰਸਥਾਵਾਂ ਐਸੀ ਸਥਿਤੀ ਵਿੱਚ ਹਰ ਤਰ੍ਹਾਂ ਦੀ ਸਹਾਇਤਾ ਲਈ ਤਿਆਰ ਹਨ।ਪਿੰਡਾਂ ਵਿੱਚ ਪਾਣੀ ਇਕੱਠਾ ਹੋਣ ਨਾਲ ਫਸਲਾਂ ਦੇ ਨੁਕਸਾਨ ਅਤੇ ਆਮ ਜਨਜੀਵਨ ਪ੍ਰਭਾਵਿਤ ਹੋਣ ਦੀ ਆਸ਼ੰਕਾ ਹੈ।ਪ੍ਰਸ਼ਾਸਨ ਨੇ ਦਰਿਆ ਕੰਢੇ ਵਸੇ ਪਿੰਡਾਂ ਦੇ ਲੋਕਾਂ ਨੂੰ ਸਚੇਤ ਰਹਿਣ ਅਤੇ ਸੁਰੱਖਿਆ ਦੇ ਪੂਰੇ ਇੰਤਜ਼ਾਮ ਕਰਨ ਦੀ ਅਪੀਲ ਕੀਤੀ ਹੈ।



## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫ਼ਸਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ ਫਾਰ ਫਾਸਟ ਟਰੈਕ ਕੋਰਟ ਫਾਰ ਐਨ.ਆਰ.ਆਈਜ਼, ਕਪੂਰਥਲਾ।

ਕੇਸ ਨੰਬਰ : 53-54/DRO/FTC/NRI ਤਾਰੀਖ ਦਾਇਰ 21/07/2025 ਕਿਸਮ ਮੁਕੱਦਮਾ : ਤਕਸੀਮ

ਤਕਸੀਮ ਖੇਵਟ ਨੰਬਰ 125, 126, 127 ਖਤੌਨੀ ਨੰਬਰ 154, 156, 157 ਮੁਤਾਬਿਕ ਜਮ੍ਹਾਂਬੰਦੀ ਸਾਲ 2018-2019 ਵਾਕਿਆ ਅਰਾਜੀ ਪਿੰਡ ਹੁਸੈਨਪੁਰ, ਹਦਬਸਤ ਨੰਬਰ 123, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ।

1. ਕਮਲਜੀਤ ਸਿੰਘ ਖੈੜਾ ਪੁੱਤਰ ਹਰਭਜਨ ਸਿੰਘ ਪੁੱਤਰ ਮਾਨ ਸਿੰਘ ਵਾਸੀ ਪਿੰਡ ਖੈੜਾ ਦੋਨਾ, ਤਹਿਸੀਲ ਦਾ ਜ਼ਿਲ੍ਹਾ ਕਪੂਰਥਲਾ ਹਾਲ ਵਾਸੀ 12932,68 AVE Surrey British Columbia V3W 6J1 Canada ਰਾਹੀਂ ਮੁਖਤਾਰਨਾਮਾ ਬਲਵਿੰਦਰ ਕੌਰ ਪਤਨੀ ਹਰਭਜਨ ਸਿੰਘ ਵਾਸੀ ਪਿੰਡ ਖੈੜਾ ਦੋਨਾ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ। (ਧਿਰ ਅੱਵਲ)

ਬਨਾਮ

1. ਮਨਜੀਤ ਸਿੰਘ ਪੁੱਤਰ ਹਰਬੰਸ ਸਿੰਘ ਪੁੱਤਰ ਮਾਨ ਸਿੰਘ ਵਾਸੀ 5739-136 St Surrey BC V3X1J4 Canada, 2. ਸੂਰਤ ਸਿੰਘ ਪੁੱਤਰ ਲੋਕ ਸਿੰਘ ਪੁੱਤਰ ਮੁਨਸ਼ਾ ਸਿੰਘ, 3. ਅਵਤਾਰ ਸਿੰਘ ਪੁੱਤਰ ਬਲਵੰਤ ਸਿੰਘ ਪੁੱਤਰ ਤਾਰਾ ਸਿੰਘ, ਖੇਵਟਦਾਰਾਨ ਵਾਸੀਆਨ ਪਿੰਡ ਹੁਸੈਨਪੁਰ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ। (ਧਿਰ ਦੋਮ)

ਉਪਰੋਕਤ ਅਨੁਵਾਨ ਮੁਕੱਦਮੇ ਤਕਸੀਮ ਵਿੱਚ ਫਰੀਕ ਦੋਇਮ ਦੇ ਕੁਝ ਫਰੀਕ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ ਹਨ।ਇਸ ਕਰਕੇ ਫਰੀਕ ਦੋਇਮ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ।ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮ ਦੀ ਸਾਧਾਰਣ ਤਰੀਕੇ ਤਾਮੀਲ ਨਾਲ ਹੋਣੀ ਮੁਸ਼ਕਲ ਹੈ।ਉਕਤ ਅਨੁਵਾਨ ਕੇਸ ਵਿੱਚ ਅਗਲੀ ਤਾਰੀਖ ਪੇਸ਼ੀ ਮਿਤੀ 01/09/2025 ਨਿਸ਼ਚਤ ਕਰ ਕੇ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਨਿਰਧਾਰਿਤ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ। ਉਕਤ ਨਿਰਧਾਰਿਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 20/08/2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਜ਼ਿਲ੍ਹਾ ਮਾਲ ਅਫਸਰ ਕਮ ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਰ ਫਾਸਟ ਟਰੈਕ ਕੋਰਟ ਫਾਰ ਐੱਨ.ਆਰ. ਆਈਜ਼., ਕਪੂਰਥਲਾ।

ਨੰਬਰ 194/ਰੀਡਰ ਮਿਤੀ 20/8/2025

Form No. 3
[See Regulation-13(1)(a)]

## DEBTS RECOVERY TRIBUNAL CHANDIGARH (DRT-1)
2ND FLOOR, SCO 33-34-35, SECTOR 17-A, CHANDIGARH

ਮੁਕੱਦਮਾ ਨੰ. ਓ ਏ/2050/2024 ਈ ਐੱਕਸ ਐੱਚ ਨੰ. 28990

ਕਰਜ਼ਾ ਵਸੂਲੀ ਟ੍ਰਿਬਿਊਨਲ (ਅਮਲ) ਰੂਲਜ਼, 1993 ਦੇ ਨਿਯਮ 5 ਦੇ ਸਬ-ਨਿਯਮ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ

ਬਨਾਮ

ਅਜੀਤ ਸਿੰਘ ਰਾਹੀਂ ਇਸ ਦੇ ਕਾਨੂੰਨੀ ਪ੍ਰਤੀਨਿਧ

ਸੇਵਾ 'ਚ

(1) ਅਜੀਤ ਸਿੰਘ ਰਾਹੀਂ ਇਸ ਦੇ ਕਾਨੂੰਨੀ ਪ੍ਰਤੀਨਿਧ ਪੁੱਤਰ ਸ੍ਰੀ ਸਰਦਾਰਾ ਸਿੰਘ ਮਕਾਨ ਨੰ. 2384 ਮੁਹੱਲਾ ਭਾਈ ਭਾਰਾ ਕਰਤਾਰਪੁਰ, ਜ਼ਿਲ੍ਹਾ ਜਲੰਧਰ-144801, ਜਲੰਧਰ, ਪੰਜਾਬ-144801

ਕਾਨੂੰਨੀ ਵਾਰਿਸ : 1. ਸ੍ਰੀ ਭੁਪਿੰਦਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਵਾਸੀ ਮਕਾਨ ਨੰ. 2384, ਮੁਹੱਲਾ ਭਾਈ ਭਾਰਾ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ-144801

ਕਾਨੂੰਨੀ ਵਾਰਿਸ : 2. ਸ੍ਰੀ ਸਵਰਨ ਸਿੰਘ ਪੁੱਤਰ ਸਵ. ਸ੍ਰੀ ਅਜੀਤ ਸਿੰਘ ਵਾਸੀ ਮਕਾਨ ਨੰ. 2384, ਮੁਹੱਲਾ ਭਾਈ ਭਾਰਾ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ-144801

ਕਾਨੂੰਨੀ ਵਾਰਿਸ : 3. ਹਰਵਿੰਦਰ ਕੌਰ ਪੁੱਤਰੀ ਸਵ. ਸ੍ਰੀ ਅਜੀਤ ਸਿੰਘ ਵਾਸੀ ਮਕਾਨ ਨੰ. 2384, ਮੁਹੱਲਾ ਭਾਈ ਭਾਰਾ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ-144801

(2) ਸ੍ਰੀ ਭੁਪਿੰਦਰ ਸਿੰਘ ਪੁੱਤਰ ਸ੍ਰੀ ਅਜੀਤ ਸਿੰਘ ਵਾਸੀ ਮਕਾਨ ਨੰ. 2384, ਮੁਹੱਲਾ ਭਾਈ ਭਾਰਾ, ਕਰਤਾਰਪੁਰ, ਜ਼ਿਲ੍ਹਾ ਜਲੰਧਰ-144801, ਜਲੰਧਰ, ਪੰਜਾਬ-144801

(3) ਸ੍ਰੀ ਜਗੀਰ ਸਿੰਘ ਪੁੱਤਰ ਸ੍ਰੀ ਤਾਰਾ ਸਿੰਘ ਵਾਸੀ ਮਕਾਨ ਨੰ. 1565, ਦਿਆਲਪੁਰ ਗੇਟ, ਮੁਹੱਲਾ ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ-144419

### ਸੰਮਨ

ਜਦੋਂ ਕਿ ਓ ਏ/2050/2024 ਮਾਣਯੋਗ ਪ੍ਰਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 09.07.2025 ਨੂੰ ਸੂਚੀਬੱਧ ਕੀਤਾ ਗਿਆ ਸੀ।

ਜਦੋਂ ਕਿ ਤੁਹਾਡੇ ਵਿਰੁੱਧ ਰੁਪਏ 28,17,558.96/- ਦੀ ਕਰਜ਼ਾ ਵਸੂਲੀ ਲਈ ਉਕਤ ਅਰਜ਼ੀ 'ਤੇ ਐਕਟ ਦੇ ਸੈਕਸ਼ਨ 19 (4) (ਓ ਏ) ਤਹਿਤ (ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨੱਥੀ) ਇਹ ਮਾਣਯੋਗ ਟ੍ਰਿਬਿਊਨਲ ਸੰਮਨ/ਨੋਟਿਸ ਜਾਰੀ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਿਹਾ ਹੈ।

ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ, ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :

(i) ਸੰਮਨ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਦਿੱਤੀ ਗਈ ਰਾਹਤ ਮਨਜ਼ੂਰ ਕਿਉਂ ਨਾ ਕੀਤੀ ਜਾਵੇ।

(ii) ਅਸਲ ਅਰਜ਼ੀ ਦੇ ਲੜੀ ਨੰ. 3 ਏ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਗਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਜਾਂ ਐੱਸਟਸ ਦੇ ਵੇਰਵਿਆਂ ਦਾ ਖੁਲਾਸਾ ਕਰਨਾ।

(iii) ਅਸਲ ਅਰਜ਼ੀ ਦੇ ਲੜੀ ਨੰ. 3 ਏ ਤਹਿਤ ਖੁਲਾਸਾ ਕੀਤੇ ਗਏ ਸਕਿਉਰਡ ਐੱਸਟਸ ਜਾਂ ਅਜਿਹੇ ਹੋਰ ਐੱਸਟਸ, ਲੰਬਿਤ ਸੁਣਵਾਈ ਅਤੇ ਜਾਇਦਾਦਾਂ ਦੀ ਕੁਰਕੀ ਲਈ ਅਰਜ਼ੀ ਦੇ ਨਿਪਟਾਰੇ ਸੰਬੰਧੀ ਤੁਹਾਡੇ 'ਤੇ ਪਾਬੰਦੀ ਹੈ।

(iv) ਜਿਹੜੀ ਸਕਿਉਰਟੀ 'ਤੇ ਹਿੱਤ ਲਾਗੂ ਹਨ ਜਾਂ ਹੋਰ ਐੱਸਟਸ ਅਤੇ ਅਸਲ ਅਰਜ਼ੀ ਦੇ ਲੜੀ ਨੰ. 3 ਏ 'ਚ ਖੁਲਾਸਾ ਕੀਤੀਆਂ ਗਈਆਂ ਜਾਇਦਾਦਾਂ ਟ੍ਰਿਬਿਊਨਲ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ, ਬਿਜ਼ਨਸ ਦੇ ਸਧਾਰਨ ਕੋਰਸ ਤੋਂ ਇਲਾਵਾ ਤੁਸੀਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲ ਨਹੀਂ ਕਰ ਸਕਦੇ।

(v) ਸਕਿਉਰਡ ਐੱਸਟਸ ਦੀ ਵਿਕਰੀ ਜਾਂ ਬਿਜ਼ਨਸ ਦੇ ਸਧਾਰਨ ਕੋਰਸ 'ਚ ਹੋਰ ਐੱਸਟਸ ਅਤੇ ਜਾਇਦਾਦਾਂ ਅਤੇ ਅਜਿਹੇ ਐੱਸਟਸ 'ਤੇ ਸਕਿਉਰਟੀ ਰੱਖਦੇ ਬੈਂਕ ਜਾਂ ਵਿੱਤੀ ਸੰਗਠਨਾਂ ਦੇ ਖਾਤਿਆਂ 'ਚ ਵਿਕਰੀ ਰਾਹੀਂ ਜਮ੍ਹਾਂ ਅਜਿਹੀ ਆਮਦਨ ਸਾਕਾਰ ਵਿਕਰੀ ਆਮਦਨ ਦਾ ਹਿਸਾਬ ਦੇਣ ਲਈ ਤੁਸੀਂ ਜਵਾਬਦੇਹ ਹੋਵੋਗੇ।

ਤੁਹਾਨੂੰ ਲਿਖਤੀ ਬਿਆਨ ਸਮੇਤ ਬਿਨੈਕਾਰ ਨੂੰ ਉਸ ਦੀ ਨਕਲ ਦੇਣ, ਦਾਇਰ ਕਰਨ ਨਾਲ ਰਜਿਸਟਰਾਰ ਦੇ ਸਨਮੁੱਖ 22.09.2025 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਜਾਂਦੇ ਹਨ। ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਕੀਤੀ ਜਾਵੇਗੀ ਅਤੇ ਤੁਹਾਡੀ ਗੈਰ-ਹਾਜ਼ਰੀ 'ਚ ਫੈਸਲਾ ਦੇ ਦਿੱਤਾ ਜਾਵੇਗਾ।

ਪੇਪਰ ਬੁੱਕ ਕਰਨ ਲਈ ਨਿਮਨ ਲਿਖਤ ਨੂੰ ਦੇਖੋ :

Url:https://cis.drt.gov.in/drtlive/paperbook.php?ri=202585160714

ਮੇਰੇ ਦਸਤਖਤ ਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 14.7.2025 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ ਅਧਿਕਾਰਤ ਅਫਸਰ ਦੇ ਦਸਤਖਤ

## SBI

SME CENTER (05023), Main Branch Building, 2nd Floor, Civil Lines, Ludhiana.
Email:- agmsecc.zolud@sbi.co.in

### ਰੂਲ (8-1) ਕਬਜ਼ਾ ਨੋਟਿਸ (ਅਚੱਲ/ਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਸਟੇਟ ਬੈਂਕ ਆਫ ਇੰਡੀਆ, ਐੱਸ ਐੱਮ ਈ ਕੇਂਦਰ, ਸਿਵਲ ਲਾਈਨਜ਼, ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਸਕਿਉਰਿਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ 'ਤੇ ਕਰਜ਼ਦਾਰਾਂ/ਗਰੰਟਰਾਂ ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ।

ਕਰਜ਼ਦਾਰ ਰਕਮ ਅਦਾ ਕਰਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ, ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤਿਆਂ ਵਿਰੁੱਧ ਇਨ੍ਹਾਂ ਮਿਤੀਆਂ ਨੂੰ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਸਟੇਟ ਬੈਂਕ ਆਫ ਇੰਡੀਆ, ਐੱਸ ਐੱਮ ਈ ਕੇਂਦਰ, ਸਿਵਲ ਲਾਈਨਜ਼, ਲੁਧਿਆਣਾ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਵਸੂਲ ਕੀਤੀ ਜਾਵੇਗੀ।

ਉਪਲਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਅਤੇ ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| (ਕਰਜ਼ਦਾਰ) : ਮੈਸਰਜ਼ ਸ਼ੇਖਰ ਟੈਕਸਾਈਲ ਇੰਡਸਟ੍ਰੀਜ਼ ਰਾਹੀਂ ਇਸ ਦੇ ਮਾਲਕ ਅਤੇ ਕਾਨੂੰਨੀ ਵਾਰਿਸ ਸ੍ਰੀ ਹਰੀਸ਼ ਸ਼ਰਮਾ ਪੁੱਤਰ ਸਵ. ਸ੍ਰੀ ਸ਼ਿਵ ਕੁਮਾਰ ਸ਼ਰਮਾ (ਪੁੱਤਰ), ਸ੍ਰੀ ਦਿਵਾਕਰ ਸ਼ਰਮਾ ਪੁੱਤਰ ਸਵ. ਸ੍ਰੀ ਸ਼ਿਵ ਕੁਮਾਰ ਸ਼ਰਮਾ (ਪੁੱਤਰ) ਅਤੇ ਸ਼ਿਵਾਨੀ ਭਾਰਦਵਾਜ ਪੁੱਤਰੀ ਸਵ. ਸ੍ਰੀ ਸ਼ਿਵ ਕੁਮਾਰ ਸ਼ਰਮਾ (ਪੁੱਤਰੀ) | ਬੈਨਾਮਾ ਵਸੀਕਾ ਨੰ. 5377 ਮਿਤੀ 29.08.1984 ਅਤੇ ਵਸੀਅਤ ਵਸੀਕਾ ਨੰ. 510 ਮਿਤੀ 05.10.2007, ਜੋ ਕਿ ਸਵ. ਸ੍ਰੀਮਤੀ ਨੀਰਜ ਪ੍ਰਭਾ ਪਤਨੀ ਸਵ. ਸ੍ਰੀ ਸ਼ਿਵ ਕੁਮਾਰ ਸ਼ਰਮਾ ਰਾਹੀਂ ਕਾਨੂੰਨੀ ਵਾਰਿਸਾਂ (1) ਸ੍ਰੀ ਹਰੀਸ਼ ਸ਼ਰਮਾ ਪੁੱਤਰ ਸਵ. ਸ੍ਰੀ ਸ਼ਿਵ ਕੁਮਾਰ ਸ਼ਰਮਾ (ਪੁੱਤਰ) (2) ਸ੍ਰੀ ਦਿਵਾਕਰ ਸ਼ਰਮਾ ਪੁੱਤਰ ਸਵ. ਸ੍ਰੀ ਸ਼ਿਵ ਕੁਮਾਰ ਸ਼ਰਮਾ (3) ਸ਼ਿਵਾਨੀ ਭਾਰਦਵਾਜ ਪੁੱਤਰੀ ਸ੍ਰੀ ਸ਼ਿਵ ਕੁਮਾਰ ਸ਼ਰਮਾ (ਪੁੱਤਰੀ) ਦੇ ਨਾਂਅ ਜਾਇਦਾਦ 200 ਵਰਗ ਗਜ਼, ਖਸਰਾ ਨੰ. 21/20 ਖੱਤਾ ਨੰ. 169/174, ਜਮ੍ਹਾਂਬੰਦੀ ਸਾਲ 1978-79, ਸ਼ੇਰਪੁਰ ਕਲਾਂ ਲੁਧਿਆਣਾ ਵਿਖੇ ਸਥਿਤ | 13.06.2025 | 14.08.2025 | ਮਿਤੀ 03.05.2025 ਤੋਂ ਰੁਪਏ 28,30,647/- (ਅਠਾਈ ਲੱਖ ਤੀਹ ਹਜ਼ਾਰ ਛੇ ਸੌ ਸੰਤਾਲੀ ਰੁਪਏ ਕੇਵਲ) ਜਮ੍ਹਾਂ ਇਸ 'ਤੇ ਹੋਰ ਵਿਆਜ, ਹੋਰ ਚਾਰਜਿਜ਼ ਅਤੇ ਖਰਚੇ। |

ਮਿਤੀ : 20.08.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

## 1.55 ਲੱਖ ਰੁਪਏ ਰਿਸ਼ਵਤ ਲੈਣ ਵਾਲਾ ਸਹਾਇਕ ਸਬ ਇੰਸਪੈਕਟਰ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

ਚੰਡੀਗੜ੍ਹ (ਗੁਰਜੀਤ ਬਿੱਲਾ) ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਥਾਣਾ ਸੋਹਾਣਾ, ਹੁਣ ਥਾਣਾ ਖਰੜ ਸ਼ਹਿਰੀ, ਜ਼ਿਲ੍ਹਾ ਮੁਹਾਲੀ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ (ਏ ਐਸ ਆਈ) ਓਮ ਪ੍ਰਕਾਸ਼ ਨੂੰ 1.55 ਲੱਖ ਰੁਪਏ ਰਿਸ਼ਵਤ ਦੀ ਮੰਗ ਕਰਨ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਇੱਥੇ ਇਹ ਖੁਲਾਸਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਮੁਹਾਲੀ ਨਿਵਾਸੀ ਇੱਕ ਸ਼ਿਕਾਇਤਕਰਤਾ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਉਪਰ ਦਰਜ ਕਰਵਾਈ ਆਨਲਾਈਨ ਸ਼ਿਕਾਇਤ ਦੀ ਜਾਂਚ ਤੋਂ ਬਾਅਦ ਉਕਤ ਪੁਲਿਸ ਮੁਲਾਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤ ਅਨੁਸਾਰ, ਗੁਰਜੀਤ ਸਿੰਘ ਅਤੇ ਉਸਦੀ ਪਤਨੀ ਵਿਰੁੱਧ ਸੋਹਾਣਾ ਥਾਣੇ ਵਿੱਚ ਇੱਕ ਪੁਲਸ ਕੇਸ ਦਰਜ ਕੀਤਾ ਗਿਆ ਸੀ।ਉਕਤ ਮੁਕੱਦਮੇ ਦੇ ਤਫਤੀਸ਼ੀ ਸਹਾਇਕ-ਸਬ ਇੰਸਪੈਕਟਰ ਓਮ ਪ੍ਰਕਾਸ਼ ਨੇ ਇਹ ਕੇਸ ਰੱਦ ਕਰਨ ਬਦਲੇ 2.50 ਲੱਖ ਰੁਪਏ ਰਿਸ਼ਵਤ ਮੰਗੀ ਸੀ।ਇਸ ਤੋਂ ਬਾਅਦ, ਉਕਤ ਪੁਲਸ ਮੁਲਾਜ਼ਮ ਨੇ ਸ਼ਿਕਾਇਤਕਰਤਾ ਤੋਂ ਇਸ ਉਦੇਸ਼ ਲਈ 1.55 ਲੱਖ ਰੁਪਏ ਰਿਸ਼ਵਤ ਵਜੋਂ ਹਾਸਲ ਕੀਤੇ ਸਨ। ਉਪਰੰਤ ਵਿਜੀਲੈਂਸ ਬਿਊਰੋ ਨੇ ਮੁਲਜ਼ਮ ਸਹਾਇਕ-ਸਬ ਇੰਸਪੈਕਟਰ ਓਮ ਪ੍ਰਕਾਸ਼ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਪੁਲਿਸ ਥਾਣਾ, ਐਸ ਏ ਐਸ ਨਗਰ, ਪੰਜਾਬ, ਮੋਹਾਲੀ ਵਿਖੇ ਮੁਕੱਦਮਾ ਦਰਜ ਕੀਤਾ ਹੈ।

## ਫਲਿਪਕਾਰਟ ਦੀ 2025 ਸੈੱਲਰ ਸਮਿੱਟ ਸੀਰੀਜ਼ ਮੁਕੰਮਲ

ਅੰਮ੍ਰਿਤਸਰ : ਭਾਰਤ ਦੇ ਘਰੇਲੂ ਈ-ਕਾਮਰਸ ਮਾਰਕੀਟਪਲੇਸ ਫਲਿਪਕਾਰਟ ਨੇ ਨਵੀਂ ਦਿੱਲੀ ਵਿੱਚ ਆਪਣੀ ਸੈੱਲਰ ਸਮਿੱਟ ਸੀਰੀਜ਼ 2025 ਦਾ ਸ਼ਾਨਦਾਰ ਸਮਾਪਨ ਕੀਤਾ।ਦਿੱਲੀ ਵਿੱਚ ਆਯੋਜਿਤ ਗ੍ਰੈਂਡ ਫਿਨਾਲੇ ਨੇ ਸੂਰਤ, ਜੈਪੁਰ ਅਤੇ ਦਿੱਲੀ ਵਿੱਚ ਹੋਈਆਂ ਆਨ-ਗ੍ਰਾਉਂਡ ਸੈੱਲਰ ਸਮਿੱਟਸ ਦੀ ਕਾਮਯਾਬੀ ਨੂੰ ਦਰਸਾਇਆ।ਇਸ ਸਮਿੱਟ ਸੀਰੀਜ਼ ਰਾਹੀਂ ਦੇਸ਼ ਭਰ ਦੇ 8,000 ਤੋਂ ਵੱਧ ਸੈਲਰਜ਼, ਐੱਮਐੱਸਐੱਮਈ ਅਤੇ ਉਦਯਮੀਆਂ ਨੂੰ ਸਸ਼ਕਤ ਕੀਤਾ ਗਿਆ।ਸੈੱਲਰ ਸਮਿੱਟ 2025 ਦਾ ਮਕਸਦ ਦੇਸ਼ ਭਰ ਦੇ ਛੋਟੇ ਕਾਰੋਬਾਰਾਂ ਨੂੰ ਤੇਜ਼ੀ ਨਾਲ ਵਧ ਰਹੀ ਡਿਜੀਟਲ ਅਰਥਵਿਵਸਥਾ ਵਿੱਚ ਸਫਲ ਹੋਣ ਲਈ ਲੋੜੀਂਦੇ ਟੂਲ, ਜਾਣਕਾਰੀ, ਉਪਭੋਗਤਾ ਅੰਤਰਦ੍ਰਿਸ਼ਟੀ (ਕੰਜ਼ਿਊਮਰ ਇਨਸਾਈਟਸ) ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਨਾ ਸੀ।ਇਸ ਦੌਰਾਨ ਫਲਿਪਕਾਰਟ ਗਰੁੱਪ ਦੇ ਚੀਫ ਕਾਰਪੋਰੇਟ ਅਫੇਅਰਜ਼ ਅਫਸਰ ਰਜਨੀਸ਼ ਕੁਮਾਰ ਨੇ ਕਿਹਾ ਕਿ ਐੱਮਐੱਸਐੱਮਈ ਭਾਰਤ ਦੀ ਅਰਥਵਿਵਸਥਾ ਦੇ ਕੇਂਦਰ ਵਿੱਚ ਹਨ ਅਤੇ ਇਸ ਸੈੱਲਰ ਸਮਿੱਟ ਰਾਹੀਂ ਸਾਡਾ ਉਦੇਸ਼ ਉਨ੍ਹਾਂ ਨੂੰ ਡਿਜੀਟਲ ਰਾਹੀਂ ਸਮਰੱਥ ਕਰਨਾ, ਉਪਭੋਗਤਾਵਾਂ ਦਾ ਭਰੋਸਾ ਜਿੱਤਣ ਯੋਗ ਬਣਾਉਣਾ ਅਤੇ ਉਨ੍ਹਾਂ ਲਈ ਨਵੇਂ ਮੌਕੇ ਪੈਦਾ ਕਰਨਾ ਹੈ।

## ਗਿਆਨੀ ਪ੍ਰਿਤਪਾਲ ਸਿੰਘ ਦੇ ਦੇਹਾਂਤ ਨਾਲ ਇਲਾਕੇ 'ਚ ਸੋਗ ਦੀ ਲਹਿਰ

ਚੋਹਲਾ ਸਾਹਿਬ (ਰਮਨ ਚੱਢਾ)-ਨੇੜਲੇ ਕਸਬੇ ਕਰਿਆਮ ਕਰਿਆਮ ਦੀ ਦੁਕਾਨ ਕਰਦੇ ਉੱਘੇ ਸਮਾਜਸੇਵੀ ਗਿਆਨੀ ਪ੍ਰਿਤਪਾਲ ਸਿੰਘ ਦਾ ਕੁਝ ਦਿਨ ਪਹਿਲਾਂ ਦਿਹਾਂਤ ਹੋ ਗਿਆ ਜਿਸ ਕਾਰਨ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਸੀਨੀਅਰ ਅਕਾਲੀ ਆਗੂ ਰਾਕੇਸ਼ ਨਈਅਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗਿਆਨੀ ਪ੍ਰਿਤਪਾਲ ਸਿੰਘ ਦੇ ਦਿਹਾਂਤ ਕਾਰਨ ਨਗਰ ਚੋਹਲਾ ਸਾਹਿਬ ਦੇ ਨਈਅਰ ਪਰਿਵਾਰ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੱਸਿਆ ਕਿ ਗਿਆਨੀ ਜੀ ਲਗਭਗ 30 ਸਾਲਾਂ ਤੋਂ ਰੋਜ਼ਾਨਾ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੇ ਸਨ। ਜਸਪਾਲ ਨਈਅਰ, ਤਰਸੇਮ ਨਈਅਰ, ਸਤੀਸ਼ ਨਈਅਰ, ਨਰਿੰਦਰ ਨਈਅਰ, ਵਰੁਣ ਨਈਅਰ, ਸੋਨੂੰ ਨਈਅਰ, ਗੌਰਵ ਨਈਅਰ, ਸੋਨੀ ਨਈਅਰ, ਕੰਵਰ ਨਈਅਰ, ਕਰਮਜੀਤ ਨਈਅਰ ਆਦਿ ਨੇ ਇਲਾਕੇ ਦੇ ਸਿਆਸੀ ਅਤੇ ਧਾਰਮਿਕ ਆਗੂਆਂ ਨੇ ਦੁੱਖ ਸਾਂਝਾ ਕੀਤਾ।



21-Aug-PAGE--8.qxd 8/20/2025 10:59 PM Page 1



## ਨਸ਼ੇ ਵਾਲੀਆਂ ਗੋਲੀਆਂ ਸਮੇਤ 3 ਵਿਅਕਤੀ ਗ੍ਰਿਫਤਾਰ



**ਅੱਡਾ ਸਰਾਂ (ਜਸਵੀਰ ਕਾਜਲ)**- ਟਾਂਡਾ ਪੁਲਸ ਦੀ ਟੀਮ ਨੇ ਨਸ਼ੇ ਵਾਲੀਆਂ ਗੋਲੀਆਂ ਨਾਲ ਦੋ ਸਕੇ ਭਰਾਵਾਂ ਸਣੇ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਅਤੇ ਡੀ. ਐੱਸ.ਪੀ. ਦਵਿੰਦਰ ਸਿੰਘ ਬਾਜਵਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਨਸ਼ੇ ਖਿਲਾਫ ਵਿੱਢੀ ਮੁਹਿੰਮ ਤਹਿਤ ਪੁਲਸ ਚੌਕੀ ਇੰਚਾਰਜ ਬਸਤੀ ਬੋਹੜਾ ਰਾਜਵਿੰਦਰ ਸਿੰਘ ਅਤੇ ਸਰਬਜੀਤ ਸਿੰਘ ਦੀਆਂ ਟੀਮਾਂ ਨੇ ਇਹ ਸਫਲਤਾ ਹਾਸਲ ਕੀਤੀ ਹੈ। ਐੱਸ. ਐੱਚ. ਓ. ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਜਦੋਂ ਪੁਲਸ ਟੀਮ ਪਿੰਡੀ ਖੈਰ ਤੋਂ ਅਵਾਨ ਘੋੜੇਸ਼ਾਹ ਵੱਲ ਗਸ਼ਤ ਕਰ ਰਹੀ ਸੀ ਤਾਂ ਉਨ੍ਹਾਂ ਮੋਟਰਸਾਈਕਲ ਸਵਾਰ ਮਨਪ੍ਰੀਤ ਸਿੰਘ ਅਤੇ ਸੁਖਵਿੰਦਰ ਸਿੰਘ ਦੋਨੋਂ ਪੁੱਤਰ ਰਮੇਸ਼ ਕੁਮਾਰ ਨੂੰ ਨਸ਼ੇ ਵਾਲੀਆਂ ਗੋਲੀਆਂ ਸਣੇ ਕਾਬੂ ਕੀਤਾ। ਇਸ ਦੌਰਾਨ ਸੁਖਵਿੰਦਰ ਸਿੰਘ ਦੇ ਕਬਜ਼ੇ ਵਿੱਚੋਂ 109 ਅਤੇ ਮਨਪ੍ਰੀਤ ਸਿੰਘ ਦੇ ਕਬਜ਼ੇ ਵਿੱਚੋਂ ਨਸ਼ੇ ਵਾਲੀਆਂ 107 ਗੋਲੀਆਂ ਬਰਾਮਦ ਹੋਈਆਂ। ਇਸੇ ਤਰ੍ਹਾਂ ਪਿੰਡ ਬਾਬਕ ਨੇੜੇ ਪੁਲਸ ਟੀਮ ਨੇ ਸਿਮਰਜੀਤ ਸਿੰਘ ਮਾਨ ਵਾਸੀ ਦਰੀਆ ਨੂੰ 54 ਨਸ਼ੇ ਵਾਲੀਆਂ ਗੋਲੀਆਂ ਸਣੇ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਦੇ ਖਿਲਾਫ ਐੱਨ.ਡੀ. ਪੀ. ਐੱਸ.ਐਕਟ ਦੇ ਅਧੀਨ ਮਾਮਲੇ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਵਿੱਕੀ ਘਨੌਰ ਵੱਲੋਂ 108 ਐਂਬੂਲੈਂਸ ਐਸੋਸੀਏਸ਼ਨ ਪੰਜਾਬ ਦੇ ਵਫ਼ਦ ਵੱਲੋਂ ਰੱਖੀਆਂ ਮੰਗਾਂ ਮੁੱਖ ਮੰਤਰੀ ਤੇ ਸਿਹਤ ਮੰਤਰੀ ਦੇ ਧਿਆਨ 'ਚ ਲਿਆਉਣ ਦਾ ਭਰੋਸਾ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਉੱਪ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਨਿਗਮ ਦੇ ਮੋਹਾਲੀ ਦਫਤਰ ਵਿਖੇ ਆਪਣੀਆਂ ਮੰਗਾਂ ਅਤੇ ਮੁਸ਼ਕਲਾਂ ਦੇ ਹੱਲ ਲਈ ਮੁਲਾਕਾਤ ਕਰਨ ਆਏ 108 ਐਂਬੂਲੈਂਸ ਐਸੋਸੀਏਸ਼ਨ ਪੰਜਾਬ ਦੇ ਮੁਲਾਜ਼ਮਾਂ ਦੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀਆਂ ਮੰਗਾਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਧਿਆਨ ਵਿੱਚ ਲਿਆ ਕੇ ਉਨ੍ਹਾਂ ਦਾ ਜਲਦ ਨਿਪਟਾਰਾ ਕਰਵਾਉਣ ਦੀ ਕੋਸ਼ਿਸ਼ ਕਰਨਗੇ।ਮੁਲਾਕਾਤ ਦੌਰਾਨ ਐਂਬੂਲੈਂਸ ਐਸੋਸੀਏਸ਼ਨ ਪੰਜਾਬ ਦੇ ਮੁਲਾਜ਼ਮਾਂ ਨੂੰ ਆ ਰਹੀਆਂ ਦਿੱਕਤਾਂ ਬੜੇ ਠਰੰਮੇ ਨਾਲ ਸੁਣਨ ਉਪਰੰਤ, ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਉੱਪ ਚੇਅਰਮੈਨ ਮਨਿੰਦਰਜੀਤ ਸਿੰਘ ਵਿੱਕੀ ਘਨੌਰ ਨੇ ਕਿਹਾ ਕਿ 108 ਐਂਬੂਲੈਂਸ ਐਸੋਸੀਏਸ਼ਨ ਦੇ ਵੱਖ-ਵੱਖ ਅਹੁਦੇਦਾਰ ਉਨ੍ਹਾਂ ਦੇ ਦਫਤਰ ਪਹੁੰਚੇ ਸਨ ਅਤੇ ਆਪਣੀ ਮੰਗਾਂ ਸੰਬੰਧੀ ਇੱਕ ਮੰਗ ਪੱਤਰ ਦੇਣ ਉਪਰੰਤ ਇਸ ਤੇ ਵਿਸਤ੍ਰਿਤ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦੀਆਂ ਮੰਗਾਂ ਨੂੰ ਜਲਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਧਿਆਨ



ਵਿੱਚ ਲਿਆਂਦੀਆਂ ਜਾਣਗੀਆਂ। ਇਸ ਮੌਕੇ 108 ਐਂਬੂਲੈਂਸ ਪੰਜਾਬ ਐਸੋਸੀਏਸ਼ਨ ਦੇ ਪ੍ਰਧਾਨ ਮਣੀ ਕੁਮਾਰ ਨੇ ਕਿਹਾ ਕਿ 108 ਐਂਬੂਲੈਂਸ ਐਸੋਸੀਏਸ਼ਨ ਪੰਜਾਬ ਦੇ ਮੁਲਾਜ਼ਮਾਂ ਨੂੰ ਪੰਜਾਬ ਸਰਕਾਰ ਅਤੇ ਵਾਇਸ ਚੇਅਰਮੈਨ ਵਿੱਕੀ ਘਨੌਰ ਤੋਂ ਪੂਰੀ ਉਮੀਦ ਹੈ ਕਿ ਉਹ ਮੁਲਾਜ਼ਮਾਂ ਦੇ ਬਣਦੇ ਹੱਕ ਦਿਵਾਉਣਗੇ।

## ਨਹੀਂ ਜਾਗ ਰਿਹਾ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ ਦਾ ਪ੍ਰਸ਼ਾਸਕੀ ਅਮਲਾ !

### ਬੰਦ ਪਿਆ ਆਕਸੀਜਨ ਪਲਾਂਟ, ਵੱਡੇ ਹਾਦਸੇ ਦੀ ਉਡੀਕ ਕਰ ਰਿਹਾ ਜ਼ਿਲ੍ਹਾ ਪ੍ਰਸ਼ਾਸਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਦੇਖਣ ਵਿੱਚ ਆਇਆ ਹੈ ਕਿ ਬਹੁਤੇ ਸਰਕਾਰੀ ਹਸਪਤਾਲਾਂ ਵਿੱਚ ਆਕਸੀਜਨ ਪਲਾਂਟ ਲੱਗੇ ਤਾਂ ਹੋਏ ਹਨ ਪਰ ਇਨ੍ਹਾਂ ਦੇ ਰੱਖ ਰਖਾਓ ਵਿੱਚ ਵੱਡੇ ਪੱਧਰ 'ਤੇ ਲਾਪਰਵਾਹੀ ਕੀਤੀ ਜਾਂਦੀ ਹੈ ਜਿਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ ਅਤੇ ਇਸ ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਦਾ ਖਮਿਆਜ਼ਾ ਮਰੀਜ਼ਾਂ ਨੂੰ ਭੁਗਤਣਾ ਪੈਂਦਾ ਹੈ। ਸਿਵਲ ਹਸਪਤਾਲ ਹੁਸ਼ਿਆਰਪੁਰ ਦਾ ਤਾਂ ਬਾਬਾ ਆਦਮ ਹੀ ਨਿਰਾਲਾ ਹੈ ਜਿੱਥੇ ਦੇ ਅਧਿਕਾਰੀ ਹਾਦਸਾ ਵਾਪਰਨ ਤੋਂ ਬਾਅਦ ਹੀ ਜਾਗਦੇ ਹਨ। ਸਿਹਤ ਵਿਭਾਗ ਦੇ ਆਹਲਾ ਸਰਕਾਰੀ ਅਧਿਕਾਰੀਆਂ ਦੀ ਭਾਰੀ ਲਾਪਰਵਾਹੀ ਅਤੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਾ ਅਹਿਲੀਅਤ ਸਦਕਾ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਮਰਦੇ ਹੋਏ ਮਰੀਜ਼ ਨੂੰ ਜੀਵਨ ਦਾਨ ਦੇਣ ਵਾਲੇ ਲੱਖਾਂ ਕਰੋੜਾਂ ਰੁਪਈਆਂ ਦੀ ਲਾਗਤ ਵਾਲੇ ਆਕਸੀਜਨ ਜਨਰੇਸ਼ਨ ਪਲਾਂਟ ਪਲਾਂਟ ਬੰਦ ਪਏ ਹਨ। ਸਿਤਮਜ਼ਰੀਫੀ ਇਹ ਕਿ ਇਸ ਆਕਸੀਜਨ ਜਨਰੇਸ਼ਨ ਪਲਾਂਟ ਦੀ ਦੇਖਭਾਲ ਵਿੱਚ ਖੁਦ ਸਿਹਤ ਵਿਭਾਗ ਵੱਲੋਂ ਦਿਖਾਈ ਜਾ ਰਹੀ ਗੰਭੀਰ ਲਾਪਰਵਾਹੀ ਵਿੱਚ ਵਿਭਾਗ ਦੇ ਹੀ ਆਹਲਾ ਅਧਿਕਾਰੀਆਂ ਦਾ ਭਾਰੀ ਰੋਲ ਹੈ ਜਿਨ੍ਹਾਂ ਨੇ ਕੇਵਲ ਆਪਣੀ ਜ਼ਿੰਮੇਵਾਰੀ ਦਾ ਭਾਰ ਸਿਰ ਤੋਂ ਲਾਹੁਣ ਲਈ ਕਾਗਜ਼ੀ ਕਾਰਵਾਈ ਤਾਂ ਵੱਧ ਕੀਤੀ ਅਧਿਮੀਅਤ ਲਈ ਕੀਤੀ ਹੈ ਅਤੇ ਨਾ ਹੀ ਇਸ ਮਸਲੇ ਦੇ ਹੱਲ ਲਈ ਕੋਈ ਸਾਰਥਕ ਯਤਨ ਹੀ ਅਮਲ ਵਿੱਚ ਲਿਆਂਦੇ ਹਨ ।ਇਹ ਵੇਖਿਆ ਗਿਆ ਕਿ ਦੋਵੇਂ ਆਕਸੀਜਨ ਜਨਰੇਸ਼ਨ ਪਲਾਂਟ ਦੀ ਤਾਲਾਬੰਦੀ ਕੀਤੀ ਹੋਈ ਹੈ ਅਤੇ ਇਹ ਕੰਮ ਕਰਨ ਦੀ ਸਥਿਤੀ ਵਿੱਚ ਨਹੀਂ ਹੈ। ਪੁੱਛ ਪੜਤਾਲ ਕਰਨ ਤੋਂ ਪਤਾ ਚੱਲਿਆ ਕਿ ਪਿਛਲੇ ਕਰੀਬ ਇੱਕ ਸਾਲ ਤੋਂ ਇਹ ਦੋਵੇਂ ਆਕਸੀਜਨ ਪਲਾਂਟ ਬੰਦ ਪਏ ਹੋਏ ਹਨ। ਇਸ ਸੰਬੰਧੀ ਮੁੱਖ ਮੰਤਰੀ ਪੰਜਾਬ ਨੂੰ 21 ਜਨਵਰੀ 2025 ਨੂੰ ਪੱਤਰ ਲਿਖ



ਕੇ ਜਾਣੂ ਕਰਵਾਇਆ ਗਿਆ ਹੈ ਪਰ ਕੋਈ ਪ੍ਰਭਾਵਸ਼ਾਲੀ ਕਾਰਵਾਈ ਹੋਈ ਦਿਖਾਈ ਨਹੀਂ ਦੇ ਰਹੀ। ਮੁੱਖ ਮੰਤਰੀ ਭਗਵੰਤ ਮਾਨ ਨੂੰ ਲਿਖੇ ਇਸ ਪੱਤਰ ਵਿੱਚ ਲੰਮੇ ਸਮੇਂ ਤੋਂ ਬੰਦ ਪਏ ਇਹਨਾਂ ਆਕਸੀਜਨ ਪਲਾਂਟਾਂ ਨੂੰ ਸਮੇਂ ਸਿਰ ਠੀਕ ਨਾ ਕਰਾਉਣ ਲਈ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਹੋਰ ਜ਼ਿੰਮੇਵਾਰ ਪ੍ਰਸ਼ਾਸਕ ਤੇ ਹੋਰ ਅਧਿਕਾਰੀਆਂ ਨੂੰ ਮੌਜੂਦਾ ਸੀਟ ਤੋਂ ਤੁਰੰਤ ਪ੍ਰਭਾਵ ਨਾਲ ਹਟਾ ਕੇ ਇਨ੍ਹਾਂ ਖਿਲਾਫ ਵਿਭਾਗੀ ਸਖ਼ਤ ਵਿਭਾਗੀ ਕਾਰਵਾਈ ਅਤੇ ਲਾਪਰਵਾਹੀ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਤੁਰੰਤ ਯੋਗ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮਾਮਲੇ ਸੰਬੰਧੀ ਸੰਪਰਕ ਕੀਤੇ ਜਾਣ ਤੇ ਸਿਵਲ ਸਰਜਨ ਡਾਕਟਰ ਪਵਨ ਕੁਮਾਰ ਸ਼ੰਗੋਤਰਾ ਨੇ ਦੱਸਿਆ ਕਿ ਆਕਸੀਜਨ ਜਨਰੇਸ਼ਨ ਪਲਾਂਟ ਨੂੰ ਚਾਲੂ ਕਰਨ ਦਾ ਪ੍ਰੋਜੈਕਟ ਕਾਫੀ ਮਹਿੰਗਾ ਹੋਣ ਕਾਰਨ ਇਸ ਦੀ ਜਗ੍ਹਾ ਲਿਕੁਈਫਾਈਡ ਮੈਡੀਕਲ ਆਕਸੀਜਨ (ਐਲ ਐੱਮ ਓ) ਨੂੰ ਚਾਲੂ ਕਰਨ ਲਈ ਸਰਕਾਰ ਨੂੰ ਪ੍ਰੋਪੋਜ਼ਲ ਭੇਜਿਆ ਗਿਆ ਸੀ, ਜੋ ਮਨਜ਼ੂਰ ਹੋ ਚੁੱਕਾ ਹੈ ਅਤੇ ਬਹੁਤ ਜਲਦੀ ਇਸ 'ਤੇ ਕੰਮ ਸ਼ੁਰੂ ਹੋ ਜਾਵੇਗਾ । ਹਾਲ ਦੀ ਘੜੀ ਆਕਸੀਜਨ ਸਿਲੰਡਰ ਰਾਹੀਂ ਸਪਲਾਈ ਦਿੱਤੀ ਜਾ ਰਹੀ ਹੈ ਜੋ ਕਾਫੀ ਮਹਿੰਗੀ ਪੈਂਦੀ ਹੈ ।

## ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ 85ਵੀਂ ਬਰਸੀ ਸਮਾਗਮ ਅੱਜ ਤੋਂ

**ਬੰਗਾ (ਅਵਤਾਰ ਕਲੇਰ)** ਧੰਨ - ਧੰਨ ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੀ 85ਵੀਂ ਸਾਲਾਨਾ ਬਰਸੀ 21 ਅਗਸਤ ਤੋਂ 23 ਅਗਸਤ ਤੱਕ ਸਮੂਹ ਪ੍ਰਬੰਧਕ ਕਮੇਟੀ ਗ੍ਰਾਮ ਪੰਚਾਇਤ ਸਮੂਹ ਸੰਗਤ, ਐਨ.ਆਰ.ਆਈ ਵੀਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਮਜਾਰਾ ਨੌ ਅਬਾਦ ਵਿਖੇ ਬੜੀ ਸ਼ਰਧਾ ਪੂਰਵਕ ਨਾਲ ਮਨਾਈ ਜਾ ਰਹੀ ਹੈ।ਬਰਸੀ ਸਮਾਗਮ ਸੰਬੰਧੀ ਪ੍ਰਬੰਧਕਾਂ ਨੇ ਦੱਸਿਆ ਕਿ ਪਵਿੱਤਰ ਧਾਰਮਿਕ ਅਸਥਾਨ ਤੇ 21 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਉਪਰੰਤ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਸਜਾਇਆ ਜਾਵੇਗਾ।ਨਗਰ ਕੀਰਤਨ ਧਾਰਮਿਕ ਅਸਥਾਨ ਤੋਂ ਆਰੰਭ ਹੋ ਕੇ ਸਾਰੇ ਨਗਰ ਦੀ ਪ੍ਰਕਰਮਾ ਕਰਦਿਆਂ ਹੋਇਆਂ ਸ਼ਾਮ ਨੂੰ ਰਾਜਾ ਸਾਹਿਬ ਜੀ ਦੇ ਅਸਥਾਨ ਤੇ ਸਮਾਪਤ ਹੋਵੇਗਾ।22 ਅਗਸਤ ਨੂੰ ਖੁੱਲ੍ਹੇ ਪੰਡਾਲ ਵਿੱਚ ਢਾਡੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ।23 ਅਗਸਤ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਭੋਗ ਤੋਂ ਉਪਰੰਤ ਖੁੱਲ੍ਹੇ ਪੰਡਾਲ ਸਜਾਏ ਜਾਣਗੇ।

## ਇਨਵੈਸਚਰ ਸਮਾਰੋਹ ਰਾਹੀਂ ਵਿਦਿਆਰਥੀ ਨੇਤਾਵਾਂ ਦੀ ਨਿਯੁਕਤੀ




**ਡੇਰਾਬੱਸੀ (ਵਿਨੈ ਕੁਮਾਰ ਜੈਨ)** ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਡੇਰਾਬੱਸੀ ਵਿਖੇ ਸਾਲਾਨਾ ਇਨਵੈਸਚਰ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਨਵੇਂ ਚੁਣੇ ਗਏ ਹੈੱਡ ਬੋਆਏ, ਹੈਡ ਗਰਲ, ਕੈਪਟਨ, ਵਾਇਸ ਕੈਪਟਨ ਅਤੇ ਸਟੇਜ ਸੈਕਟਰੀ ਨੇ ਆਪਣੇ ਸਹਿਯੋਗੀ ਵਿਦਿਆਰਥੀਆਂ ਦੀ ਭਲਾਈ ਲਈ ਸਮਰਪਿਤ ਰਹਿਣ ਦੀ ਸਹੁੰ ਚੁੱਕੀ।ਹੈੱਡ ਬੁਆਏ ਦੇ ਰੂਪ ਵਿੱਚ ਤੁਸ਼ਾਰ ਸ਼ਰਮਾ (ਬਾਰ੍ਹਵੀਂ ਸਾਇੰਸ) ਅਤੇ ਹੈੱਡ ਗਰਲ ਦੇ ਰੂਪ ਵਿੱਚ ਅਰਸ਼ਪ੍ਰੀਤ ਕੌਰ (ਬਾਰ੍ਹਵੀਂ ਕਾਮਰਸ) ਚੁਣੇ ਗਏ।ਸਕੂਲ ਦੀ ਪ੍ਰਿੰਸੀਪਲ ਕਵਿਤਾ ਅੱਤਰੀ ਨੇ ਨਵੇਂ ਨੇਤਾਵਾਂ ਨੂੰ ਬੈਜ ਲਗਾ ਕੇ ਸਨਮਾਨਿਤ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਨੈਤਿਕਤਾ, ਸੱਚਾਈ, ਸਮਰਪਣ, ਸਵੈ- ਅਨੁਸ਼ਾਸਨ, ਇਮਾਨਦਾਰੀ ਅਤੇ ਮਿਹਨਤ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਪ੍ਰੇਰਿਤ ਕੀਤਾ।ਸਕੂਲ ਦੀ ਮੈਨੇਜਿੰਗ ਕਮੇਟੀ ਅਤੇ ਉਪ-ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਸਕੂਲ ਦੇ ਵਿਦਿਆਰਥੀ ਨੇਤਾਵਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਉਹ ਅਗਲੇ ਸਾਲਾਂ 'ਚ ਆਪਣੇ ਸਹਿਯੋਗੀ ਵਿਦਿਆਰਥੀਆਂ ਲਈ ਪ੍ਰੇਰਨਾਦਾਇਕ ਰੋਲ ਮਾਡਲ ਸਾਬਤ ਹੋਣ।ਸਮਾਰੋਹ ਦੇ ਅੰਤ ਵਿੱਚ ਵਿਦਿਆਰਥੀਆਂ ਨੇ ਸਹੁੰ ਚੁੱਕੀ ਕਿ ਉਹ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਹਮੇਸ਼ਾਂ ਤਿਆਰ ਰਹਿਣਗੇ ਅਤੇ ਸਕੂਲ ਦੀ ਸ਼ਾਨ ਵਧਾਉਣਗੇ।ਅੰਤ ਵਿੱਚ ਰਾਸ਼ਟਰੀ ਗੀਤ ਨਾਲ ਸਮਾਰੋਹ ਦੀ ਸਫ਼ਲਤਾਪੂਰਵਕ ਸਮਾਪਤੀ ਕੀਤੀ ਗਈ।

## ਪਹਿਲੀ ਪਾਤਸ਼ਾਹੀ ਦੇ ਵਿਆਹ ਪੁਰਬ ਦੀ ਯਾਦ 'ਚ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਜਾਰੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਵੱਲੋਂ ਸਮੂਹ ਸੰਤਾਂ ਮਹਾਂਪੁਰਸ਼ਾਂ ਤੇ ਧਾਰਮਿਕ ਜਥੇਬੰਦੀਆਂ ਦੇ ਸਹਿਯੋਗ ਨਾਲ



ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀ ਯਾਦ 'ਚ ਸਜਾਏ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਲਈ ਅੱਜ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਸਮੂਹ ਧਾਰਮਿਕ ਜਥੇਬੰਦੀਆਂ ਦੀ ਵਿਸ਼ੇਸ਼ ਮੀਟਿੰਗ ਮੈਨੇਜਰ ਗੁਰਦੁਆਰਾ ਸ੍ਰੀ ਬੇਰ ਸਾਹਿਬ ਭਾਈ ਅਵਤਾਰ ਸਿੰਘ ਦੀ ਅਗਵਾਈ 'ਚ ਹੋਈ। ਜਿਸ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ ਤੇ ਬੀਬੀ ਗੁਰਪ੍ਰੀਤ ਕੌਰ ਰੂਹੀ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦੀ ਯਾਦ ਵਿਚ 29 ਅਗਸਤ ਨੂੰ ਸਵੇਰੇ ਸਾਢੇ ਪੰਜ ਵਜੇ ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਜੋ ਕਿ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਆਰੰਭ ਹੋ ਕੇ ਤਲਵੰਡੀ ਚੌਧਰੀਆਂ, ਢਿੱਲਵਾਂ, ਬਿਆਸ, ਬਾਬਾ ਬਕਾਲਾ ਤੋਂ ਹੁੰਦਾ ਹੋਇਆ ਗੁਰਦੁਆਰਾ ਸਤਿ ਕਰਤਾਰੀਆ ਬਟਾਲਾ ਵਿਖੇ ਪੁੱਜ ਕੇ ਸਮਾਪਤ ਹੋਵੇਗਾ।ਮੈਨੇਜਰ ਬੇਰ ਸਾਹਿਬ ਭਾਈ ਅਵਤਾਰ ਸਿੰਘ ਨੇ ਇਸ ਮੀਟਿੰਗ ਵਿੱਚ ਹਾਜ਼ਰ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਥੇਦਾਰ ਜਰਨੈਲ ਸਿੰਘ ਡੋਗਰਾਵਾਲ ਤੇ ਬੀਬੀ ਗੁਰਪ੍ਰੀਤ ਕੌਰ ਰੂਹੀ ਮੈਂਬਰ ਸ਼੍ਰੋਮਣੀ ਕਮੇਟੀ, ਮੈਨੇਜਰ ਬੇਰ ਸਾਹਿਬ ਅਵਤਾਰ ਸਿੰਘ, ਮੀਤ ਮੈਨੇਜਰ ਚੰਚਲ ਸਿੰਘ ਤੇ ਗੁਰਜੀਤ ਸਿੰਘ, ਬਾਬਾ ਜਸਪਾਲ ਸਿੰਘ ਨੀਲਾ, ਹੈਡ ਗ੍ਰੰਥੀ ਬੇਰ ਸਾਹਿਬ ਗਿਆਨੀ ਸਤਨਾਮ ਸਿੰਘ, ਭਾਈ ਹਰਜਿੰਦਰ ਸਿੰਘ ਚੰਡੀਗੜ੍ਹ, ਪ੍ਰਚਾਰਕ ਭਾਈ ਹਰਜੀਤ ਸਿੰਘ, ਜਥੇਦਾਰ ਗੁਰਦਿਆਲ ਸਿੰਘ ਖਾਲਸਾ ਸੀਨੀਅਰ ਆਗੂ, ਰਾਜਾ ਗੁਰਪ੍ਰੀਤ ਸਿੰਘ ਪ੍ਰਧਾਨ ਬਾਬਾ ਸ੍ਰੀ ਚੰਦ ਜੀ ਵੈਲਫੇਅਰ ਸੇਵਾ ਸੋਸਾਇਟੀ, ਮਨਜੀਤ ਸਿੰਘ ਮਿਸਤਰੀ, ਭਾਈ ਬਾਲਾ ਜੀ ਨਿਸ਼ਕਾਮ ਸੇਵਾ ਸੋਸਾਇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਸੋਢੀ, ਸੰਤੋਖ ਸਿੰਘ ਪ੍ਰਧਾਨ ਗੁਰੂ ਨਾਨਕ ਸੇਵਕ ਜਥਾ ਬਾਹਰਾ, ਬੀਬੀ ਬਲਜੀਤ ਕੌਰ, ਡਾਕਟਰ ਜਨਕ ਵਾਹੀ ਆਦਿ ਸ਼ਾਮਲ ਸਨ।

## ਜਲੰਧਰ ਪ੍ਰੋਫੈਸ਼ਨਲ ਫੋਟੋਗ੍ਰਾਫਰਜ਼ ਐਸੋਸੀਏਸ਼ਨ ਨੇ 185ਵਾਂ ਵਿਸ਼ਵ ਫੋਟੋਗ੍ਰਾਫੀ ਦਿਵਸ ਮਨਾਇਆ



**ਜਲੰਧਰ (ਰਾਜੇਸ਼ ਥਾਪਾ)** ਜਲੰਧਰ ਪ੍ਰੋਫੈਸ਼ਨਲ ਫੋਟੋਗ੍ਰਾਫਰਜ਼ ਐਸੋਸੀਏਸ਼ਨ ਨੇ 185ਵਾਂ ਵਿਸ਼ਵ ਫੋਟੋਗ੍ਰਾਫੀ ਦਿਵਸ ਮਨਾਇਆ।ਇਸ ਦੌਰਾਨ ਪ੍ਰੋਫੈਸ਼ਨਲ ਫੋਟੋਗ੍ਰਾਫਰਜ਼ ਐਸੋਸੀਏਸ਼ਨ ਵੱਲੋਂ ਕੇਕ ਵੀ ਕੱਟਿਆ ਗਿਆ।ਇਸ ਤੋਂ ਬਾਅਦ ਖੁਸ਼ੀ ਸਾਂਝੀ ਕਰਦੇ ਹੋਏ ਸਾਰਿਆਂ ਨੇ ਇੱਕ ਦੂਜੇ ਨੂੰ ਵਿਸ਼ਵ ਫੋਟੋਗ੍ਰਾਫੀ ਦਿਵਸ ਦੀ ਵਧਾਈ ਦਿੱਤੀ।ਇਸ ਮੌਕੇ ਫੋਟੋਗ੍ਰਾਫਰਜ਼ ਐਸੋਸੀਏਸ਼ਨ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਫੋਟੋਗ੍ਰਾਫੀ ਖੇਤਰ ਵਿੱਚ ਨਵੀਂ ਤਕਨਾਲੋਜੀ ਅਤੇ ਬਾਰੀਕੀਆਂ ਬਾਰੇ ਸਾਰਿਆਂ ਨਾਲ ਚਰਚਾ ਕੀਤੀ।ਪ੍ਰਧਾਨ ਰਮੇਸ਼ ਹੈਪੀ ਅਤੇ ਜਨਰਲ ਸਕੱਤਰ ਰਾਜੇਸ਼ ਥਾਪਾ ਨੇ ਕਿਹਾ ਕਿ 1841 ਵਿੱਚ ਫਰਾਂਸੀਸੀ ਸਰਕਾਰ ਨੇ 19 ਅਗਸਤ ਨੂੰ ਵਿਸ਼ਵ ਫੋਟੋਗ੍ਰਾਫੀ ਦਿਵਸ ਵਜੋਂ ਘੋਸ਼ਿਤ ਕੀਤਾ ਸੀ।ਫੋਟੋਗ੍ਰਾਫੀ ਦੀ ਖੋਜ ਨਾਈਸਫੋਰ ਨਾਈਸ ਅਤੇ ਲੂਈਸ ਡਾਗੁਏਰੇ ਨੇ ਕੀਤੀ ਸੀ।ਇੱਕ ਫੋਟੋ ਕਲਿੱਕ ਕਰਨਾ, ਫਿਰ ਇਸਨੂੰ ਧੋਣਾ ਅਤੇ ਫਿਰ ਇਸਨੂੰ ਕਾਗਜ਼ 'ਤੇ ਲਗਾਉਣਾ। ਇਸ ਤਰੀਕੇ ਨੂੰ 9 ਜਨਵਰੀ 1939 ਨੂੰ ਫਰਾਂਸੀਸੀ ਅਕੈਡਮੀ ਆਫ਼ ਸਾਇੰਸ ਦੁਆਰਾ ਮਾਨਤਾ ਦਿੱਤੀ ਗਈ ਸੀ।ਇੱਕ ਤਸਵੀਰ ਨੂੰ ਹਜ਼ਾਰ ਸ਼ਬਦਾਂ ਦੇ ਬਰਾਬਰ ਮੰਨਿਆ ਜਾਂਦਾ ਹੈ।ਦੇਸ਼ ਅਤੇ ਦੁਨੀਆ ਵਿੱਚ ਹਰ ਸਾਲ 19 ਅਗਸਤ ਨੂੰ ਫੋਟੋਗ੍ਰਾਫੀ ਦਿਵਸ ਮਨਾਇਆ ਜਾਂਦਾ ਹੈ।ਤਸਵੀਰਾਂ ਖਿੱਚਣਾ ਇੱਕ ਅਜਿਹੀ ਕਲਾ ਹੈ ਜੋ ਸਮਾਜ ਵਿੱਚ ਕਈ ਸ਼ਾਨਦਾਰ ਬਦਲਾਅ ਲਿਆ ਸਕਦੀ ਹੈ।ਬਦਲਦੇ ਸਮੇਂ ਵਿੱਚ ਤਸਵੀਰਾਂ ਖਿੱਚਣ ਦਾ ਰੂਪ ਵੀ ਬਦਲ ਗਿਆ ਹੈ।ਇਸ ਮੌਕੇ ਪ੍ਰਧਾਨ ਰਮੇਸ਼ ਹੈਪੀ, ਜਨਰਲ ਸਕੱਤਰ ਰਾਜੇਸ਼ ਥਾਪਾ, ਰਮੇਸ਼ ਗਾਬਾ, ਸੁਰਿੰਦਰ ਬੇਰੀ, ਬਲਰਾਜ ਸਿੰਘ, ਰਿਸ਼ੀ ਸ਼ਰਮਾ, ਟਿੰਕੂ ਪੰਡਿਤ, ਤ੍ਰਿਲੋਕ ਚੁੱਘ ਹਰੀਸ਼ ਕੁਮਾਰ, ਸੁਰਿੰਦਰ ਵਰਮਾ, ਸੰਜੀਵ ਹੈਪੀ, ਗੁਰਪਾਲ,ਅਸ਼ੋਕ ਕੁਮਾਰ, ਸੰਦੀਪ ਕੁਮਾਰ, ਗੁਰਵਿੰਦਰ ਛਾਬੜਾ, ਸੂਰਜ ਮਹੇਂਦਰੂ, ਰਾਹੁਲ ਬੇਰੀ, ਰਾਜੇਸ਼ ਸ਼ਰਮਾ ਆਦਿ ਮੌਜੂਦ ਸਨ।

## ਰਿਆਤ ਬਾਹਰਾ 'ਵਰਸਿਟੀ ਵੱਲੋਂ ਰਾਸ਼ਟਰੀ ਲਾਇਬ੍ਰੇਰੀਅਨ ਦਿਵਸ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਯੂਨੀਵਰਸਿਟੀ ਦੀ ਕੇਂਦਰੀ ਲਾਇਬ੍ਰੇਰੀ ਵੱਲੋਂ ਪਦਮਸ਼੍ਰੀ ਡਾ. ਐਸ. ਆਰ. ਰੰਗਨਾਥਨ ਦੇ ਜਨਮ ਦਿਵਸ ਨੂੰ ਯਾਦਗਾਰ ਬਣਾਉਂਦੇ ਹੋਏ ਰਾਸ਼ਟਰੀ ਲਾਇਬ੍ਰੇਰੀਅਨ ਦਿਵਸ ਬੜੇ



ਉਤਸ਼ਾਹ ਨਾਲ ਮਨਾਇਆ ਗਿਆ। ਡਾ. ਰੰਗਨਾਥਨ ਨੂੰ ਭਾਰਤ ਵਿੱਚ ਲਾਇਬ੍ਰੇਰੀ ਵਿਗਿਆਨ ਦਾ ਪਿਤਾਮਾ ਮੰਨਿਆ ਜਾਂਦਾ ਹੈ। ਸਮਾਰੋਹ ਦੀ ਸ਼ੁਰੂਆਤ ਉਨ੍ਹਾਂ ਦੀ ਤਸਵੀਰ ਅੱਗੇ ਫੁੱਲ ਭੇਟ ਕਰਕੇ ਕੀਤੀ ਗਈ।ਇਸ ਮੌਕੇ ਉਨ੍ਹਾਂ ਦੇ ਲਾਇਬ੍ਰੇਰੀ ਵਿਗਿਆਨ ਵਿੱਚ ਕੀਤੇ ਮਹੱਤਵਪੂਰਨ ਯੋਗਦਾਨਾਂ ਜਿਵੇਂ ਕਿ ਪੰਜ ਨਿਯਮ ਅਤੇ ਕੋਲਨ ਵਰਗੀਕਰਣ ਪ੍ਰਣਾਲੀ ਨੂੰ ਯਾਦ ਕੀਤਾ ਗਿਆ।ਸਮਾਗਮ ਵਿੱਚ ਡੀਨ, ਵਿਭਾਗ ਮੁਖੀ, ਫੈਕਲਟੀ ਮੈਂਬਰਾਂ, ਵਿਦਿਆਰਥੀਆਂ ਅਤੇ ਲਾਇਬ੍ਰੇਰੀ ਸਟਾਫ਼ ਨੇ ਵਧ-ਚੜ੍ਹ ਕੇ ਭਾਗ ਲਿਆ।ਇਸ ਦੌਰਾਨ ਕਿਤਾਬਾਂ ਦੀ ਪ੍ਰਦਰਸ਼ਨੀ ਅਤੇ ਡਿਜੀਟਲ ਸਰੋਤਾਂ 'ਤੇ ਇਕ ਇੰਟਰਐਕਟਿਵ ਸੈਸ਼ਨ ਵੀ ਆਯੋਜਿਤ ਕੀਤਾ ਗਿਆ।ਸੈਂਟਰਲ ਲਾਇਬ੍ਰੇਰੀ ਦੀ ਲਾਇਬ੍ਰੇਰੀਅਨ ਪ੍ਰੋ. ਸਾਕਸ਼ੀ ਬਹਿਲ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਡਾ. ਰੰਗਨਾਥਨ ਨੇ ਲਾਇਬ੍ਰੇਰੀ ਵਿਗਿਆਨ ਨੂੰ ਇੱਕ ਮਾਨਤਾ ਪ੍ਰਾਪਤ ਅਕਾਦਮਿਕ ਵਿਸ਼ੇ ਵਜੋਂ ਸਥਾਪਿਤ ਕਰਨ ਵਿੱਚ ਅਨਮੋਲ ਭੂਮਿਕਾ ਨਿਭਾਈ।ਰਿਆਤ ਬਾਹਰਾ ਯੂਨੀਵਰਸਿਟੀ ਦੇ ਪ੍ਰੋ ਵਾਈਸ-ਚਾਂਸਲਰ ਪ੍ਰੋ. (ਡਾ.) ਐਸ ਕੇ ਬਾਂਸਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਿਜੀਟਲ ਯੁੱਗ ਵਿੱਚ ਲਾਇਬ੍ਰੇਰੀਆਂ ਗਿਆਨ ਦੇ ਕੇਂਦਰ ਵਜੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ।ਉਨ੍ਹਾਂ ਨੇ ਲਾਇਬ੍ਰੇਰੀ ਸਟਾਫ਼ ਨੂੰ ਸਮਰਪਣ ਨਾਲ ਕੰਮ ਕਰਨ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਇਹ ਯਾਤਰਾ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

## ਆਜ਼ਾਦੀ ਦਿਵਸ 'ਤੇ ਕਰਮਚਾਰੀਆਂ ਤੇ ਸਮਾਜ ਸੇਵੀਆਂ ਦੇ ਸਨਮਾਨ ਸਵਾਲਾਂ ਦੇ ਘੇਰੇ 'ਚ !

### ਪ੍ਰਸ਼ਾਸ਼ਨ ਵੱਲੋਂ ਨਾਂਅ ਮੰਗ ਕੇ ਵੀ ਸਨਮਾਨ ਨਾ ਕਰਨਾ ਪੱਤਰਕਾਰਾਂ ਦੀ ਤੌਹੀਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹਰ ਸਾਲ ਭਾਰਤ ਦੇ ਰਾਸ਼ਟਰੀ ਤਿਉਹਾਰਾਂ ਮੌਕੇ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾਂਦੇ ਸਰਕਾਰੀ ਸਮਾਰੋਹਾਂ ਮੌਕੇ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਲੋਕ-ਭਲਾਈ ਲਈ ਕੰਮ ਕਰਨ ਵਾਲੇ ਸਰਕਾਰੀ ਮੁਲਾਜ਼ਮਾਂ ਅਤੇ ਸਮਾਜ ਸੇਵੀਆਂ ਦੀ ਬਜਾਏ ਅਕਸਰ ਸਰਕਾਰੀ ਅਫਸਰਾਂ ਦੀ ਆਓ ਭਗਤ ਕਰਨ ਵਾਲੇ ਲੋਕਾਂ ਦੇ ਸਨਮਾਨ ਹੁੰਦੇ ਹਨ। ਜਿਸ ਕਾਰਨ ਸੱਚਮੁੱਚ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਅਤੇ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਾਲੇ ਮੁਲਾਜ਼ਮ ਅਣਗੌਲੇ ਰਹਿ ਜਾਂਦੇ ਹਨ। ਇਸ ਵਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੁਸ਼ਿਆਰਪੁਰ ਵਿੱਚ ਕਰਵਾਏ ਗਏ ਆਜ਼ਾਦੀ ਦਿਹਾੜੇ ਸਮਾਗਮ ਮੌਕੇ ਵੀ ਅਜਿਹਾ ਕੁਝ ਹੀ ਹੋਇਆ ਦੇਖਣ ਨੂੰ ਮਿਲਿਆ ਜਿਸ ਨਾਲ ਇਹ ਸਵਾਲ ਵੀ ਉੱਠੇ ਕਿ ਜਦੋਂ ਇਨਾਮ ਤੇ ਸਨਮਾਨ ਦੀ ਲੜੀ ਬੇਈਮਾਨਾਂ ਦੇ ਹਿੱਸੇ ਹੀ ਲਿਖੀ ਜਾਣੀ ਹੈ ਤਾਂ ਫਿਰ ਇਮਾਨਦਾਰੀ ਕਿਉਂ ਪੱਛੜ ਜਾਂਦੀ ਹੈ, ਕੀ ਸਚਾਈ, ਨਿਸ਼ਠਾ ਅਤੇ ਸੇਵਾ ਦਾ ਕੋਈ ਮੁੱਲ ਨਹੀਂ ? ਹੁਣ 2023 ਤੋਂ ਇਨ੍ਹਾਂ ਰਾਸ਼ਟਰੀ ਸਮਾਗਮਾਂ ਵਿੱਚ ਕਸੌਟੀ 'ਤੇ ਪੂਰੇ ਉਤਰਦੇ ਮਿਹਨਤੀ ਅਤੇ ਇਮਾਨਦਾਰ ਤੇ ਕੰਮ ਨੂੰ ਸਮਰਪਣ ਭਾਵਨਾ ਨਾਲ ਕਰਨ ਵਾਲੇ ਮੁਲਾਜ਼ਮਾਂ, ਵਾਤਾਵਰਣ ਪ੍ਰੇਮੀਆਂ ਤੇ ਸਮਾਜ ਸੇਵਕਾਂ ਨੂੰ ਸਨਮਾਨਤ ਕਰਨ ਦਾ ਰੁਝਾਨ ਘਟ ਗਿਆ ਹੈ । ਪਿਛਲੇ ਕੁਝ ਕੁ ਸਾਲਾਂ ਤੋਂ ਬਦਲਾਅ ਵਾਲੇ ਆਏ ਦੌਰ ਵਿੱਚ ਸਥਾਨਕ ਵਿਧਾਇਕਾਂ, ਕੌਂਸਲਰਾਂ ਤੇ ਇਨ੍ਹਾਂ ਦੇ ਰਿਸ਼ਤੇਦਾਰਾਂ, ਦੋਸਤਾਂ, ਉਨ੍ਹਾਂ ਦੀਆਂ ਸਹੇਲੀਆਂ ਦੇ ਸਕੇ ਸੰਬੰਧੀ ਕਰਮਚਾਰੀ ਸਨਮਾਨਤ ਕੀਤੇ ਜਾ ਰਹੇ ਹਨ। ਅਤੇ ਆਪਣਾ ਕੰਮ ਮਿਹਨਤ ਲਗਨ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀ ਘੋਰ ਨਿਰਾਸ਼ਾ ਦੇ ਆਲਮ ਵਿੱਚ ਬੇਵੱਸ ਨਜ਼ਰ ਆ ਰਹੇ ਹਨ । ਹੁਸ਼ਿਆਰਪੁਰ ਵਿੱਚ ਹਰ ਸਵਤੰਤਰਤਾ ਦਿਵਸ ਤੇ ਗਣਤੰਤਰ ਦਿਵਸ ਦੇ ਸਮਾਗਮਾਂ ਮੌਕੇ ਸ਼ਾਮਲ ਮੁੱਖ ਮਹਿਮਾਨ, ਡਿਪਟੀ ਕਮਿਸ਼ਨਰ ਅਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਇਹ ਪਤਾ ਨਹੀਂ ਹੁੰਦਾ ਕਿ ਜਿਨ੍ਹਾਂ ਦੇ ਸਨਮਾਨ ਹੋ ਰਹੇ ਹਨ ਉਹ ਇਸ ਸਨਮਾਨ ਲਈ ਯੋਗ ਪਾਤਰ ਵੀ ਹਨ ਜਾਂ ਨਹੀਂ। ਇਸ ਵਾਰ ਦੇ ਸਮਾਗਮ ਵਿੱਚ ਦੋ ਦਰਜਨ ਤੋਂ ਵੱਧ ਅਫਸਰਾਂ ਦੀ ਚਮਚਾਗਿਰੀ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨਤ ਕਰਵਾ ਗਏ। ਇਸ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਇਨ੍ਹਾਂ ਸਿਫਾਰਸ਼ੀ ਤੇ ਨਲਾਇਕ ਕਰਮੀਆਂ ਦੇ ਸਨਮਾਨ ਕਿਵੇਂ ਕੀਤੇ ਗਏ ਹਨ? ਆਉਣ ਵਾਲੇ ਸਮਿਆਂ ਵਿੱਚ ਸਨਮਾਨ ਦੇ ਪੱਤਰ ਉਹਨਾਂ ਹੱਥਾਂ ਤੱਕ ਪਹੁੰਚਣੇ ਚਾਹੀਦੇ ਹਨ ਜਿਨ੍ਹਾਂ ਨੇ ਆਪਣੀ ਇਮਾਨਦਾਰੀ ਨਾਲ ਪ੍ਰਣਾਲੀ ਨੂੰ ਸੱਚਮੁੱਚ ਚਲਾਇਆ ਹੈ ਅਤੇ ਸਰਕਾਰੀ ਸਕੀਮਾਂ ਨੂੰ ਯੋਗ ਲਾਭਪਾਤਰੀਆਂ ਲਈ ਸੰਜੀਦਾ ਢੰਗ ਨਾਲ ਪਹੁੰਚਾਇਆ ਹੈ, ਨਾ ਕਿ ਉਹਨਾਂ ਤੱਕ ਜੋ ਸਿਰਫ਼ ਪਦਵੀ ਅਤੇ ਰਿਸ਼ਵਤ ਦੇ ਆਸਰੇ ਮੋਟੀਆਂ ਮਲਾਈਆਂ ਖਾਂਦੇ ਅਤੇ ਅਫਸਰਾਂ ਦੀਆਂ ਚਾਪਲੂਸੀਆਂ ਕਰਦੇ ਨਹੀਂ ਥੱਕਦੇ? ਇਸ ਵਾਰ ਆਜ਼ਾਦੀ ਦਿਹਾੜੇ ਸਮਾਗਮਾਂ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੱਤਰਕਾਰਾਂ ਨਾਲ ਬਹੁਤ ਮਾੜੀ ਕੀਤੀ ਗਈ ਜਦ ਕਿ ਜ਼ਿਲਾ ਪ੍ਰਸ਼ਾਸਨ ਵੱਲੋਂ ਜ਼ਿਲਾ ਲੋਕ ਸੰਪਰਕ ਅਫਸਰ ਰਾਹੀਂ ਪੱਤਰਕਾਰਾਂ ਦੀਆਂ ਵੱਖ ਵੱਖ ਜਥੇਬੰਦੀਆਂ ਪਾਸ ਪਹੁੰਚ ਕਰਕੇ ਸਨਮਾਨਤ ਕਰਨ ਲਈ ਪੱਤਰਕਾਰਾਂ ਦੇ ਨਾਮ ਮੰਗੇ ਗਏ ਜਿਸ 'ਤੇ ਉਨ੍ਹਾਂ ਨੇ ਆਜ਼ਾਦੀ ਦਿਹਾੜੇ ਸਮਾਗਮਾਂ ਤੇ ਸਨਮਾਨਤ ਕਰਨ ਲਈ ਪੱਤਰਕਾਰਾਂ ਦੇ ਨਾਮ ਭੇਜ ਦਿੱਤੇ ਪਰ ਐਨ ਮੌਕੇ 'ਤੇ ਆ ਕੇ ਸਨਮਾਨਤ ਹੋਣ ਵਾਲੀਆਂ ਸ਼ਖਸ਼ੀਅਤਾਂ ਵਿੱਚ ਪੱਤਰਕਾਰਾਂ ਦੇ ਨਾਮ ਨਹੀਂ ਦੇਖੇ ਗਏ। ਜਿਸ ਨਾਲ ਸਮੂਹ ਪੱਤਰਕਾਰ ਭਾਈਚਾਰੇ ਵਿੱਚ ਰੋਸ ਦੀ ਲਹਿਰ ਦੌੜ ਗਈ ਅਤੇ ਇਸ ਨੂੰ ਪੱਤਰਕਾਰ ਭਾਈਚਾਰੇ ਦੀ ਤੌਹੀਨ ਵਜੋਂ ਤਸਵਰ ਕੀਤਾ ਗਿਆ। ਇਸ ਮਾਮਲੇ ਵਿੱਚ ਸੰਪਰਕ ਕਰਨ ਤੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਨੇ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਪਿਛਲੇ ਕਈ ਸਾਲਾਂ ਤੋਂ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਨੂੰ ਭੇਜੇ ਗਏ ਮੈਮੋਰੰਡਮ ਵਿੱਚ ਇਹ ਮੰਗ ਕੀਤੀ ਜਾ ਰਹੀ ਸੀ ਕਿ ਆਜ਼ਾਦੀ ਦਿਹਾੜੇ ਅਤੇ ਹੋਰ ਰਾਸ਼ਟਰੀ ਸਮਾਗਮਾਂ ਵਿੱਚ ਵੱਖ ਵੱਖ ਸਮਾਜ ਸੇਵੀਆਂ ਤੇ ਸਰਕਾਰੀ ਮੁਲਾਜ਼ਮਾਂ ਦੇ ਨਾਲ ਨਾਲ ਪੱਤਰਕਾਰਾਂ ਦੇ ਵੀ ਸਨਮਾਨ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਕੇਵਲ ਪੱਤਰਕਾਰ ਹੀ ਅਜਿਹਾ ਸਖਸ਼ ਹੈ ਜੋ ਬਿਨਾਂ ਤਨਖਾਹ ਤੋਂ ਜਾਨ ਤਲੀ 'ਤੇ ਰੱਖ ਕੇ ਬਿਖੜੇ ਸਮਿਆਂ ਦੇ ਵਿੱਚ ਵੀ ਆਪਣੀ ਡਿਊਟੀ 24 ਘੰਟੇ ਨਿਭਾਉਂਦਾ ਹੈ । ਉਹਨਾਂ ਦੱਸਿਆ ਕਿ ਇਸ ਸੰਬੰਧ ਵਿੱਚ ਹੀ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨਾਲ ਕਈ ਵਾਰ ਮੁਲਾਕਾਤਾਂ ਕੀਤੀਆਂ ਗਈਆਂ ਜਿਸ ਦੇ ਸਿੱਟੇ ਵਜੋਂ ਇਸ ਵਾਰ ਜ਼ਿਲ੍ਹਾ ਲੋਕ ਸੰਪਰਕ ਅਫਸਰ ਨੇ ਉਹਨਾਂ ਪਾਸੋਂ ਯੋਗ ਪੱਤਰਕਾਰ ਦੀ ਮੰਗ ਕੀਤੀ ਜਿਸ ਲਈ ਉਹਨਾਂ 82 ਸਾਲ ਦੇ ਬਜ਼ੁਰਗ ਪੱਤਰਕਾਰ ਰਵਿੰਦਰ ਸੂਦ ਯੂ ਐਨ ਆਈ ਦਾ ਨਾਮ ਪ੍ਰਪੋਜ ਕੀਤਾ । ਪਰ ਆਜ਼ਾਦੀ ਦਿਵਸ ਸਮਾਗਮਾਂ ਮੌਕੇ ਉਹਨਾਂ ਨੂੰ ਇਹ ਦੇਖ ਕੇ ਬਹੁਤ ਹੈਰਾਨੀ ਹੋਈ ਕਿ ਸਨਮਾਨਤ ਹੋਣ ਵਾਲੀਆਂ ਸ਼ਖਸ਼ੀਅਤਾਂ ਵਿੱਚ ਕਿਸੇ ਵੀ ਪੱਤਰਕਾਰ ਦਾ ਨਾਮ ਤੱਕ ਨਹੀਂ ਹੈ।

## ਫਾਲਕਨ ਇੰਟਰਨੈਸ਼ਨਲ ਸਕੂਲ ਵੱਲੋਂ ਜੇਤੂ ਖਿਡਾਰੀ ਸਨਮਾਨਤ

**ਸੁਲਤਾਨਪੁਰ ਲੋਧੀ (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਜੇਤੂ ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਇਕ ਵਿਸ਼ੇਸ਼ ਸਮਾਗਮ ਕੀਤਾ ਗਿਆ । ਸੁਲਤਾਨਪੁਰ ਲੋਧੀ ਬਲਾਕ 1 ਦੇ ਫੁਟਬਾਲ ਮੁਕਾਬਲੇ ਦੀ ਮੇਜ਼ਬਾਨੀ ਫਾਲਕਨ ਇੰਟਰਨੈਸ਼ਨਲ ਸਕੂਲ ਵੱਲੋਂ ਕੀਤੀ ਗਈ । ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਨਵਦੀਪ ਕੌਰ ਢਿੱਲੋਂ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ । ਇਸ ਦੌਰਾਨ ਲੜਕੀਆਂ ਦੇ ਅੰਡਰ 17 ਅਤੇ ਅੰਡਰ 14 ਫੁਟਬਾਲ ਮੁਕਾਬਲੇ 'ਚ ਫਾਲਕਨ ਸਕੂਲ ਦੀਆਂ ਖਿਡਾਰਨਾਂ ਜੇਤੂ ਰਹੀਆਂ । ਲੜਕਿਆਂ ਦੇ ਫੁਟਬਾਲ ਮੈਚਾਂ ਦੇ ਅੰਡਰ 14 ਵਰਗ 'ਚ ਜੇਤੂ ਪਹਿਲਾ ਅਤੇ ਅੰਡਰ 17 ਵਰਗ 'ਚ



ਉਪ ਜੇਤੂ ਰਿਹਾ। ਵਾਲੀਬਾਲ ਮੁਕਾਬਲਿਆਂ ਵਿੱਚ ਫਾਲਕਨ ਇੰਟਰਨੈਸ਼ਨਲ ਸਕੂਲ ਦੇ ਖਿਡਾਰੀ ਉਪ ਜੇਤੂ ਰਹੇ । ਫਾਲਕਨ ਇੰਟਰਨੈਸਨਲ ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਖਿਡਾਰੀਆਂ ਦਾ ਹੌਸਲਾ ਵਧਾਇਆ ਅਤੇ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਵਿੰਦਰਜੀਤ ਕੌਰ, ਐਨ ਸੀ ਸੀ ਇੰਚਾਰਜ਼ ਗੁਰਬਚਨ ਸਿੰਘ, ਸਪੋਰਟਸ ਇੰਚਾਰਜ ਜਤਿੰਦਰ ਸਿੰਘ, ਕੋਆਰਡੀਨੇਟਰ ਮੈਡਮ ਰਜਨੀ ਧੀਰ ਆਦਿ ਸਟਾਫ਼ ਮੈਂਬਰ ਮੌਜੂਦ ਸਨ।

## ਰਮੇਸ਼ ਲਖਨਪਾਲ ਦਿਸ਼ਾਦੀਪ ਆਜ਼ਾਦੀ ਦਿਵਸ 'ਤੇ ਸਨਮਾਨਤ



**ਜਲੰਧਰ (ਸ਼ੈਲੀ ਐਲਬਰਟ)**- ਬਹੁਮੰਤਵੀ ਸਮਾਜ ਸੇਵੀ ਸੰਸਥਾ ਦਿਸ਼ਾਦੀਪ ਦੇ ਉਪ ਚੇਅਰਮੈਨ ਰਮੇਸ਼ ਲਖਨਪਾਲ ਨੂੰ ਦਿਸ਼ਾਦੀਪ ਦੀਆਂ ਸਮਾਜ ਪ੍ਰਤੀ ਸੇਵਾਵਾਂ ਖ਼ੂਨਦਾਨ, ਨੇਤਰਦਾਨ, ਵਾਤਾਵਰਣ ਅਤੇ ਨਸ਼ਾਮੁਕਤ ਸਮਾਜ ਲਈ ਉੱਤਮ ਸੇਵਾਵਾਂ ਪ੍ਰਦਾਨ ਕਰਨ ਲਈ ਆਜ਼ਾਦੀ ਦਿਵਸ ਦੇ ਸਮਾਗਮ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਧ, ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ, ਪੁਲਸ ਕਮਿਸ਼ਨਰ ਸ੍ਰੀਮਤੀ ਧਨਪ੍ਰੀਤ ਕੌਰ ਅਤੇ ਹੋਰ ਸੀਨੀਅਰ ਅਧਿਕਾਰੀ ਮੈਡਲ ਅਤੇ ਪ੍ਰਸੰਸਾ ਪੱਤਰ ਭੇਟ ਕਰਕੇ ਸਨਮਾਨਤ ਕੀਤਾ ਗਿਆ।

## ਸਾਲਾਨਾ ਜੋੜ ਮੇਲਾ ਅੱਜ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਇੱਥੋਂ ਥੋੜੀ ਦੂਰ ਪਿੰਡ ਸ਼ੰਮੀਪੁਰ ਜ਼ਿਲ੍ਹਾ ਜਲੰਧਰ ਵਿਖੇ ਅਹੀਰ ਅਤੇ ਪਵਾਰ ਪਰਵਾਰ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੀਰ ਸਖੀ ਸੁਲਤਾਨ ਲੱਖ ਦਾਤਾ ਦੇ ਸਾਲਾਨਾ ਜੋੜ ਮੇਲਾ 21 ਅਗਸਤ ਦਿਨ ਵੀਰਵਾਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਇਸ ਮੌਕੇ ਪਹੁੰਚ ਰਹੇ ਗਾਇਕ ਇਸ਼ਰਤ ਗੁਲਾਮ ਅਲੀ ਤੇ ਸੂਫੀ ਗਾਇਕਾ ਸੁਲਤਾਨਾ ਨੂਰਾਂ ਗੀਤ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਅਤੇ ਰਾਤ 10 ਵਜੇ ਅਨਮੋਲ ਖਾਨ ਐਂਡ ਪਾਰਟੀ ਨਕਲਾ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਬਾਗੀ ਧੜੇ ਨੇ ਵੱਖਰਾ ਅਕਾਲੀ ਦਲ ਬਣਾ ਕੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦਿੱਤਾ : ਲੱਖੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਕੇਂਦਰੀ ਏਜੰਸੀਆਂ ਦੀ ਮਿਲੀਭੁਗਤ ਨਾਲ ਬਾਗੀ ਧੜੇ ਵੱਲੋਂ ਕੀਤੀਆਂ ਕਾਰਵਾਈਆਂ ਸਾਫ ਸਾਬਤ ਕਰਦੀਆਂ ਹਨ ਕਿ ਗਿਆਨੀ ਹਰਪ੍ਰੀਤ ਸਿੰਘ ਨੇ 2 ਦਸੰਬਰ 2024 ਦੇ ਹੁਕਮਨਾਮੇ ਦੀ ਸਰੇਆਮ ਉਲੰਘਣਾ ਕੀਤੀ ਹੈ, ਜਿਸ ਵਿੱਚ ਸਪੱਸ਼ਟ ਤੌਰ 'ਤੇ ਸ੍ਰੋਮਣੀ ਅਕਾਲੀ ਦਲ ਨੂੰ ਕਮਜੋਰ ਕਰਨ ਵਾਲੇ ਵੱਖ-



ਵੱਖ ਚੁੱਲ੍ਹੇ ਸਮੇਟਣ ਦਾ ਹੁਕਮ ਕੀਤਾ ਗਿਆ ਸੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਹੁਸ਼ਿਆਰਪੁਰ ਦੇ ਜਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਗੱਲਬਾਤ ਕਰਨ ਸਮੇਂ ਕੀਤਾ। ਉਹਨਾਂ ਕਿਹਾ ਕਿ ਸਾਰੀ ਦੁਨੀਆਂ ਜਾਣਦੀ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਅਤੇ ਪੰਜਾਬ ਵਿਰੋਧੀ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਖਾਲਸਾ ਪੰਥ, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਕੇ ਕਮਜ਼ੋਰ ਕਰਨ ਦੀ ਸਾਜਿਸ਼ ਘੜੀ ਅਤੇ ਪੰਥ 'ਚੋਂ ਕੱਢਣ ਲਈ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਯੋਜਨਾਬੱਧ ਤਰੀਕੇ ਨਾਲ ਸ਼ਿਕਾਇਤ ਪ੍ਰਾਪਤ ਕਰਕੇ ਵੱਡੀ ਸਾਜਿਸ਼ ਕੀਤੀ ਗਈ। ਉਹਨਾਂ ਕਿਹਾ ਕਿ ਇਹ ਸੱਚ ਵੀ ਕਿਸੇ ਤੋਂ ਲੁਕਿਆ ਨਹੀਂ ਕਿ ਜਦੋਂ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖਤ ਸਾਹਿਬ ਅੱਗੇ ਨਿਮਾਣੇ ਸਿੱਖ ਵਜੋਂ ਪੇਸ਼ ਹੋ ਕੇ ਸਿਰ ਝੁਕਾ ਕੇ ਅਕਾਲੀ ਸਰਕਾਰ ਦੇ ਦੌਰਾਨ ਜਾਣੇ ਅਣਜਾਣੇ ਕਿਸੇ ਵੱਲੋਂ ਵੀ ਹੋਈਆਂ ਸਾਰੀਆਂ ਭੁੱਲਾਂ ਗਲਤੀਆਂ ਨੂੰ ਆਪਣੀ ਝੋਲੀ ਪਵਾ ਲਿਆ ਸੀ। ਲਖਵਿੰਦਰ ਸਿੰਘ ਲਖੀਆ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਪੂਰੀ ਤਰਹਾਂ ਮਜ਼ਬੂਤ ਹੈ ਅਤੇ ਆਉਣ ਵਾਲੇ 2027 'ਚ ਸ੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇ ਪੰਜਾਬ ਵਿੱਚ ਆਪਣੀ ਸਰਕਾਰ ਬਣਾਵੇਗਾ। ਇਸ ਮੌਕੇ ਉਹਨਾਂ ਨਾਲ ਦੇ ਹਲਕਾ ਇੰਚਾਰਜ ਸਾਮ 84 ਸੰਦੀਪ ਸਿੰਘ ਸੀਕਰੀ, ਅਕਾਲੀ ਆਗੂ ਇਕਬਾਲ ਸਿੰਘ ਜੌਹਲ, ਸੀਨੀਅਰ ਦਲਿਤ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਲਖਵਿੰਦਰ ਸਿੰਘ ਟਿੰਮੀ, ਕਿਰਪਾਲ ਸਿੰਘ ਗੇਰਾ, ਅਜੀਤ ਸਿੰਘ ਆਦ ਵੀ ਹਾਜ਼ਰ ਸੀ।

## ਮਾਨ ਸਰਕਾਰ ਨੇ ਸੂਬੇ 'ਚ ਖੇਡ ਸੱਭਿਆਚਾਰ ਨੂੰ ਹੁਲਾਰਾ ਦਿੱਤਾ : ਕੁਲਵੰਤ ਸਿੰਘ

**ਮੋਹਾਲੀ (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਕੋਸ਼ਿਸ਼ਾਂ ਦੇ ਚਲਦਿਆਂ ਪੰਜਾਬ 'ਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਖਿਡਾਰੀਆਂ ਅਤੇ ਖੇਡ ਸੰਸਥਾਵਾਂ ਦੇ ਲਈ ਢੁਕਵਾਂ ਮਾਹੌਲ ਪੈਦਾ ਕੀਤਾ ਗਿਆ ਹੈ, ਜਿਸ ਦੇ ਚਲਦਿਆਂ ਪੰਜਾਬ ਭਰ ਦੇ ਵਿੱਚ ਵੱਡੇ ਅਤੇ ਵਿਸ਼ਾਲ ਖੇਡ ਮੇਲਿਆਂ ਦਾ ਆਯੋਜਨ ਹੋਣ ਲੱਗ ਪਿਆ ਹੈ।ਇਹ ਪ੍ਰਗਟਾਵਾ ਐਮ ਐਲ ਏ ਕੁਲਵੰਤ ਸਿੰਘ ਨੇ ਕਰਦਿਆਂ ਕਿਹਾ ਕਿ ਸੂਬੇ 'ਚ ਖੇਡ ਸੱਭਿਆਚਾਰ ਨੂੰ ਹੁਲਾਰਾ ਮਿਲਣ ਨਾਲ,



ਪੰਜਾਬ ਦੀ ਨੌਜਵਾਨ ਪੀੜੀ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਕੇ ਫਿਰ ਤੋਂ ਖੇਡ ਮੈਦਾਨਾਂ ਦੇ ਰਾਹ ਤੁਰ ਪਈ ਹੈ।ਵਿਧਾਇਕ ਕੁਲਵੰਤ ਸਿੰਘ ਨੇ ਪਿੰਡ ਕੁੰਬੜਾ ਵਿਖੇ ਹੋ ਰਹੇ ਮੇਲਾ ਗੁੱਗਾ ਮਾੜੀ ਅਤੇ ਵਿਸ਼ਾਲ ਕੁਸ਼ਤੀ ਦੰਗਲ ਦਾ ਪੋਸਟਰ ਰਿਲੀਜ਼ ਕਰਨ ਮੌਕੇ ਕਿਹਾ ਕਿ ਸੂਬੇ ਦੇ ਖਿਡਾਰੀਆਂ ਦੇ ਲਈ ਅਜਿਹਾ ਮਾਹੌਲ ਦੇਣਾ ਅਤੇ ਖੇਡ ਮੇਲਿਆਂ ਦਾ ਆਯੋਜਨ ਕਰਨ ਦੇ ਲਈ ਖੇਡ ਸੰਸਥਾਵਾਂ ਦੇ ਮੋਹਤਬਰ ਵਿਅਕਤੀ ਵਧਾਈ ਦੇ ਪਾਤਰ ਹਨ। ਇਸ ਖੇਡ ਮੇਲੇ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ ਤੋਂ ਇਲਾਵਾ ਰਜਿੰਦਰ ਸਿੰਘ ਅਮਰੀਕਾ, ਹਰਸਿਮਰਤ ਸਿੰਘ ਬੱਲ, ਡੀ.ਐਸ.ਪੀ ਮੋਹਾਲੀ, ਮਨਪ੍ਰੀਤ ਸਿੰਘ ਸਮਾਣਾ, ਪਰਮਜੀਤ ਸਿੰਘ ਚੌਹਾਨ, ਕੁਲਦੀਪ ਸਿੰਘ ਸਮਾਣਾ, ਡਾਕਟਰ ਐਸ. ਐਸ ਭੰਵਰਾ ਕੌਂਸਲਰ ਸਰਬਜੀਤ ਸਿੰਘ ਸਮਾਣਾ ਵੀ ਹਾਜ਼ਰ ਰਹਿਣਗੇ। ਇੱਥੇ ਇਹ ਗੱਲ ਜ਼ਿਕਰ ਯੋਗ ਹੈ ਕਿ 22 ਅਗਸਤ 2025 ਨੂੰ ਕਰਵਾਏ ਜਾ ਰਹੇ ਇਸ ਕੁਸ਼ਤੀ ਦੰਗਲ ਦੇ ਦੌਰਾਨ ਬਚਨ ਸਿੰਘ ਪਹਿਲਵਾਨ ਦੇ ਪਰਿਵਾਰ ਵੱਲੋਂ ਪਹਿਲੀ ਝੰਡੀ ਲਈ ਨਿਊ ਟਰੈਕਟਰ, ਦੂਸਰੀ ਝੰਡੀ ਲਈ ਵੀ ਨਿਊ ਟਰੈਕਟਰ ਦਿੱਤੇ ਜਾ ਰਹੇ ਹਨ।

## ਦਰਿਆਵਾਂ ਦੇ ਕੰਢਿਆਂ 'ਤੇ ਦਿਨ-ਰਾਤ ਨਿਗਰਾਨੀ ਰੱਖੀ ਜਾਵੇ : ਗੋਇਲ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਸੂਬੇ ਦੇ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਹੜ੍ਹਾਂ ਦੀ ਸਥਿਤੀ ਬਾਰੇ ਸਮੀਖਿਆ ਕਰਨ ਲਈ ਉੱਚ-ਪੱਧਰੀ ਵੀਡੀਓ ਕਾਨਫਰੰਸਿੰਗ ਮੀਟਿੰਗ ਕੀਤੀ।ਇਸ ਮੀਟਿੰਗ ਵਿੱਚ ਹੁਸ਼ਿਆਰਪੁਰ, ਤਰਨ ਤਾਰਨ, ਕਪੂਰਥਲਾ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਸਣੇ ਡਰੇਨੇਜ ਵਿਭਾਗ ਦੇ ਸਾਰੇ ਕਾਰਜਕਾਰੀ ਇੰਜੀਨੀਅਰ (ਐਕਸੀਅਨ) ਅਤੇ ਸੁਪਰਡੈਂਟ ਇੰਜੀਨੀਅਰ (ਐਸ.ਈ) ਸ਼ਾਮਲ ਹੋਏ। ਮੀਟਿੰਗ ਦੌਰਾਨ ਕੈਬਨਿਟ ਮੰਤਰੀ ਨਾਲ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਅਤੇ ਮੁੱਖ ਇੰਜੀਨੀਅਰ (ਡਰੇਨੇਜ) ਹਰਦੀਪ ਸਿੰਘ ਮੈਂਦੀਰੱਤਾ ਵੀ ਹਾਜ਼ਰ ਸਨ।ਵਿਸਥਾਰਤ ਸਮੀਖਿਆ ਮੀਟਿੰਗ ਦੌਰਾਨ ਬਰਿੰਦਰ ਕੁਮਾਰ ਗੋਇਲ ਨੇ ਸਾਰੇ ਦਰਿਆਵਾਂ ਦੇ ਕੰਢਿਆਂ 'ਤੇ ਦਿਨ-ਰਾਤ



ਨਿਰੰਤਰ ਚੌਕਸੀ ਰੱਖਣ ਦੇ ਨਿਰਦੇਸ਼ ਦਿੱਤੇ।ਉਨ੍ਹਾਂ ਕਿਹਾ ਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਉੱਪਰਲੇ ਖੇਤਰਾਂ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ, ਇਸ ਲਈ ਹੜ੍ਹਾਂ ਦੀ ਸਥਿਤੀ ਬਾਰੇ ਚੌਕਸੀ ਵਧਾਈ ਜਾਵੇ।ਜਲ ਸਰੋਤ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਅਧਿਕਾਰ ਖੇਤਰਾਂ ਵਿੱਚ ਦਰਿਆਵਾਂ ਦੇ ਕੰਢਿਆਂ 'ਤੇ ਦਿਨ-ਰਾਤ ਸਖ਼ਤ ਨਿਗਰਾਨੀ ਯਕੀਨੀ ਬਣਾਉਣ ਸਣੇ ਡਿਊਟੀ ਰੋਸਟਰ ਰਜਿਸਟਰਾਂ ਦੀ ਢੁਕਵੀਂ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਨਿਰਵਿਘਨ ਨਿਗਰਾਨੀ ਕਾਰਜਾਂ ਨੂੰ ਯਕੀਨੀ ਬਣਾਇਆ ਜਾ ਸਕੇ।

## ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ 'ਚ ਲੋਕ 'ਆਪ' 'ਚ ਸ਼ਾਮਲ ਹੋ ਰਹੇ : ਇੰਦਰਜੀਤ ਕੌਰ ਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੰਜਾਬ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਹਲਕਾ ਨਕੋਦਰ ਅਧੀਨ ਪਿੰਡਾਂ ਦੀਆਂ ਲਗਾਤਾਰ ਪੰਚਾਇਤਾਂ ਅਤੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਹ ਸ਼ਬਦ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਹੇ ਜਦੋਂ ਪਿੰਡ ਬਾਗਪੁਰ ਦੀ ਗ੍ਰਾਮ ਪੰਚਾਇਤ ਸਮੇਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਦੂਸਰੀਆਂ ਪਾਰਟੀਆਂ ਅਕਾਲੀ ਅਤੇ ਕਾਂਗਰਸ ਨੂੰ ਛੱਡ ਕੇ ਆਪ ਦਾ ਪੱਲਾ ਫੜਿਆ ਹੈ।ਇਹ ਕੁਲਦੀਪ ਸਿੰਘ ਬਲਾਕ ਪ੍ਰਧਾਨ ਦੇ ਯਤਨਾ ਸਦਕਾ ਸੰਭਵ ਹੋਇਆ ਹੈ। ਉਹਨਾਂ ਨਾਲ ਬਲਦੇਵ ਸਿੰਘ ਬਲਾਕ ਪ੍ਰਧਾਨ, ਸੀਨੀਆਰ ਆਗੂ ਜਸਬੀਰ ਸਿੰਘ ਧੰਜਲ, ਜਗਮੀਤ ਸਿੰਘ ਕਾਂਗਣਾ ਸ਼ਾਮਲ ਸੀ।ਸਰਪੰਚ ਬਖ਼ਸ਼ੋ, ਪੰਚ ਚਰਨਜੀਤ ਕੌਰ, ਪੰਚ ਪ੍ਰੀਤਪਾਲ, ਪੰਚ ਗੁਰਦਿਆਲ ਸਿੰਘ, ਬਲਵੀਰ ਕੌਰ, ਹਰਵਿੰਦਰ ਸਿੰਘ, ਬਲਵਿੰਦਰ ਸਿੰਘ, ਗੁਰਦੀਪ ਸਿੰਘ, ਅਭੀਜੋਤ ਸਿੰਘ, ਸੁਖਵਿੰਦਰ ਕੌਰ, ਤੇਜਿੰਦਰ ਸਿੰਘ, ਸੰਦੀਪ ਕੌਰ, ਅਵਤਾਰ ਸਿੰਘ, ਮਹਿੰਦਰ ਕੌਰ, ਭੁਪਿੰਦਰ ਕੌਰ, ਮਨਿੰਦਰ ਸਿੰਘ, ਰਜਿੰਦਰ ਕੌਰ, ਗੀਤਪਾਲ ਕੌਰ, ਗੰਗਾ ਰਾਮ, ਬੱਬੀ, ਪਵਨ ਕੁਮਾਰ, ਸੁਮਨ ਰਾਣੀ, ਕੁਲਬੀਰ ਸਿੰਘ, ਸ਼ਰਨਜੀਤ ਕੌਰ, ਜਸਵੀਰ ਸਿੰਘ, ਅਮਰਜੀਤ ਸਿੰਘ, ਪਿਆਰੀ, ਰਾਕੇਸ਼ ਕੁਮਾਰ, ਸਰਬਜੀਤ ਕੁਮਾਰ, ਅਨੀਤਾ ਰਾਣੀ, ਲਖਵਿੰਦਰ ਰਾਣੀ, ਸੁਖਰਾਜ ਸਿੰਘ, ਬਖ਼ਸ਼ੋ, ਜਗਦੀਪ ਸਿੰਘ, ਅਰਸ਼ਦੀਪ ਸਿੰਘ, ਅਰਸ਼ਦੀਪ ਕੌਰ, ਅੰਜਲੀ, ਜੀਤ ਰਾਮ, ਬਨਸੋ, ਗੁਰਪ੍ਰੀਤ, ਸੰਦੀਪ ਕੁਮਾਰ, ਕੁਲਦੀਪ ਕੌਰ, ਪਰਮਿੰਦਰ ਸਿੰਘ, ਅੰਮ੍ਰਿਤਪਾਲ, ਸਤਿਆ ਦੇਵੀ, ਮੁਨੀਸ਼, ਗੋਪਾਲ ਸਿੰਘ, ਅਰਸ਼ਦੀਪ ਸਿੰਘ, ਹਰਵਿੰਦਰ ਸਿੰਘ, ਆਕਾਸ਼ਦੀਪ ਸਿੰਘ, ਗੁਰਮੀਤ ਕੌਰ, ਜਗਦੀਪ ਕੌਰ, ਅਮਨਦੀਪ ਸਿੰਘ, ਪਰਮਜੀਤ ਕੌਰ, ਹਰਜਿੰਦਰ ਸਿੰਘ, ਬਲਜਿੰਦਰ ਕੌਰ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ, ਸਿਮਰਨਜੀਤ ਕੌਰ, ਪਰਮਜੀਤ ਸਿੰਘ, ਸਤਿੰਦਰ ਸਿੰਘ, ਸੋਨੀਆ, ਗੁਰਪ੍ਰੀਤ ਸਿੰਘ, ਗੁਰਵਿੰਦਰ ਸਿੰਘ, ਸਰਬਜੀਤ ਸਿੰਘ, ਰਜਿੰਦਰ ਕੌਰ, ਹਰਪ੍ਰੀਤ ਸਿੰਘ,



ਪ੍ਰੀਤਪਾਲ ਕੌਰ, ਸ਼ਾਲੂ, ਹਰਭਜਨ ਸਿੰਘ, ਬਲਜੀਤ ਕੌਰ ਰਣਜੀਤ ਸਿੰਘ, ਰਮਨਦੀਪ ਕੌਰ, ਸਾਹਿਲ ਪ੍ਰੀਤ ਸਿੰਘ, ਬਲਵਿੰਦਰ ਕੌਰ, ਜਸਵਿੰਦਰ ਕੌਰ, ਲਵਪ੍ਰੀਤ ਕੌਰ, ਹਰਜੀਤ ਕੌਰ, ਗੁਰਦਿਆਲ ਸਿੰਘ, ਬਲਵਿੰਦਰ ਕੌਰ, ਹਰਵਿੰਦਰ ਸਿੰਘ, ਪਰਮਜੀਤ ਸਿੰਘ, ਸ਼ਿੰਦਰ ਕੌਰ, ਗੁਰਤੇਜ ਸਿੰਘ, ਪਰਮਿੰਦਰ ਕੌਰ, ਕੁਲਦੀਪ ਸਿੰਘ, ਨਵਜੋਤ ਸਿੰਘ, ਕੁਲਜਿੰਦਰ ਸਿੰਘ, ਅਰਪਲਦੀਪ ਸਿੰਘ, ਪਰਮਿੰਦਰ ਕੌਰ, ਅਮਨਦੀਪ ਸਿੰਘ, ਪਵਨਦੀਪ ਸਿੰਘ, ਬਲਵਿੰਦਰ ਸਿੰਘ, ਗੁਰਦੀਪ ਸਿੰਘ, ਅਭੀਜੋਤ ਸਿੰਘ, ਸੁਖਵਿੰਦਰ ਕੌਰ, ਤਜਿੰਦਰ ਸਿੰਘ, ਸੰਦੀਪ ਕੌਰ, ਅਵਤਾਰ ਸਿੰਘ, ਮਹਿੰਦਰ ਕੌਰ, ਭੁਪਿੰਦਰ ਸਿੰਘ, ਮਨਿੰਦਰ ਸਿੰਘ, ਰਜਿੰਦਰ ਕੌਰ, ਗੀਤਪਾਲ ਕੌਰ, ਗੰਗਾ ਰਾਮ, ਬੱਲੀ, ਪਵਨ ਕੁਮਾਰ, ਸੁਮਨ ਰਾਣੀ, ਕੁਲਬੀਰ ਸਿੰਘ, ਚਰਨਜੀਤ ਕੌਰ, ਜਸਬੀਰ ਸਿੰਘ, ਰਮਨਦੀਪ ਕੌਰ, ਅਰਸ਼ਦੀਪ ਸਿੰਘ, ਸਿਮਰਜੀਤ ਕੌਰ, ਗੁਰਚਰਨ ਸਿੰਘ, ਮਨਜੀਤ ਕੌਰ, ਜਗਰੂਪ ਸਿੰਘ, ਹਰਵਿੰਦਰ ਕੌਰ, ਹਰਦੀਪ ਸਿੰਘ, ਰਾਜਵਿੰਦਰ ਕੌਰ, ਬਲਕਾਰ ਸਿੰਘ, ਮਨਜੀਤ ਕੌਰ, ਜਸਵਿੰਦਰ ਸਿੰਘ, ਨਵਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਆਚਲਪ੍ਰੀਤ ਕੌਰ, ਬਲਵਿੰਦਰ ਕੁਮਾਰ, ਮਨਜੀਤ ਕੌਰ, ਸੰਦੀਪ ਸਿੰਘ, ਲਵਪ੍ਰੀਤ ਕੁਮਾਰ, ਸੰਦੀਪ ਕੁਮਾਰੀ, ਦਲਬੀਰ ਸਿੰਘ, ਛਰਨਜੀਤ ਕੌਰ, ਸੁੱਚਾ ਸਿੰਘ, ਸੁਰਿੰਦਰ ਕੌਰ, ਨਵ ਕਰਨ ਸਿੰਘ ਮੂਲ ਸਿੰਘ, ਇੰਦਰਜੀਤ ਕੌਰ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ ਪੂਰਾ ਮਾਣ ਸਤਿਕਾਰ ਦਿੱਤੇ ਜਾਣ ਦਾ ਭਰੋਸਾ ਦਿੱਤਾ।

## ਔੜ ਬਲਾਕ ਨੂੰ ਤੋੜਣ ਵਿਰੁੱਧ ਸੰਘਰਸ਼ ਕਮੇਟੀ ਦਾ ਵ.ਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ



**ਬੰਗਾ (ਅਵਤਾਰ ਕਲੇਰ)** 'ਔੜ ਬਲਾਕ ਬਚਾਉ ਸੰਘਰਸ਼ ਕਮੇਟੀ' ਵਲੋਂ ਬਲਾਕ ਨੂੰ ਬਹਾਲ ਕਰਵਾਉਣ ਲਈ ਇਲਾਕੇ ਦੀਆਂ ਪੰਚਾਇਤਾਂ ਤੇ ਇਲਾਕਾ ਨਿਵਾਸੀਆਂ ਦੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਨਾਲ ਕੱਲ੍ਹ ਵਿਸ਼ਾਲ ਰੋਸ ਪ੍ਰਦਰਸ਼ਨ ਕਰਨ ਤੋਂ ਬਾਅਦ ਕਮੇਟੀ ਨੇ ਵਫਦ ਦੇ ਰੂਪ ਵਿਚ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰਕੇ ਔੜ ਬਲਾਕ ਨੂੰ ਤੋੜਨ ਨਾਲ ਇਲਾਕੇ ਦੇ ਲੋਕਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਧਿਆਨ ਵਿਚ ਲਿਆਂਦੀਆਂ।ਲੋਕਾਂ ਵੱਲੋਂ ਸਰਵਸੰਮਤੀ ਵਾਲਾ ਮੰਗ ਪੱਤਰ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਸਰਕਾਰ ਨੂੰ ਭੇਜਿਆ ਗਿਆ ਜਿਸ ਵਿਚ ਇਹ ਗ਼ਲਤ ਫ਼ੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ।ਇਸ ਮੌਕੇ 'ਤੇ ਔੜ ਬਲਾਕ ਬਚਾਓ ਸੰਘਰਸ਼ ਕਮੇਟੀ ਵਿਚ ਸ਼ਾਮਲ ਸਿਆਸੀ ਪਾਰਟੀਆਂ, ਪੰਚਾਇਤਾਂ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਜੋ ਪ੍ਰਵੀਨ ਬੰਗਾ, ਰੂਪ ਲਾਲ ਧੀਰ, ਰਾਜ ਕੁਮਾਰ ਮਾਹਲ, ਬੂਟਾ ਸਿੰਘ ਮਹਿਮੂਦਪੁਰ, ਜਥੇਦਾਰ ਮਹਿੰਦਰ ਸਿੰਘ ਹੁਸੈਨ ਪੁਰੀ, ਗੁਰਵਿੰਦਰ ਸਿੰਘ ਛੋਕਰ, ਸਾਬਕਾ ਸਰਪੰਚ ਮਨੋਹਰ ਕਮਾਮ, ਨਿੰਦਰਪਾਲ ਸਰਪੰਚ ਮਾਈ ਦਿੱਤਾ, ਸਰਪੰਚ ਕਮਲਜੀਤ ਦੁੱਗਲ ਔੜ, ਵਿਜੇ ਕੁਮਾਰ ਗੁਣਾਚੌਰ, ਬਚਿੱਤਰ ਸਿੰਘ ਮਹਿਮੂਦਪੁਰ, ਨੰਬਰਦਾਰ ਕੇਸਰ ਸਿੰਘ ਮੱਲ੍ਹੀ, ਸੁਖਵਿੰਦਰ ਸਿੰਘ ਸਰਪੰਚ ਗੜੀ ਅਜੀਤ ਸਿੰਘ, ਗਿਆਨ ਚੰਦ ਅਟਾਰੀ, ਮੇਜਰ ਸਿੰਘ ਘਟਾਰੋਂ, ਮਾਸਟਰ ਹਰਮੇਸ਼ ਲਾਲ, ਨਿਰਮਲ ਸਿੰਘ ਤੋ ਇਲਾਵਾ ਹੋਰ ਆਗੂ ਵੀ ਵਫ਼ਦ ਵਿੱਚ ਸ਼ਾਮਲ ਹੋਏ। ਇਸ ਮੌਕੇ ਆਗੂਆਂ ਨੇ ਆਖਿਆ ਕਿ ਬਲਾਕ ਔੜ ਬਚਾਉਣ ਲਈ ਕਾਨੂੰਨੀ ਪਹਿਲੂਆਂ ਤੋਂ ਵੀ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ ਤਾਂ ਜੋ ਹਰ ਫਰੰਟ ਤੋਂ ਸੰਘਰਸ਼ ਨੂੰ ਮਜ਼ਬੂਤ ਕੀਤਾ ਜਾ ਸਕੇ। ਆਉਣ ਵਾਲੇ ਦਿਨਾਂ ਵਿਚ ਲੋਕ ਲਾਮਬੰਦੀ ਨੂੰ ਹੋਰ ਵਿਸ਼ਾਲ ਕਰਦੇ ਹੋਏ ਸੰਘਰਸ਼ ਨੂੰ ਹੋਰ ਵੀ ਮਜ਼ਬੂਤ ਕੀਤਾ ਜਾਵੇਗਾ ਔੜ ਬਲਾਕ ਨੂੰ ਬਹਾਲ ਕਰਵਾਉਣ ਲਈ ਜਨਤਕ ਅੰਦੋਲਨ ਨੂੰ ਅੰਜਾਮ 'ਤੇ ਪਹੁੰਚਾਉਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ।

21-Aug-PAGE-9.qxd 8/20/2025 10:58 PM Page 1



# ਬੀ ਕੇ ਆਈ ਟੈਰਰ ਮਾਡਿਊਲ ਦੇ ਦੋ ਹੋਰ ਕਾਰਕੁੰਨ ਕਾਬੂ, ਇੱਕ ਹੈਂਡ-ਗ੍ਰਨੇਡ ਬਰਾਮਦ

**ਚੰਡੀਗੜ੍ਹ/ਜਲੰਧਰ ( ਗੁਰਜੀਤ ਬਿੱਲਾ, ਸ਼ੈਲੀ ਐਲਬਰਟ)** ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਕੁਝ ਦਿਨ ਬਾਅਦ, ਕਾਊਂਟਰ ਇੰਟੈਲੀਜੈਂਸ ਜਲੰਧਰ ਨੇ ਇਸੇ ਮਾਡਿਊਲ ਦੇ ਦੋ ਹੋਰ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ 86ਪੀ ਹੈਂਡਗ੍ਰਨੇਡ ਬਰਾਮਦ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀ ਜੀ ਪੀ) ਪੰਜਾਬ ਗੌਰਵ ਯਾਦਵ ਨੇ ਮੰਗਲਵਾਰ ਨੂੰ ਇੱਥੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਵਿਸ਼ਵਜੀਤ ਅਤੇ ਜੈਕਸਨ ਵਜੋਂ ਹੋਈ ਹੈ, ਦੋਵੇਂ ਨਕੋਦਰ ਦੇ ਸ਼ੰਕਰ ਦੇ ਰਹਿਣ ਵਾਲੇ ਹਨ।ਜਾਣਕਾਰੀ ਅਨੁਸਾਰ, ਪੰਜਾਬ ਪੁਲਸ ਨੇ ਨਵਾਂਸ਼ਹਿਰ ਗ੍ਰਨੇਡ ਹਮਲੇ ਵਿੱਚ ਸ਼ਾਮਲ ਬੀ ਕੇ ਆਈ ਮਾਡਿਊਲ ਦੇ ਪੰਜ ਕਾਰਕੁੰਨਾਂ, ਜਿਨ੍ਹਾਂ ਵਿੱਚ ਰਿਤਿਕ ਨਰੋਲੀਆ ਅਤੇ ਸੋਨੂੰ ਕੁਮਾਰ ਉਰਫ਼ ਕਾਲੀ ਸ਼ਾਮਲ ਹਨ ਸਮੇਤ ਤਿੰਨ ਜੁਵਿਨਾਈਲ (ਨਾਬਾਲਗ) ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ 86ਪੀ ਹੈਂਡ-ਗ੍ਰਨੇਡ ਅਤੇ ਇੱਕ .30 ਬੋਰ ਪਿਸਤੌਲ ਬਰਾਮਦ ਕੀਤਾ ਸੀ। ਡੀ ਜੀ ਪੀ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਸਾਰੇ ਮੁਲਜ਼ਮ ਕੈਨੇਡਾ ਸਥਿਤ ਬੀ ਕੇ ਆਈ ਮਾਸਟਰਮਾਈਂਡ ਜ਼ੀਸ਼ਾਨ ਅਖਤਰ ਅਤੇ ਅਜੇ ਗਿੱਲ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ।




# ਹਰਭਜਨ ਸਿੰਘ ਨੇ ਹੜ੍ਹ ਪੀੜਤਾਂ ਦੇ ਬੁਲੰਦ ਹੌਸਲੇ ਨੂੰ ਕੀਤਾ ਸਲਾਮ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਦੋ ਰਾਜ ਸਭਾ ਮੈਂਬਰਾਂ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਕ੍ਰਿਕਟਰ ਹਰਭਜਨ ਸਿੰਘ ਵੱਲੋਂ ਮੰਡ ਇਲਾਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ।ਹੜ੍ਹ ਦੇ ਪਾਣੀ 'ਚੋਂ ਟਰੈਕਟਰ ਦੀ ਮਦਦ ਨਾਲ ਦੋਵੇਂ ਮੈਂਬਰ ਪਾਰਲੀਮੈਂਟ ਪੀੜਤ ਲੋਕਾਂ ਦੇ ਘਰਾਂ ਤੱਕ ਪਹੁੰਚੇ। ਹੜ੍ਹ ਦੇ ਪਾਣੀ ਵਿੱਚ ਆਪਣੀਆਂ ਫਸਲਾਂ ਅਤੇ ਘਰਾਂ ਦਾ ਨੁਕਸਾਨ ਹੋਣ ਦੇ ਬਾਵਜੂਦ ਵੀ ਜਦੋਂ ਲੋਕਾਂ ਦੇ ਹੌਸਲੇ ਬੁਲੰਦ ਦੇਖੇ ਤਾਂ ਹਰਭਜਨ ਸਿੰਘ ਵੀ ਹੈਰਾਨ ਰਹੇ।ਗੱਲਬਾਤ ਦੌਰਾਨ ਹਰਭਜਨ ਸਿੰਘ ਨੇ ਕਿਹਾ ਕਿ ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਬਰਬਾਦ ਹੋਣ ਦੇ ਬਾਵਜੂਦ ਵੀ ਉਹਨਾਂ ਦਾ ਮਨੋਬਲ ਨਹੀਂ ਡੋਲਿਆ ਸਗੋਂ ਹੌਸਲੇ ਪੂਰੀ ਤਰ੍ਹਾਂ ਨਾਲ ਬੁਲੰਦ ਹਨ।ਉਹਨਾਂ ਕਿਹਾ ਕਿ ਇਹੋ ਹੀ ਪੰਜਾਬੀਅਤ ਹੈ ਜਦੋਂ ਦੁੱਖਾਂ ਵਿੱਚ ਵੀ ਹੌਂਸਲਾ ਬਣਾਈ ਰੱਖਦੇ ਹਨ।ਦੋਵੇਂ ਪਾਰਲੀਮੈਂਟ ਮੈਂਬਰਾਂ ਨੇ ਹੜ੍ਹ ਪੀੜਤਾਂ ਲਈ ਪਸ਼ੂਆਂ ਦਾ ਚਾਰਾ ਵੀ ਵੰਡਿਆ।ਹਰਭਜਨ ਸਿੰਘ ਨੇ ਆਪਣੇ ਹਮਰੁਤਬਾ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਕੰਮਾਂ ਦੀ ਪ੍ਰਸ਼ੰਸ਼ਾ ਕੀਤੀ। ਇਸ ਮੌਕੇ ਹਰਭਜਨ ਸਿੰਘ ਨੇ ਕਿਸਾਨਾਂ ਨੂੰ ਭਰੋਸਾ ਦਿੱਤਾ ਕਿ ਉਹ ਬਾਬਾ ਜੀ ਨਾਲ ਮਿਲਕੇ ਕੇਂਦਰ ਤੇ ਪੰਜਾਬ ਸਰਕਾਰ ਨਾਲ ਇਸ ਮਸਲੇ 'ਤੇ ਗੰਭੀਰਤਾ ਨਾਲ ਉਠਾਉਣਗੇ ਤੇ ਇਸਦੇ ਹੱਲ ਲਈ ਯਤਨਸ਼ੀਲ ਰਹਿਣਗੇ। ਇਸ ਮੌਕੇ ਮੈਂਬਰ ਪਾਰਲੀਮੈਂਟ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਉਹ ਹੜ੍ਹਾਂ ਵਿੱਚ ਘਿਰੇ ਲੋਕਾਂ ਦੇ ਘਰਾਂ ਵਿੱਚ ਜਾ ਕੇ ਆਏ ਹਨ ਤੇ ਉਹਨਾਂ ਤੱਕ ਰਾਹਤ ਸਮੱਗਰੀ ਨੂੰ ਪਹੁੰਚਦਾ ਕੀਤਾ ਜਾ ਰਿਹਾ ਹੈ।ਸੰਤ ਸੀਚੇਵਾਲ ਨੇ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੀ ਹੜ੍ਹ ਪੀੜਤਾਂ ਦੀ ਮਦੱਦ ਵਾਸਤੇ ਪੂਰੀ ਤਨਦੇਹੀ ਨਾਲ ਲੱਗਿਆ ਹੋਇਆ ਹੈ।



# ਕੁਲਵੰਤ ਸਿੰਘ ਨੇ 12 ਟੈਕਸੀ ਸਟੈਂਡ ਦੇ ਅਲਾਟੀਆਂ ਨੂੰ ਅਲਾਟਮੈਂਟ ਪੱਤਰ ਸੌਂਪੇ

**ਚੰਡੀਗੜ੍ਹ (ਗੁਰਜੀਤ ਬਿੱਲਾ)** ਵਿਧਾਇਕ ਕੁਲਵੰਤ ਸਿੰਘ ਵੱਲੋਂ ਸੈਕਟਰ-79 ਵਿਖੇ ਮੋਹਾਲੀ ਦੇ ਟੈਕਸੀ ਯੂਨੀਅਨ ਦੇ 12 ਬਿਨੈਕਾਰਾਂ ਨੂੰ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ ਜੋ ਕਿ ਕਈ ਸਾਲਾਂ ਤੋਂ ਇਨ੍ਹਾਂ ਦੀ ਉਡੀਕ ਕਰ ਰਹੇ ਸਨ।ਵਿਧਾਇਕ ਕੁਲਵੰਤ ਸਿੰਘ ਨੇ ਇਸ ਮੌਕੇ ਬੋਲਦੇ ਹੋਏ ਕਿਹਾ ਕਿ ਬਿਨੈਕਾਰਾਂ ਦੀ ਮੰਗ ਬਹੁਤ ਦੇਰ ਤੋਂ ਚਲਦੀ ਆ ਰਹੀ ਸੀ ਜੋ ਕਿ ਪੂਰੀ ਕੀਤੀ ਗਈ ਹੈ।ਉਨ੍ਹਾਂ ਨੇ ਦੱਸਿਆ ਕਿ 24 ਟੈਕਸੀ ਸਟੈਂਡ ਅਲਾਟੀਆਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੀ ਜਾਣੇ ਹਨ, ਪ੍ਰੰਤੂ 12 ਬਿਨੈਕਾਰਾਂ ਨੂੰ ਅਲਾਟਮੈਂਟ ਪੱਤਰ ਜਾਰੀ ਕੀਤੇ ਗਏ ਹਨ, ਬਾਕੀ ਰਹਿੰਦੇ 12 ਅਲਾਟੀਆਂ ਵਿੱਚੋਂ 3 ਦੇ ਦਸਤਾਵੇਜ਼ ਵੈਰੀਫਿਕੇਸ਼ਨ ਲਈ ਗਏ ਹਨ ਅਤੇ 9 ਦੇ ਦਸਤਾਵੇਜ਼ ਅਤੇ ਹੋਰ ਲੋੜੀਂਦੀਆਂ ਸ਼ਰਤਾਂ ਪੂਰੀਆਂ ਹੋਣ ਉਪਰੰਤ ਉਨ੍ਹਾਂ ਨੂੰ ਜਲਦ ਹੀ ਅਲਾਟਮੈਂਟ ਪੱਤਰ ਜਾਰੀ ਕਰ ਦਿੱਤੇ ਜਾਣਗੇ। ਉਨ੍ਹਾਂ ਨੇ ਅਲਾਟੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਬਾਕੀ ਦੇ ਰਹਿੰਦੇ ਬਿਨੈਕਾਰ ਜਲਦ ਆਪਣੇ ਦਸਤਾਵੇਜ਼ ਅਤੇ ਲੋੜੀਂਦੀਆਂ ਸ਼ਰਤਾਂ ਪੂਰੀਆ ਕਰਨ ਤਾਂ ਜੋ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਅਲਾਟਮੈਂਟ ਪੱਤਰ ਜਾਰੀ ਕੀਤੇ ਜਾ ਸਕਣ।ਉਨ੍ਹਾਂ ਟੈਕਸੀ ਯੂਨੀਅਨ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਲੋਕਾਂ ਨੂੰ ਚੰਗੀ ਟੈਕਸੀ ਸਰਵਿਸ ਦਿੱਤੀ ਜਾਵੇ ਅਤੇ ਟੈਕਸੀ ਡਰਾਈਵਰ ਆਪਣੇ ਅਦਾਰੇ ਵਿੱਚ ਰਹਿ ਕੇ ਸਰਕਾਰ ਦੀਆਂ ਹਦਾਇਤਾਂ ਦਾ ਪਾਲਣ ਕਰਦੇ ਹੋਏ ਆਪਣਾ ਕੰਮ ਇਮਾਨਦਾਰੀ ਨਾਲ ਕਰਨ।





# ਪੁਲਸ ਵੱਲੋਂ ਗੁੰਮ ਹੋਏ 155 ਮੋਬਾਇਲ ਫੋਨ ਲੱਭ ਕੇ ਕੀਤੇ ਮਾਲਕਾਂ ਹਵਾਲੇ

**ਨਵਾਂਸ਼ਹਿਰ (ਮਨੋਜ ਲਾਡੀ)** ਡਾ. ਮਹਿਤਾਬ ਸਿੰਘ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਪੁਲਸ ਵੱਲੋਂ ਡਾਇਰੈਕਟਰ ਜਨਰਲ ਪੁਲਸ, ਪੰਜਾਬ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਸ, ਲੁਧਿਆਣਾ ਰੇਂਜ, ਲੁਧਿਆਣਾ ਦੇ ਦਿਸ਼ਾ ਨਿਰਦੇਸ਼ ਤਹਿਤ ਗੁੰਮ ਹੋਏ ਮੋਬਾਇਲ ਫੋਨਾਂ ਨੂੰ ਟਰੇਸ ਕਰਨ ਲਈ ਲਗਾਤਾਰ ਯਤਨ ਕੀਤੇ ਜਾਂਦੇ ਹਨ ਅਤੇ ਟਰੇਸ ਕਰਕੇ ਅਸਲ ਮਾਲਕਾਂ ਦੇ ਹਵਾਲੇ ਕੀਤਾ ਜਾਂਦਾ ਹੈ।ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਦੇ ਪੁਲਸ ਥਾਣਿਆਂ ਅਤੇ ਸਾਂਝ ਕੇਂਦਰਾਂ ਨੂੰ ਆਮ ਪਬਲਿਕ ਵੱਲੋਂ ਉਹਨਾਂ ਦੇ ਮੋਬਾਇਲ ਗੁੰਮ ਹੋਣ ਸੰਬੰਧੀ ਕਾਫੀ ਸ਼ਿਕਾਇਤਾਂ ਪ੍ਰਾਪਤ ਹੋਈਆ ਸਨ।ਇਹਨਾਂ ਸ਼ਿਕਾਇਤਾਂ 'ਤੇ ਕੰਮ ਕਰਦੇ ਹੋਏ ਜ਼ਿਲ੍ਹਾ ਪੁਲਸ ਵੱਲੋਂ ਇਹਨਾਂ ਗੁੰਮ ਹੋਏ ਮੋਬਾਇਲਾਂ ਨੂੰ ਟਰੇਸ ਕਰਨ ਲਈ ਤਕਨੀਕੀ ਸੈਲ ਦੀ ਸਹਾਇਤਾ ਨਾਲ ਇੱਕ ਸਪੈਸ਼ਲ ਮੁਹਿੰਮ ਚਲਾਈ ਗਈ ਅਤੇ ਆਮ ਪਬਲਿਕ ਦੇ ਗੁੰਮ ਹੋਏ 155 ਮੋਬਾਇਲ ਫੋਨਾਂ ਨੂੰ ਟਰੇਸ ਕਰਨ ਵਿੱਚ ਸਫਲਤਾ ਹਾਸਲ ਕੀਤੀ।ਡਾ. ਮਹਿਤਾਬ ਸਿੰਘ, ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਇਹ ਗੁੰਮ ਹੋਏ 155 ਮੋਬਾਇਲ ਫੋਨ ਉਹਨਾ ਦੇ ਮਾਲਕਾਂ ਦੇ ਹਵਾਲੇ ਕੀਤੇ ਗਏ।

# ਭਰੋਲੀ ਵਿਖੇ ਸੱਭਿਆਚਾਰ ਮੇਲਾ ਤੇ ਕੁਸ਼ਤੀ ਦੰਗਲ ਕਰਵਾਇਆ

**ਬੰਗਾ (ਅਵਤਾਰ ਕਲੇਰ)-** ਪਿੰਡ ਭਰੋਲੀ ਵਿਖੇ ਧੰਨ ਧੰਨ ਗੁੱਗਾ ਜ਼ਾਹਰ ਪੀਰ ਦੀ ਯਾਦ ਚ ਸਲਾਨਾ ਸੱਭਿਆਚਾਰ ਮੇਲਾ ਅਤੇ ਕੁਸ਼ਤੀ ਦੰਗਲ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈਜ਼ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਪਹਿਲੇ ਦਿਨ ਦਰਬਾਰ ਦੀਆਂ ਧਾਰਮਿਕ ਰਸਮਾਂ ਤੋਂ ਬਾਅਦ ਸਟੇਜ ਸਜਾਈ ਗਈ ਜਿਸ ਵਿੱਚ ਪੰਜਾਬ ਦੇ ਮਸ਼ਹੂਰ ਕਲਾਕਾਰ ਸਰਦਾਰ ਅਲੀ, ਕਮਲ ਕਟਾਰੀਆ, ਰਿਪੀ ਭੱਟੀ, ਕੌਰ ਸਿਸਟਰਜ਼, ਸਾਹਿਲ ਆਦਿ ਕਲਾਕਾਰਾਂ ਨੇ ਸੰਗਤਾਂ ਨੂੰ ਸੱਭਿਆਚਾਰਕ ਗੀਤਾਂ ਨਾਲ ਨਿਹਾਲ ਕੀਤਾ। ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਦੂਸਰੇ ਦਿਨ ਕੁਸ਼ਤੀ ਦੰਗਲ ਕਰਵਾਇਆ ਗਿਆ। ਸਤਵੀਰ ਸਿੰਘ ਪੱਲੀ ਝਿੱਕੀ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਕੁਸ਼ਤੀ ਦੰਗਲ ਦੀਆਂ ਪ੍ਰਬੰਧਕਾਂ ਅਤੇ ਨਗਰ ਨਿਵਾਸੀਆਂ ਨੂੰ ਵਧਾਈਆਂ ਦਿੱਤੀਆਂ। ਇਸ ਕੁਸ਼ਤੀ ਦੰਗਲ 'ਚ ਦੋ ਦਰਜਨ ਤੋਂ ਜ਼ਿਆਦਾ ਭਲਵਾਨਾਂ ਨੇ ਹਿੱਸਾ ਲਿਆ। ਪਟਕੇ ਦੀ ਕੁਸ਼ਤੀ ਵਿੱਚ ਧਰਮਿੰਦਰ ਕੋਹਾਲੀ ਜੇਤੂ ਰਿਹਾ। ਜੇਤੂ ਅਤੇ ਉਪ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਸਰਪੰਚ, ਜਸਵਿੰਦਰ ਸਿੰਘ ਭਰੋਲੀ ਸਾਬਕਾ ਸਰਪੰਚ, ਗੁਰਬਖਸ਼ ਸਿੰਘ ਸਾਬਕਾ ਸਰਪੰਚ, ਸਾਧੂ ਸਿੰਘ, ਰਾਮਤੀਰਥ ਸਿੰਘ, ਮੋਹਣ ਸਿੰਘ, ਸੰਤੋਖ ਸਿੰਘ, ਗੁਰਦੇਵ ਭਰੋਲੀ, ਡਾ. ਊਧਮ ਕਟਾਰੀਆ, ਮਨਵੀਰ ਸਿੰਘ ਮੰਗਾ, ਗੁਰਨੇਕ ਸਿੰਘ ਸਾਬਕਾ ਸਰਪੰਚ,ਬਿੱਲਾ ਪੰਚ,ਬਿੱਕਾ ਪੰਚ, ਸੋਢੀ ਪੰਚ, ਛਿੰਦਾ, ਪਰਮਜੀਤ ਕਟਾਰੀਆ, ਜਰਨੈਲ ਸਿੰਘ ਆਦਿ ਹਾਜ਼ਰ ਸਨ।



# ਇੰਨੋਸੈਂਟ ਹਾਰਟਸ ਵੱਲੋਂ ਵਰਕਸ਼ਾਪ ਦਾ ਆਯੋਜਨ



**ਜਲੰਧਰ (ਸ਼ੈਲੀ ਐਲਬਰਟ)-** ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਸਫ਼ਲਤਾਪੂਰਵਕ ਉੱਦਮਤਾਵਾਦ ਵਰਕਸ਼ਾਪ ਆਈਡੀਆ ਟੂ ਇੰਪੈਕਟ -ਟਰਨਿੰਗ ਵਿਜ਼ਨ ਇਨ ਟੂ ਰਿਐਲਿਟੀ ਦਾ ਆਯੋਜਨ ਕੀਤਾ। ਇਸ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਵਿੱਚ ਉਦਯੋਗਿਕ ਸੋਚ ਦਾ ਵਿਕਾਸ ਕਰਨਾ ਅਤੇ ਉਨ੍ਹਾਂ ਨੂੰ ਇਹ ਸਮਝ ਦੇਣਾ ਸੀ ਕਿ ਨਵੇਂ ਵਿਚਾਰਾਂ ਨੂੰ ਕਿਵੇਂ ਸਫ਼ਲ ਕਾਰੋਬਾਰ ਵਿੱਚ ਬਦਲਿਆ ਜਾ ਸਕਦਾ ਹੈ।ਇਹ ਸੈਸ਼ਨ ਡਾ. ਸਚਿਨ ਖੁੱਲਰ, ਮੈਂਟਰ (ਸਟਾਰਟਅਪ ਪੰਜਾਬ, ਪੰਜਾਬ ਸਰਕਾਰ), ਬ੍ਰੇਨ ਸਾਇੰਸ ਕੋਚ ਅਤੇ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਹੋਲਡਰ ਵੱਲੋਂ ਲਿਆ ਗਿਆ। ਡਾ. ਖੁੱਲਰ ਨੇ ਆਪਣੇ ਤਜਰਬੇ ਸਾਂਝੇ ਕਰਦੇ ਹੋਏ ਦੱਸਿਆ ਕਿ ਸੁਚੱਜੀ ਯੋਜਨਾ, ਲਗਾਤਾਰ ਮਿਹਨਤ ਅਤੇ ਸਪਸ਼ਟ ਦਿਸ਼ਾ ਨਾਲ ਵਿਚਾਰ ਇੱਕ ਸਫ਼ਲ ਸਟਾਰਟਅਪ ਵਿੱਚ ਕਿਵੇਂ ਤਬਦੀਲ ਹੋ ਸਕਦੇ ਹਨ।ਉਨ੍ਹਾਂ ਨੇ ਅਟੱਲ ਸਫ਼ਲਤਾ ਦੇ 3 ਜਾਦੂਈ ਤੱਤ - ਪਲ, ਪਿਚ ਅਤੇ ਪਾਵਰ ਔਫ 'ਤੇ ਖ਼ਾਸ ਤੌਰ 'ਤੇ ਜ਼ੋਰ ਦਿੱਤਾ। ਸੈਸ਼ਨ ਦੇ ਮੁੱਖ ਬਿੰਦੂ ਸਨ - ਨਵੇਂ ਵਿਚਾਰ ਪੈਦਾ ਕਰਨਾ, ਵਿਜ਼ਨ ਅਤੇ ਮਿਸ਼ਨ ਨਿਰਧਾਰਤ ਕਰਨਾ, ਮਾਰਕੀਟ ਰਿਸਰਚ ਅਤੇ ਵੈਲੀਡੇਸ਼ਨ ਕਰਨਾ, ਮਜ਼ਬੂਤ ਕਾਰੋਬਾਰੀ ਯੋਜਨਾ ਤਿਆਰ ਕਰਨਾ ਅਤੇ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰਨਾ। ਵਰਕਸ਼ਾਪ ਦਾ ਸਮਾਪਨ ਡਾ. ਖੁੱਲਰ ਦੇ ਕੀਮਤੀ ਮਾਰਗਦਰਸ਼ਨ ਲਈ ਧੰਨਵਾਦ ਅਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੀ ਪ੍ਰਸ਼ੰਸਾ ਨਾਲ ਕੀਤਾ ਗਿਆ।

# ਸ੍ਰੀ ਬਾਬਾ ਬਲਰਾਜ ਮੰਦਰ ਵਿਖੇ ਸਨਾਤਨ ਧਰਮ ਸਭਾ ਨੇ ਕੀਤੀ ਸਮੀਖਿਆ ਬੈਠਕ



**ਬਲਾਚੌਰ (ਜਸਵਿੰਦਰ ਬੈਂਸ)** ਸਨਾਤਮ ਧਰਮ ਸਭਾ (ਰਜਿ.) ਬਲਾਚੌਰ ਦੀ ਮੀਟਿੰਗ ਸ੍ਰੀ ਬਾਬਾ ਬਲਰਾਜ ਮੰਦਰ ਵਿਖੇ ਰਾਣਾ ਰਣਦੀਪ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਬੈਠਕ ਦੀ ਸ਼ੁਰੂਆਤ ਗਾਇਤ੍ਰੀ ਮੰਤਰ ਨਾਲ ਕੀਤੀ ਗਈ। ਸਭ ਤੋਂ ਪਹਿਲਾਂ ਪਰਮਜੀਤ ਭੱਠੇਵਾਲੀਆ (ਜਨਰਲ ਸਕੱਤਰ) ਨੇ ਸਾਰੇ ਹੀ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਤੋਂ ਬਾਅਦ ਬਲਵੰਤ ਕਿਸ਼ੋਰ (ਕੈਸ਼ੀਅਰ) ਨੇ ਯਾਤਰਾ ਵਿੱਚ ਹੋਏ ਖਰਚੇ ਦਾ ਵੇਰਵਾ ਦੱਸਿਆ ਅਤੇ ਜੋ ਰਾਸ਼ੀ ਦਾਨੀ ਸੱਜਣਾਂ ਵੱਲੋਂ ਆਈ ਹੈ ਉਸ ਦੀ ਜਾਣਕਾਰੀ ਦਿੱਤੀ। ਫਿਰ ਸਾਰੇ ਹੀ ਮੈਂਬਰਾਂ ਨੇ ਯਾਤਰਾ ਦੇ ਸੰਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ ਜੋ ਕੁਝ ਕਮੀਆਂ ਰਹਿ ਗਈਆਂ ਉਹਨਾਂ ਨੂੰ ਅਗਲੇ ਪ੍ਰੋਗਰਾਮਾਂ ਵਿੱਚ ਦੂਰ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਆਖਰ 'ਚ ਰਾਣਾ ਰਣਦੀਪ ਕੌਸ਼ਲ ਨੇ ਸਭ ਦਾ ਧੰਨਵਾਦ ਕੀਤਾ।

# ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਸਟੈਨੋ ਕੋਰਸ ਲਈ ਦਾਖਲੇ ਸ਼ੁਰੂ

**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਅਧੀਨ ਨਾ-ਮਾਤਰ ਫੀਸ ਨਾਲ ਚੱਲ ਰਹੀ ਵਿਦਿਅਕ ਸੰਸਥਾ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਐਸ ਏ ਐਸ ਨਗਰ, ਮੋਹਾਲੀ ਵਿਖੇ ਪੰਜਾਬੀ ਸ਼ਾਰਟਹੈਂਡ ਸਟੈਨੋ ਕੋਰਸ 2025-26 ਲਈ ਦਾਖਲੇ ਸ਼ੁਰੂ ਹੋ ਗਏ ਹਨ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗਰੁੱਪ ਕੈਪਟਨ ਰਵਿੰਦਰ ਸਿੰਘ ਢਿੱਲੋਂ (ਰਿਟਾ.) ਨੇ ਦੱਸਿਆ ਕਿ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਅਤੇ ਗਰੀਬ ਵਰਗ ਦੇ ਬੱਚਿਆਂ ਨੂੰ ਸਟੈਨੋ ਕੋਰਸ ਨਾ ਮਾਤਰ ਫੀਸ 'ਚ ਕਰਵਾਇਆ ਜਾਂਦਾ ਹੈ।ਪੰਜਾਬੀ ਸ਼ਾਰਟਹੈਂਡ ਸਟੈਨੋ ਦੇ ਦਾਖਲੇ ਲਈ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।ਸਿਖਲਾਈ ਲੈਣ ਦੇ ਚਾਹਵਾਨ ਉਮੀਦਵਾਰ 25 ਅਗਸਤ ਤੋਂ ਪਹਿਲਾਂ ਦਾਖਲਾ ਫਾਰਮ ਪ੍ਰਾਪਤ ਕਰ ਸਕਦੇ ਹਨ।

# ਸਿਵਲ ਸਰਜਨ ਵੱਲੋਂ ਬਾਊਪੁਰ ਦਾ ਦੌਰਾ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)-** ਸਿਵਲ ਸਰਜਨ ਕਪੂਰਥਲਾ ਡਾਕਟਰ ਹਰਪਾਲ ਸਿੰਘ ਵੱਲੋਂ ਬਾਊਪੁਰ ਜਦੀਦ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਉਹਨਾਂ ਵੱਲੋਂ ਆਰਜ਼ੀ ਕਲਾਂ ਸਕੂਲ ਵਿਖੇ ਲੋਕਾਂ ਦੀ ਸਹੂਲਤ ਲਈ ਲਗਾਏ ਗਏ ਮੈਡੀਕਲ ਕੈਂਪ ਦਾ ਵੀ ਮੁਆਇਨਾ ਕੀਤਾ ਗਿਆ। ਸਿਵਲ ਸਰਜਨ ਵੱਲੋਂ ਮੈਡੀਕਲ ਟੀਮ ਨਾਲ ਗੱਲਬਾਤ ਵੀ ਕੀਤੀ ਗਈ ਤੇ ਦਵਾਈਆਂ ਦਾ ਸਟਾਕ ਵੀ ਚੈਕ ਕੀਤਾ ਗਿਆ। ਡਾਕਟਰ ਹਰਪਾਲ ਸਿੰਘ ਨੇ ਨਿਰਦੇਸ਼ ਦਿੱਤੇ ਕਿ ਲੋਕਾਂ ਨੂੰ ਦਵਾਈਆਂ ਤੇ ਇਲਾਜ ਦੇ ਸੰਬੰਧ 'ਚ ਕੋਈ ਕਮੀਂ ਨਹੀਂ ਆਉਣੀ ਚਾਹੀਦੀ ਤੇ ਜੇਕਰ ਕੋਈ ਦਵਾਈ ਲੋੜੀਂਦੀ ਹੈ ਤਾਂ ਤੁਰੰਤ ਪੂਰੀ ਕੀਤੀ ਜਾਏ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਪਾਣੀ ਨੂੰ ਉਬਾਲ ਕੇ ਪੀਣ, ਸਾਫ ਸਫਾਈ ਦਾ ਧਿਆਨ ਰੱਖਣ, ਡਾਇਰੀਆ, ਬੁਖਾਰ, ਸਕਿਨ ਸੰਬੰਧੀ ਸਮੱਸਿਆ ਹੋਣ ਤੇ ਤੁਰੰਤ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਸੰਪਰਕ ਕੀਤਾ ਜਾਏ। ਇਸ ਮੌਕੇ ਜਿਲ੍ਹਾ ਸਿਹਤ ਅਫਸਰ ਡਾਕਟਰ ਰਾਜੀਵ ਪ੍ਰਾਸਰ, ਡੀ ਐਮ ਈ ਓ ਰਾਮ ਸਿੰਘ ਵੀ ਹਾਜ਼ਰ ਸਨ।

# ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ 'ਚ ਤੀਆਂ ਦਾ ਤਿਉਹਾਰ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)-** ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਦੇ ਪ੍ਰਾਂਗਣ ਵਿੱਚ 'ਤੀਆਂ ਦਾ ਤਿਉਹਾਰ' ਅਤਿਅੰਤ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਮਨਾਇਆ ਗਿਆ ।ਇਸ ਮੌਕੇ ਮੁੱਖ ਮਹਿਮਾਨ ਵੱਜੋਂ ਪਵਨ ਕੁਮਾਰ ਨੇ ਸ਼ਿਰਕਤ ਕੀਤੀ ਤੇ ਅਮਰਜੀਤ ਸਿੰਘ, ਕੁਲਵੰਤ ਸਿੰਘ ਪ੍ਰਵੀਨ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ।ਸਮਾਰੋਹ ਦੀ ਸ਼ੁਰੂਆਤ ਪ੍ਰੋ. ਕੈਲਾਸ਼ ਅਤੇ ਉਨ੍ਹਾਂ ਦੇ ਸਾਥੀਆਂ ਨੇ ਗੁਰਮਤਿ ਸ਼ਬਦ ਗਾਇਨ ਨਾਲ ਕੀਤੀ।ਇਸ ਤੋਂ ਬਾਅਦ ਵਿਦਿਆਰਥਣਾਂ ਦੀ ਗਿੱਧੇ ਅਤੇ ਲੋਕ-ਗੀਤਾਂ ਦੇ ਮਿਠੜੇ ਸੁਰਾਂ ਨਾਲ ਪੰਜਾਬੀ ਸਭਿਆਚਾਰ ਦੀ ਮਹਿਕ ਚਹੁੰ ਪਾਸੇ ਬਿਖੇਰ ਦਿੱਤੀ। ਪਰੰਪਰਾਗਤ ਰਸਮਾਂ, ਖੇਡਾਂ ਅਤੇ ਲੋਕ-ਕਲਾ ਦੇ ਪ੍ਰਦਰਸ਼ਨਾਂ ਨੇ ਸਮਾਗਮ ਨੂੰ ਹੋਰ ਵੀ ਮਨਮੋਹਕ ਬਣਾ ਦਿੱਤਾ। ਇਸ ਸਮੇਂ ਯੂਨੀਵਰਸਿਟੀ ਦੇ ਕੈਂਪਸ ਵਿਚ ਵਿਦਿਆਰਥਣਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਫ਼ੂਟ ਸਟਾਲਾਂ ਲਗਾਈਆਂ ਗਈਆਂ ਤੇ ਕੈਂਪਸ ਦੇ ਰੁੱਖਾਂ ਹੇਠ ਪੀਘਾਂ ਪਾਈਆਂ ਅਤੇ ਝੂਲੀਆਂ ਗਈਆਂ। ਇਸ ਮੌਕੇ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਧਰਮਜੀਤ ਸਿੰਘ ਪਰਮਾਰ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਤੀਆਂ ਦਾ ਤਿਉਹਾਰ' ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਹੈ ਇਹ ਤਾਂ ਸਾਡੇ ਸਾਂਝੇ ਸੱਭਿਆਚਾਰਕ ਵਿਰਸੇ ਦਾ ਜੀਵੰਤ ਪ੍ਰਤੀਕ ਹੈ। ਵੱਖ-ਵੱਖ ਵਿਭਾਗਾਂ ਦੀਆਂ ਵਿਦਿਆਰਥਣਾਂ ਨੇ ਵੀ ਤੀਆਂ ਦੇ ਤਿਉਹਾਰ ਦੇ ਸੱਭਿਆਚਾਰਕ ਤੇ ਸਮਾਜਕ ਮਹੱਤਵ 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਇਹ ਤਿਉਹਾਰ ਡਾ. ਨਿਰਮਲ ਕੌਰ ਦੀ ਨਿਗਰਨੀ ਅਧੀਨ ਸਫਲਤਾਪੂਰਵਕ ਮਨਾਇਆ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸੰਤ ਮਨਮੋਹਨ ਸਿੰਘ ਚਾਂਸਲਰ ਅਤੇ ਧਰਮਜੀਤ ਸਿੰਘ ਪਰਮਾਰ ਉਪ-ਕੁਲਪਤੀ ਨੇ ਆਏ ਹੋਏ ਮਹਿਮਾਨਾਂ ਅਤੇ ਵਿਦਿਆਰਥਣਾਂ ਨੂੰ ਸਨਮਾਨਤ ਕੀਤਾ। ਇਸ ਸਮੇਂ ਡਾ. ਵਿਜੈ ਧੀਰ, ਡੀਨ ਅਕਾਦਮਿਕ ਰੂਪ ਸਿੰਘ ਡਿਪਟੀ ਰਜਿਸਟਰਾਰ, ਵੱਖ-ਵੱਖ ਵਿਭਾਗਾਂ ਦੇ ਡੀਨ, ਮੁਖੀ, ਪ੍ਰੋਫ਼ੈਸਰ ਸਹਿਬਾਨ ਵੀ ਹਾਜ਼ਰ ਸਨ।ਇਸ ਮੌਕੇ ਡਾ.ਹਰਦੇਵ ਕੌਰ ਅਤੇ ਪ੍ਰੋ. ਪਰਮਜੀਤ ਕੌਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ।



# ਭਾਰਤ ਵਿਕਾਸ ਪਰਿਸ਼ਦ ਵਲੋਂ ਸੰਸਕ੍ਰਿਤੀ ਹਫਤੇ ਦੌਰਾਨ ਸੇਵਾ ਅਤੇ ਸੰਸਕਾਰਾਂ ਦੇ ਸੱਤ ਪ੍ਰੋਜੈਕਟ ਆਯੋਜਿਤ

**ਫਗਵਾੜਾ (ਜਸਵਿੰਦਰ ਢੱਡਾ)-** ਸੰਪਰਕ ਸਹਿਯੋਗ, ਸੰਸਕਾਰ, ਸੇਵਾ ਅਤੇ ਸਮਰਪਣ ਪੰਜ ਸੂਤਰਾਂ 'ਤੇ ਅਧਾਰਿਤ ਭਾਰਤੀ ਸੰਸਕਾਰਾਂ ਨੂੰ ਸਮਰਪਿਤ ਸਵੈ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਫਗਵਾੜਾ ਵਲੋਂ ਸੰਸਕ੍ਰਿਤੀ ਹਫਤਾ ਮਨਾਉਂਦਿਆਂ ਸੇਵਾ ਅਤੇ ਸੰਸਕਾਰ ਤਹਿਤ ਸੱਤ ਪ੍ਰੋਜੈਕਟ ਆਯੋਜਿਤ ਕੀਤੇ । ਸ਼ਾਖਾ ਪ੍ਰਧਾਨ ਰਵਿੰਦਰ ਗੁਲਾਟੀ ਅਤੇ ਸਕੱਤਰ ਜਤਿੰਦਰ ਅਗਰਵਾਲ ਦੀ ਅਗਵਾਈ ਵਿੱਚ ਸੈਫਰਨ ਸਕੂਲ ਵਿੱਚ ਪੌਦੇ ਲਗਾਉਣ ਤੋਂ ਸ਼ੁਰੂਆਤ ਕੀਤੀ ਗਈ । ਦੂਸਰੇ ਦਿਨ ਸ੍ਰੀ ਗੋਬਿੰਦ ਗੋਧਾਮ ਗਊਸ਼ਾਲਾ ਵਿੱਚ ਗਊ ਸੇਵਾ ਪ੍ਰੋਜੈਕਟ ਤਹਿਤ ਗਾਵਾਂ ਨੂੰ ਚਾਰਾ ਪ੍ਰਦਾਨ ਕੀਤਾ ਗਿਆ ਅਤੇ ਗਊਸ਼ਾਲਾ ਨੂੰ ਦਾਨ ਦਿੱਤਾ ਗਿਆ। ਇਸੇ ਦਿਨ ਰੇਲਵੇ ਸਟੇਸ਼ਨ ਤੇ ਸਟੇਸ਼ਨ ਮਾਸਟਰ ਦਵਿੰਦਰ ਸਿੰਘ ਰਤਨ ਨੂੰ ਦੋ ਵਹੀਲ ਚੇਅਰਾਂ ਪ੍ਰਦਾਨ ਕੀਤੀਆਂ ਗਈਆਂ ਜੋ ਕਿ ਬਿਮਾਰ ਜਾਂ ਦਿਵਿਆਂਗ ਵਿਅਕਤੀ ਨੂੰ ਗੱਡੀ ਵਿੱਚ ਚੜ੍ਹਾਉਣ ਲਈ ਵਰਤੀ ਜਾਵੇਗੀ । ਤੀਸਰੇ ਦਿਨ ਸਰਕਾਰੀ ਹਾਈ ਸਕੂਲ ਚਾਵੋਕੀ ਵਿਖੇ ਅਨੀਮੀਆ ਮੁਕਤ ਭਾਰਤ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਡਾ. ਵਿਜੇ ਸ਼ਰਮਾ ਨੇ ਵਿਦਿਆਰਥਣਾਂ ਨੂੰ ਅਨੀਮੀਆਂ ਤੋਂ ਬਚਾਉ ਲਈ ਸੰਤੁਲਿਤ ਅਹਾਰ ਲੈਣ ਅਤੇ ਜੰਕ ਫੂਡ ਅਤੇ ਕੋਲਡ ਡ੍ਰਿੰਕ ਦੇ ਮਾੜੇ ਪ੍ਰਭਾਵਾਂ ਪ੍ਰਤੀ ਸੁਚੇਤ ਕੀਤਾ । ਚੌਥੇ ਦਿਨ ਚਾਹਲ ਨਗਰ ਵਿੱਚ ਬਾਊਲੀ ਮੰਦਰ ਵਿੱਚ ਐਲ.ਪੀ.ਯੂ. ਸਟਾਫ ਦੀ ਮਦਦ ਨਾਲ ਇੱਕ ਮੁਫਤ ਫਿਜ਼ਿਓਥਰੈਪੀ ਕੈਂਪ ਲਗਾਇਆ ਗਿਆ । ਇਸ ਤੋਂ ਬਾਅਦ ਅਜ਼ਾਦੀ ਦਿਵਸ ਮੌਕੇ ਸਰਕਾਰੀ ਕੰਨਿਆ ਆਈ ਟੀ ਆਈ ਮਾਡਲ ਟਾਊਨ ਫਗਵਾੜਾ ਵਿਖੇ ਚੇਅਰਪਰਸਨ ਨਰਿੰਦਰ ਕੌਰ ਸੱਗੂ ਅਤੇ ਪ੍ਰਿੰਸੀਪਲ ਸੁਨੀਤਾ ਰਾਣੀ ਦੇ ਸਹਿਯੋਗ ਨਾਲ ਤਿੰਨ ਪ੍ਰੋਜੈਕਟ ਕੀਤੇ । ਝੰਡਾ ਚੜ੍ਹਾਉਣ ਤੋਂ ਬਾਅਦ ਹਾਲ ਵਿੱਚ ਦੇਸ਼ ਭਗਤਾਂ ਦੇ ਯੋਗਦਾਨ ਦੀ ਸਰਾਹਨਾ ਕੀਤੀ ਗਈ ਅਤੇ ਸੰਸਥਾ ਦੀਆਂ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੀਆਂ ਛੇ ਲੜਕੀਆਂ ਅਤੇ ਸਾਰੇ ਅਧਿਆਂਪਕਾਂ ਦਾ ਸਨਮਾਨ ਕਰਕੇ ਗੁਰੂ ਵੰਦਨ ਛਾਤਰ ਅਭਿਨੰਦਨ ਪ੍ਰੋਜੈਕਟ ਕੀਤਾ ਗਿਆ । ਇਸ ਤੋਂ ਬਾਅਦ ਨਰ ਸੇਵਾ ਨਰਾਇਣ ਸੇਵਾ ਪ੍ਰੋਜੈਕਟ ਤਹਿਤ ਜੁਗਲ ਕਿਸ਼ੋਰ ਮਨਚੰਦਾ ਦੀ ਮਦਦ ਨਾਲ ਤਿੰਨ ਪਰਵਾਰਾਂ ਨੂੰ ਰਾਸ਼ਨ ਪ੍ਰਦਾਨ ਕੀਤਾ ਗਿਆ। ਪ੍ਰਧਾਨ ਗੁਲਾਟੀ ਵਲੋਂ ਸਮੂਹ ਪ੍ਰੋਜੈਕਟ ਡਾਇਰੈਕਟਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ । ਇਸ ਮੌਕੇ ਹਰਜਿੰਦਰ ਗੋਗਨਾ, ਅਸ਼ੋਕ ਗੁਪਤਾ, ਡਾ, ਵਿਜੇ ਸ਼ਰਮਾ, ਜਤਿੰਦਰ ਅਗਰਵਾਲ, ਸ਼ੰਕਰ ਦਾਸ ਧੀਰ, ਮੁਨੀਸ਼ ਗੁਪਤਾ, ਅਵਿਨਾਸ਼ ਗੁਪਤਾ, ਚੰਦਰ ਮੋਹਨ ਸ਼ਰਮਾ, ਡਾ. ਵਰਿੰਦਰ ਗੋਗਨਾ, ਚੀਫ ਪ੍ਰੋਜੈਕਟ ਕੋਆਰਡੀਨੇਟਰ ਪ੍ਰਵੇਸ਼ ਗੁਪਤਾ, ਸਵਤੰਤਰ ਗੁਪਤਾ, ਰਜਿੰਦਰ ਗੁਪਤਾ, ਪ੍ਰਦੀਪ ਸ਼ਰਮਾ, ਚੰਦਰ ਸ਼ੇਖਰ ਗੁਪਤਾ, ਵਿੱਪਨ ਢੀਂਗਰਾ, ਯੋਗੇਸ਼ ਵਰਮਾ, ਕੇਵਲ ਸਿੰਘ ਅਜੇ ਗਰੋਵਰ, ਤਰੁਨ ਆਨੰਦ ਹਾਜ਼ਰ ਸਨ ।



# ਸ੍ਰੀ ਹਨੁਮਤ ਇੰਸਟੀਚਿਊਟ ਵਿਖੇ ਪੂਰੇ ਉਤਸ਼ਾਹ ਨਾਲ ਮਨਾਇਆ

**ਗੁਰਾਇਆ (ਬਿੰਦਰ ਸੁਮਨ)** ਸ਼੍ਰੀ ਹਨੁਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਆਜ਼ਾਦੀ ਦਿਵਸ ਅਤੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਸਮਰਪਿਤ ਇੱਕ ਪ੍ਰਭਾਵਸ਼ਾਲੀ ਸਮਾਗਮ ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ 'ਤੇ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਬਾਲ ਰੂਪ ਲੱਡੂ ਗੋਪਾਲ ਜੀ ਨੂੰ 56 ਭੋਗ ਲਗਾਏ ਗਏ।ਇਸ ਦੌਰਾਨ ਡਿਜੀਟਲ ਪੋਸਟਰ ਬਣਾਉਣ ਅਤੇ ਫੁੱਲਾਂ ਵਾਲੇ ਗਮਲਿਆਂ ਦੀ ਸਜਾਵਟ ਦੇ ਮੁਕਾਬਲੇ ਵੀ ਕਰਵਾਏ ਗਏ। ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਨੇ ਸਾਰਿਆਂ ਨੂੰ ਆਜ਼ਾਦੀ ਦਿਵਸ ਅਤੇ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੀਆਂ ਸ਼ੁਭ ਇੱਛਾਵਾਂ ਦਿੱਤੀਆਂ।ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



# ਵਿਦਿਆਰਥੀਆਂ ਦਾ ਕਰਵਾਇਆ ਪਾਠ ਰੇਸੀਟੇਸ਼ਨ ਮੁਕਾਬਲਾ

**ਲੋਹੀਆਂ ਖਾਸ (ਯੋਗੇਸ਼ਵਰ) :** ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਕਿੰਡਰਗਾਰਟਨ ਵਿਦਿਆਰਥੀਆਂ ਦਾ ਪਾਠ ਰੇਸੀਟੇਸ਼ਨ ਕੰਪਟੀਸ਼ਨ ਆਯੋਜਿਤ ਕੀਤਾ ਗਿਆ। ਇਸ ਕੰਪੀਟੀਸ਼ਨ ਵਿੱਚ ਕੇ.ਜੀ.ਤੋਂ ਦੂਸਰੀ ਕਲਾਸ ਤੱਕ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਜਿਸ ਵਿੱਚ ਕੇ.ਜੀ. ਕਲਾਸ ਵਿੱਚੋਂ ਰਹਿਮਤ ਕੌਰ ਕੇ.ਜੀ.ਟੂ (ਜੈਸਮੀਨ) ਨੇ ਪਹਿਲਾ ਸਥਾਨ, ਹਰੀਨ ਕੌਰ ਕੇ.ਜੀ. ਟੂ (ਰੋਜ਼) ਨੇ ਦੂਜਾ ਸਥਾਨ, ਹਰਸਾਹਿਬ ਸਿੰਘ ਥਿੰਦ ਕੇ. ਜੀ. 2 (ਰੋਜ਼) ਨੇ ਤੀਸਰਾ ਸਥਾਨ, ਪਹਿਲੀ ਜਮਾਤ ਵਿੱਚੋਂ ਗੁਰਮਨ ਕੌਰ ਪਹਿਲੀ (ਡੇਜ਼ੀ ) ਨੇ ਪਹਿਲਾ ਸਥਾਨ,ਗੁਰਨੂਰ ਕੌਰ ਪਹਿਲੀ (ਲਿਲੀ) ਨੇ ਦੂਸਰਾ ਸਥਾਨ,ਜਸਰਾਜ ਸਿੰਘ ਪਹਿਲੀ(ਟੂਲੀਪ) ਨੇ ਤੀਸਰਾ ਸਥਾਨ ਅਤੇ ਦੂਸਰੀ ਕਲਾਸ ਵਿੱਚੋਂ ਜੁਝਾਰ ਸਿੰਘ ਦੂਸਰੀ (ਰੋਜ਼) ਨੇ ਪਹਿਲਾ ਸਥਾਨ, ਮਹਿਤਾਬ ਸਿੰਘ ਦੂਸਰੀ (ਜੈਸਮੀਨ) ਨੇ ਦੂਜਾ ਸਥਾਨ ਅਤੇ ਅਗਮ ਕੁਮਾਰ ਦੂਸਰੀ( ਜੈਸਮੀਨ) ਨੇ ਤੀਜਾ ਸਥਾਨ ਹਾਸਲ ਕੀਤਾ।ਜੇਤੂ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਜੀ ਦੁਆਰਾ ਸਨਮਾਨ ਚਿੰਨ੍ਹ ਦੇ ਕੇ ਉਨ੍ਹਾ ਦੀ ਹੌਸਲਾ ਅਫਜਾਈ ਕੀਤੀ ਗਈ ਅਤੇ ਬਹੁਤ ਹੀ ਮਾਣ ਮਹਿਸੂਸ ਕੀਤਾ ਕਿ ਇੰਨੇ ਛੋਟੇ ਬੱਚਿਆਂ ਨੇ ਬਹੁਤ ਹੀ ਮਿੱਠੀ ਆਵਾਜ਼ ਦੇ ਵਿੱਚ ਗੁਰਬਾਣੀ ਕੰਠ ਕੀਤੀ।



# ਟੈਕਨੀਕਲ ਸਰਵਿਸਿਜ ਯੂਨੀਅਨ ਦੇ ਸਬ ਡਵੀਜਨ ਦੇ ਸਰਬਸੰਮਤੀ ਨਾਲ ਵੱਲਵ ਸਿੰਘ ਝੱਜ ਪ੍ਰਧਾਨ, ਸਕੱਤਰ ਰਮਨ ਕੁਮਾਰ ਚੁਣੇ ਗਏ



**ਅਨੰਦਪੁਰ ਸਾਹਿਬ (ਅਰਵਿੰਦਰ ਵਿੰਦਰ ਸਿੰਘ ਬਿੰਦੀ)** ਟੈਕਨੀਕਲ ਸਰਵਿਸਿਜ ਯੂਨੀਅਨ ਦੇ ਇਜਲਾਸ 'ਚ ਸਬ ਡਵੀਜਨ ਸ੍ਰੀ ਆਨੰਦਪੁਰ ਸਾਹਿਬ ਦੇ ਸਰਬਸੰਮਤੀ ਨਾਲ ਵੱਲਵ ਸਿੰਘ ਝੱਜ ਪ੍ਰਧਾਨ, ਸਕੱਤਰ ਰਮਨ ਕੁਮਾਰ ਚੁਣੇ ਗਏ। ਸ੍ਰੀ ਆਨੰਦਪੁਰ ਸਾਹਿਬ 19 ਅਗਸਤ ਟੈਕਨੀਕਲ ਸਰਵਿਸ ਯੂਨੀਅਨ ਸ੍ਰੀ ਅਨੰਦਪੁਰ ਸਾਹਿਬ ਡਿਵੀਜਨ ਕਮੇਟੀ ਦਾ ਚੋਣ ਇਜਲਾਸ ਤਾਜ ਹੋਟਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ। ਜਿਸ ਵਿੱਚ ਸਕੱਤਰ ਮੋਹਿਤ ਸ਼ਰਮਾ ਨੇ ਪਿਛਲੇ ਤਿੰਨ ਸਾਲ ਤੱਕ ਦੀ ਜਥੇਬੰਦਕ ਰਿਪੋਰਟ ਪੇਸ਼ ਕੀਤੀ ਗਈ। ਵਿੱਤ ਸਕੱਤਰ ਗੁਰਮੁੱਖ ਸਿੰਘ ਝੱਜ ਵੱਲੋਂ ਵਿੱਤ ਰਿਪੋਰਟ ਪੇਸ਼ ਕੀਤੀ ਗਈ। ਚੋਣ ਨਿਗਰਾਨ ਕਮੇਟੀ ਵੱਲੋਂ ਡਿਵੀਜਨ ਕਮੇਟੀ ਲਈ ਪੈਨਲ ਦੀ ਮੰਗ ਕੀਤੀ ਗਈ। ਜਿਸ ਵਿੱਚ ਇੱਕ ਹੀ ਪੈਨਲ ਵਿਗਿਆਨਿਕ ਗਰੁੱਪ ਵੱਲੋਂ ਪੇਸ਼ ਕੀਤਾ ਗਿਆ ਜੋ ਕਿ ਸਰਬਸਮਤੀ ਨਾਲ ਚੁਣ ਲਿਆ ਗਿਆ। ਇਸ ਵਿੱਚ ਪ੍ਰਧਾਨ ਵੱਲਵ ਸਿੰਘ ਝੱਜ ਐਸ ਐਸ ਏ, ਮੀਤ ਪ੍ਰਧਾਨ ਬਲਰਾਮ ਸ਼ਰਮਾ ਲਾਈਨਮੈਨ, ਸਕੱਤਰ ਰਮਨ ਕੁਮਾਰ ਲਾਈਨਮੈਨ, ਜੁਆਇੰਟ ਸਕੱਤਰ ਸਤਬੀਰ ਸਿੰਘ ਲਾਈਨਮੈਨ, ਕੈਸ਼ੀਅਰ ਸਮਸ਼ੇਰ ਸਿੰਘ ਨੂੰ ਚੁਣਿਆ ਗਿਆ।

# ਨਕੋਦਰ ਸ਼ਹਿਰ 'ਚ ਪੀਣ ਵਾਲੇ ਪਾਣੀ ਦੀ ਪਾਈਪ ਲਾਈਨ ਸ਼ੁਰੂ : ਇੰਦਰਜੀਤ ਕੌਰ ਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)-** ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਅੰਮ੍ਰਿਤ 2.0 ਯੋਜਨਾ ਤਹਿਤ ਨਕੋਦਰ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਮਜ਼ਬੂਤ ਕਰਨ ਲਈ ਨਵੀਂ ਪਾਈਪ ਲਾਈਨ ਵਿਛਾਉਣ ਦਾ ਮਹੱਤਵਪੂਰਨ ਪ੍ਰੋਜੈਕਟ ਅੱਜ ਸ਼ੁਰੂ ਕੀਤਾ ਗਿਆ ਹੈ।ਇਸ ਪ੍ਰੋਜੈਕਟ ਦਾ ਮੁੱਖ ਉਦੇਸ਼ ਸ਼ਹਿਰ ਦੇ ਵਸਨੀਕਾਂ ਅਨੁਸਾਰ ਸੁਰੱਖਿਅਤ ਅਤੇ ਲਗਾਤਾਰ ਪੀਣ ਵਾਲਾ ਪਾਣੀ ਉਪਲਬਧ ਕਰਾਉਣਾ ਹੈ। ਯੋਜਨਾ ਅਧੀਨ ਲਗਭਗ 49.233 ਮੀਟਰ ਲੰਬੀ ਪਾਈਪ ਲਾਈਨ ਵਿਛਾਈ ਜਾਵੇਗੀ। 2 ਨਵੇਂ ਟਿਊਬਵੈਲ ਲਗਾਏ ਜਾਣਗੇ ਅਤੇ ਤਕਰੀਬਨ 2920 ਘਰਾਂ ਨੂੰ ਨਵੇਂ ਹਾਊਸ ਕੁਨੈਕਸ਼ਨ ਦਿੱਤੇ ਜਾਣਗੇ। ਨਕੋਦਰ ਦੇ ਕਮਾਲਪੁਰਾ ਮੁਹੱਲੇ ਵਿਚ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਗਭਗ 15 ਮਹੀਨੇ ਦਾ ਸਮਾਂ ਲੱਗੇਗਾ। ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਨਕੋਦਰ ਸ਼ਹਿਰ ਦੇ ਲਗਭਗ 15 ਹਜ਼ਾਰ ਵਸਨੀਕਾਂ ਨੂੰ ਪੀਣ ਯੋਗ ਪਾਣੀ ਦੀ ਸਹੂਲਤ ਪ੍ਰਾਪਤ ਹੋਵੇਗੀ। ਬੀਬੀ ਮਾਨ ਨੇ ਕਿਹਾ ਕਿ ਕਿ ਹਰ ਵਿਅਕਤੀ ਦੇ ਕੋਲ ਸਾਫ ਸੁਥਰਾ ਪੀਣ ਵਾਲਾ ਪਾਣੀ ਪਹੁੰਚਦਾ ਕਰਨਾ ਸਾਡੀ ਜ਼ਿੰਮੇਵਾਰੀ ਹੈ। ਇਸ ਮੌਕੇ ਵਾਟਰ ਸਪਲਾਈ ਦੇ ਐਕਸੀਅਨ ਵਾਸੂਦੇਵ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਸਬੀਰ ਸਿੰਘ ਧੰਜਲ, ਅਸ਼ਵਨੀ ਕੋਹਲੀ, ਹਿਮਾਂਸ਼ੂ ਜੈਨ, ਨਰਿੰਦਰ ਸ਼ਰਮਾ, ਅਮਰੀਕ ਸਿੰਘ ਐਮਸੀ, ਸੰਜੀਵ ਤੱਖਰ, ਬੌਬੀ ਸ਼ਰਮਾ, ਵਰੁਣ ਗਾਬਾ, ਪਵਨ ਗਿੱਲ, ਮਾਸਟਰ ਅਮਰਜੀਤ, ਸੁਖਦੇਵ ਸਿੰਘ ਸਰਪੰਚ, ਜਗਮੀਤ ਸਿੰਘ ਹੁਸੈਨਪੁਰ, ਸੋਹਨ ਲਾਲ ਬਲਾਕ ਪ੍ਰਧਾਨ, ਸੁਰਿੰਦਰ ਉਂਗੀ ਬਲਾਕ ਪ੍ਰਧਾਨ, ਕਰਨ ਸ਼ਰਮਾ ਬਲਾਕ ਪ੍ਰਧਾਨ, ਬਲਦੇਵ ਸਹੋਤਾ ਬਲਾਕ ਪ੍ਰਧਾਨ, ਧਰਮਪਾਲ ਸਰਪੰਚ, ਮੇਵਾ ਸਿੰਘ ਸਰਪੰਚ, ਸਾਕਸ਼ੀ, ਹਰਵਿੰਦਰ ਸਿੰਘ ਮੀਰਪੁਰ ਮੰਡੀ ਸਰਪੰਚ, ਨਰਿੰਦਰ, ਪਾਲੀ, ਜੋਗਿੰਦਰ ਗਿੱਲ, ਸੋਮਨਾਥ ਮੌਕੇ 'ਤੇ ਮੌਜੂਦ ਸੀ।



# ਨਰਸਿੰਗ ਕਾਲਜ 'ਚ ਮਨਾਇਆ ਤੀਆਂ ਦਾ ਤਿਉਹਾਰ



**ਅੱਡਾ ਸਰਾਂ (ਜਸਵੀਰ ਕਾਜਲ)-** ਪਬਲਿਕ ਖਾਲਸਾ ਕਾਲਜ ਪ੍ਰਬੰਧਕ ਕਮੇਟੀ ਅਧੀਨ ਚੱਲਦੇ ਕਾਲਜ ਆਫ ਨਰਸਿੰਗ 'ਚ ਤੀਆਂ ਦਾ ਤਿਉਹਾਰ ਖੁਸ਼ੀਆਂ ਖੇੜਿਆਂ ਨਾਲ ਮਨਾਇਆ ਗਿਆ। ਕਮੇਟੀ ਪ੍ਰਧਾਨ ਪਰਮਿੰਦਰ ਸਿੰਘ ਅਤੇ ਸਕੱਤਰ ਬਿਕਰਮਜੀਤ ਸਿੰਘ ਲਾਲੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਲਵਦੀਪ ਕੌਰ ਵੜੈਚ ਦੀ ਅਗਵਾਈ 'ਚ ਕਰਵਾਏ ਇਸ ਸਮਾਗਮ ਦੌਰਾਨ ਵਿਦਿਆਰਥਣਾਂ ਨੇ ਪੰਜਾਬੀ ਵਿਰਾਸਤ ਦੀ ਝਾਕੀ ਪੇਸ਼ ਕੀਤੀ। ਇਸ ਮੌਕੇ ਪ੍ਰਿੰਸੀਪਲ ਲਵਦੀਪ ਕੌਰ ਨੇ ਦੱਸਿਆ ਕਿ ਇਹ ਬਹੁਤ ਵਧੀਆ ਉਪਰਾਲਾ ਹੈ ਕਿ ਤੀਆਂ ਦਾ ਤਿਉਹਾਰ ਕਾਲਜ 'ਚ ਮਨਾਇਆ ਜਾ ਰਿਹਾ ਹੈ ਅਤੇ ਵਿਦਿਆਰਥਣਾਂ ਨੂੰ ਆਪਣੇ ਪੰਜਾਬੀ ਸੱਭਿਆਚਾਰ ਬਾਰੇ ਹਮੇਸ਼ਾ ਹੀ ਯਾਦ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ ਜਿਸ 'ਚ ਅਧਿਆਪਕਾਵਾਂ ਅਤੇ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਨਾਲ ਸੰਬੰਧਤ ਲੋਕ ਬੋਲੀਆਂ, ਲੋਕ ਗੀਤ, ਗਿੱਧਾ ਆਦਿ ਵੰਨਗੀਆਂ ਪੇਸ਼ ਕਰਕੇ ਪ੍ਰੋਗਰਾਮ ਨੂੰ ਸਫ਼ਲ ਬਣਾਇਆ। ਵਿਦਿਆਰਥਣਾਂ ਨੇ ਵੱਖ ਵੱਖ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ। ਇਸ ਮੌਕੇ ਮਹਿੰਦੀ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਵਾਈਸ ਪ੍ਰਿੰਸੀਪਲ ਲਵਦੀਪ ਕੌਰ ਤਲਵਾਰ, ਹਰਪ੍ਰੀਤ ਕੌਰ, ਅਮਨਦੀਪ ਕੌਰ, ਹਰਪ੍ਰੀਤ, ਇੰਦਰਪ੍ਰੀਤ ਕੌਰ, ਜਸਪ੍ਰੀਤ ਕੌਰ ਆਦਿ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਯਾਤਰੀ ਨਿਵਾਸ ਦੀ ਉਸਾਰੀ ਕਾਰਜਾਂ 'ਚ ਤੇਜ਼ੀ ਨਾਲ ਪ੍ਰਗਤੀ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸਥਾਨਕ ਗੁਰੂ ਗੋਬਿੰਦ ਸਿੰਘ ਯਾਤਰੀ ਨਿਵਾਸ ਦੇ ਉਸਾਰੀ ਕਾਰਜਾਂ ਵਿੱਚ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਤੇ 80 ਦੇ ਕਰੀਬ ਕਮਰੇ ਇਸ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਸਮਾਗਮਾਂ ਤੱਕ ਮੁਕੰਮਲ ਹੋ ਜਾਣਗੇ ਜਿਸ ਨਾਲ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਵਧੀਆ ਰਿਹਾਇਸ਼ ਸਹੂਲਤ ਮਿਲ ਸਕੇਗੀ।ਇਹ ਪ੍ਰਗਟਾਵਾ ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲਿਆਂ ਨੇ ਆਪਣੀ ਤਕਨੀਕੀ ਟੀਮ ਨਾਲ ਸਰਾਂ ਵਿੱਚ ਚੱਲ ਰਹੇ ਤਿਆਰੀ ਦੇ ਕਾਰਜਾਂ ਦਾ ਜਾਇਜ਼ਾ ਲੈਣ ਉਪਰੰਤ ਕੀਤਾ।ਇਸ ਦੌਰਾਨ ਬਾਬਾ ਸੁਖਵਿੰਦਰ ਸਿੰਘ ਨਾਲ ਆਰਕੀਟੈਕਟ ਰੋਹਿਤ ਵਰਮਾ, ਬਾਬਾ ਕਾਲਾ, ਬਾਬਾ ਰਤਨ ਸਿੰਘ, ਸਿਵਲ ਇਜੀਨੀਅਰ ਇੰਦਰਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਜੀਨੀਅਰ ਬਲਜਿੰਦਰ ਸਿੰਘ ਅਤੇ ਵਾਤਾਅਨੁਕੂਲ ਸਿਸਟਮ ਸਥਾਪਤ ਕਰਨ ਵਾਲੇ ਅਰਜਿੰਦਰ ਸਿੰਘ ਤੇ ਸ੍ਰੀ ਓਮ ਪ੍ਰਕਾਸ਼ ਵੀ ਮੌਜੂਦ ਸਨ।

# ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਮਿੱਤਲ ਨੇ ਵਧਦੇ ਅਮਰੀਕੀ ਟੈਰਿਫ 'ਤੇ ਭਾਰਤੀ ਝੰਡਾ ਲਹਿਰਾਇਆ

**ਜਲੰਧਰ (ਸ਼ੈਲੀ ਐਲਬਰਟ)-** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਵਿਖੇ 79ਵੇਂ ਆਜ਼ਾਦੀ ਦਿਵਸ ਦੇ ਜਸ਼ਨ ਇੱਕ ਜੋਸ਼ੀਲੇ ਦੇਸ਼ ਭਗਤ ਆਰਕੈਸਟਰਾ ਨਾਲ ਸ਼ੁਰੂ ਹੋਏ ਜਿਸ ਨੇ ਕੈਂਪਸ ਵਿੱਚ ਦੇਸ਼ ਭਗਤੀ ਅਤੇ ਏਕਤਾ ਦੀ ਲਹਿਰ ਫੈਲਾਅ ਦਿੱਤੀ। ਜਿਵੇਂ ਹੀ ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਪ੍ਰੀਜ਼ਾਈਡਿੰਗ ਅਫਸਰ ਕਰਨਲ ਡਾ. ਰਸ਼ਮੀ ਮਿੱਤਲ ਅਤੇ ਐਲ ਪੀ ਯੂ ਦੀ ਪ੍ਰੋ-ਚਾਂਸਲਰ ਨਾਲ ਤਿਰੰਗਾ ਲਹਿਰਾਇਆ, ਪੂਰਾ ਕੈਂਪਸ ਵੰਦੇ ਮਾਤਰਮ ਨਾਲ ਗੂੰਜ ਉੱਠਿਆ ਅਤੇ ਮੌਜੂਦ ਹਜ਼ਾਰਾਂ ਸੀਨੀਅਰ ਡੈਲੀਗੇਟਾਂ, ਫੈਕਲਟੀ, ਸਟਾਫ ਅਤੇ ਵਿਦਿਆਰਥੀਆਂ ਵਿੱਚ ਕੁਰਬਾਨੀ ਅਤੇ ਦੇਸ਼ ਭਗਤੀ ਦੀ ਡੂੰਘੀ ਭਾਵਨਾ ਭਰ ਗਈ।ਇੰਡੀਆ ਫਸਟ ਦੀ ਭਾਵਨਾ ਨਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾ. ਅਸ਼ੋਕ ਕੁਮਾਰ ਮਿੱਤਲ ਨੇ ਇੱਕ ਦਲੇਰਾਨਾ ਐਲਾਨ ਕੀਤਾ ਕਿ ਜੇਕਰ 27 ਅਗਸਤ ਤੱਕ ਭਾਰਤੀ ਨਿਰਯਾਤ 'ਤੇ ਹਾਲ ਹੀ ਵਿੱਚ ਲਗਾਇਆ ਗਿਆ 50% ਅਮਰੀਕੀ ਟੈਰਿਫ ਵਾਪਸ ਨਹੀਂ ਲਿਆ ਜਾਂਦਾ ਹੈ, ਤਾਂ ਐਲ ਪੀ ਯੂ ਕੈਂਪਸ ਵਿੱਚ ਅਮਰੀਕੀ ਸਾਫਟ ਡਰਿੰਕਸ ਦਾ ਬਾਈਕਾਟ ਕਰੇਗਾ। ਇਸ ਨੂੰ ਅਨਿਆਂਪੂਰਨ ਅਤੇ ਭਾਰਤ ਦੀ ਆਰਥਿਕ ਪ੍ਰਭੂਸੱਤਾ ਲਈ ਨੁਕਸਾਨ ਦੇਹ ਦੱਸਦੇ ਹੋਏ ਡਾ. ਮਿੱਤਲ ਨੇ ਜ਼ੋਰ ਦੇ ਕੇ ਕਿਹਾ, ਭਾਰਤ ਦੇ ਨੌਜਵਾਨ ਬਾਹਰੀ ਦਬਾਅ ਅੱਗੇ ਨਹੀਂ ਝੁਕਣਗੇ। ਜੇਕਰ ਕੋਈ ਸਾਡੇ ਦੇਸ਼ ਦੀ ਆਰਥਿਕ ਜਾਂ ਸਮੁੱਚੀ ਤਰੱਕੀ ਨੂੰ ਕਮਜ਼ੋਰ ਕਰਦਾ ਹੈ, ਤਾਂ ਅਸੀਂ ਦ੍ਰਿੜ੍ਹਤਾ ਅਤੇ ਏਕਤਾ ਨਾਲ ਜਵਾਬ ਦੇਵਾਂਗੇ। ਪੂਰੀ ਯੂਨੀਵਰਸਿਟੀ ਨੇ ਆਪਣਾ ਸਮਰਥਨ ਪ੍ਰਗਟ ਕੀਤਾ। ਐਲ ਪੀ ਯੂ ਨੇ ਲਗਭਗ 200 ਸ਼ਾਨਦਾਰ ਖਿਡਾਰੀਆਂ ਨੂੰ ਸਨਮਾਨਤ ਕੀਤਾ ਅਤੇ ਉਨ੍ਹਾਂ ਦੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜਿੱਤਾਂ ਦਾ ਜਸ਼ਨ ਮਨਾਉਂਦੇ ਹੋਏ 80 ਲੱਖ ਰੁਪਏ ਦੇ ਇਨਾਮ ਦਿੱਤੇ।



# ਰੋਟਰੀ ਕਲੱਬ ਵੱਲੋਂ ਤਲਵੰਡੀ ਚੌਧਰੀਆਂ ਵਿਖੇ ਸ਼ਹੀਦ ਊਧਮ ਸਿੰਘ ਬੱਸ ਸਟਾਪ ਦੀ ਸਥਾਪਨਾ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਾਪੁਰੀ)-** ਰੋਟਰੀ ਕਲੱਬ ਸੁਲਤਾਨਪੁਰ ਲੋਧੀ ਵੱਲੋਂ ਤਲਵੰਡੀ ਚੌਧਰੀਆਂ ਵਿਖੇ ਸੁਲਤਾਨਪੁਰ ਲੋਧੀ ਰੋਡ, ਥਾਣਾ ਤਲਵੰਡੀ ਚੌਧਰੀਆਂ ਨੇੜੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹੀਦ ਊਧਮ ਸਿੰਘ ਬੱਸ ਸਟੈਂਡ ਦੀ ਸਥਾਪਨਾ ਕੀਤੀ ਗਈ। ਇਸ ਮੌਕੇ ਕਰਵਾਏ ਗਏ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਨੰਬਰਦਾਰ ਜੋਗਾ ਸਿੰਘ ਉੱਘੇ ਸਮਾਜ ਸੇਵਕ ਉਚੇਚੇ ਤੌਰ 'ਤੇ ਪਹੁੰਚੇ ਜਿਨਾਂ ਦਾ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਨੂਰੋਵਾਲ, ਬੱਸ ਸਟਾਪ ਦੇ ਪ੍ਰੋਜੈਕਟ ਡਾਇਰੈਕਟਰ ਬਲਜੀਤ ਸਿੰਘ ਬੱਲੀ, ਡਾਕਟਰ ਹਰਜੀਤ ਸਿੰਘ, ਸੈਕਟਰੀ ਰਣਜੀਤ ਸਿੰਘ ਨੰਢਾ ਤੇ ਸਾਥੀ ਮੈਂਬਰਾਂ ਵੱਲੋਂ ਬੁੱਕਾਂ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ। ਉਪਰੰਤ ਨਵ ਨਿਰਮਾਣ ਬਸ ਸਟਾਪ ਦਾ ਸ਼ੁਭ ਉਦਘਾਟਨ ਉੱਘੇ ਸਮਾਜ ਸੇਵਕ ਨੰਬਰਦਾਰ ਜੋਗਾ ਸਿੰਘ ਕਾਲੇਵਾਲ ਵੱਲੋਂ ਆਪਣੇ ਕਰ ਕਮਲਾਂ ਨਾਲ ਰਿਬਨ ਕੱਟ ਕੇ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਨੂਰੋਵਾਲ ਤੇ ਸਮੂਹ ਰੋਟਰੀ ਕਲੱਬ ਮੈਂਬਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਅਤੇ ਇਸ ਬੱਸ ਸਟਾਪ ਦੇ ਬਣਨ ਨਾਲ ਨੇੜੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਅਤੇ ਆਈ ਟੀ ਆਈ ਤਲਵੰਡੀ ਚੌਧਰੀਆਂ ਦੇ ਵਿਦਿਆਰਥੀਆਂ ਨੂੰ ਬੱਸ ਦੀ ਉਡੀਕ ਕਰਨ ਸਮੇਂ ਵੱਡੀ ਸਹੂਲਤ ਮਿਲੇਗੀ। ਇਸ ਮੌਕੇ ਬਲਵਿੰਦਰ ਸਿੰਘ ਸਰਪੰਚ ਤਲਵੰਡੀ ਚੌਧਰੀਆ ਨੇ ਕਿਹਾ ਕਿ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜ ਆਪਣੀ ਨਿਵੇਕਲੀ ਛਾਪ ਛੱਡਦੇ ਹਨ, ਉਥੇ ਸਮਾਜ ਨੂੰ ਵੀ ਨਵੀਂ ਸੇਧ ਦਿੰਦੇ ਹਨ।ਇਸ ਮੌਕੇ ਰੋਟਰੀ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਕੁਲਵੰਤ ਸਿੰਘ ਨੂਰੋਵਾਲ, ਸੈਕਟਰੀ ਰਣਜੀਤ ਸਿੰਘ ਨੰਢਾ, ਕੈਸ਼ੀਅਰ ਨਵਪ੍ਰੀਤ ਸਿੰਘ ਪ੍ਰਿੰਸ ਤੇ ਸਮੁੱਚੀ ਟੀਮ ਵੱਲੋਂ ਮੁੱਖ ਮਹਿਮਾਨ ਨੰਬਰਦਾਰ ਜੋਗਾ ਸਿੰਘ ਤੇ ਹੋਰ ਪਹੁੰਚੀਆਂ ਸ਼ਖਸੀਅਤਾਂ ਦਾ ਸ਼ੀਲਡ ਅਤੇ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।






ਤਰਲੋਚਨ ਸਿੰਘ ਨੂੰ ਏ ਐਸ ਆਈ ਪ੍ਰਮੋਟ ਹੋਣ 'ਤੇ ਮੋਢੇ 'ਤੇ ਸਟਾਰ ਲਗਾਉਂਦੇ ਹੋਏ ਕੈਬਨਿਟ ਮੰਤਰੀ ਲੋਕਲ ਬਾਡੀ ਪੰਜਾਬ ਡਾਕਟਰ ਰਵਜੋਤ ਸਿੰਘ ਅਤੇ ਉਨ੍ਹਾ ਧਰਮ ਪਤਨੀ। (ਫੋਟੋ ਅਤੇ ਵੇਰਵਾ : ਪਰਮਜੀਤ ਸਿੰਘ ਆਦਮਪੁਰ )

# ਨਸ਼ੀਲੇ ਪਦਾਰਥਾਂ ਸਮੇਤ 6 ਵਿਅਕਤੀ ਕਾਬੂ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਬੀਤੇ 24 ਘੰਟਿਆਂ ਦੌਰਾਨ ਜ਼ਿਲੇ ’ਚ ਵੱਖ-ਵੱਖ ਥਾਵਾਂ ਤੋਂ ਪੁਲਸ ਵੱਲੋਂ ਛੇ ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਿੰਡ ਸੁਹਾਵੀ ਨਜ਼ਦੀਕ ਕੀਤੀ ਜਾ ਰਹੀ ਚੈਕਿੰਗ ਦੌਰਾਨ ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਪਾਰਟੀ ਵੱਲੋਂ ਮੋਟਰਸਾਈਕਲ ਤੇ ਆ ਰਹੇ ਜਗਦੀਪ ਸਿੰਘ ਉਰਫ ਜੱਗੀ ਵਾਸੀ ਪਿੰਡ ਮੋਹਨ ਮਾਜਰਾ ਨੂੰ ਰੋਕ ਕੇ ਉਸਦੀ ਤਲਾਸ਼ੀ ਕੀਤੀ ਗਈ ਤਾਂ ਉਸਦੇ ਕਬਜ਼ੇ ’ਚੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ ਜਿਸ ਤੇ ਜਗਦੀਪ ਸਿੰਘ ਉਰਫ ਜੱਗੀ ਨੂੰ ਅ/ਧ 21(ਬੀ) ਐੱਨਡੀਪੀਐੱਸ ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ ’ਚ ਥਾਣਾ ਮੰਡੀ ਗੋਬਿੰਦਗੜ੍ਹ ਦੀ ਇੱਕ ਪੁਲਸ ਪਾਰਟੀ ਵੱਲੋਂ ਪਿੰਡ ਅੰਬੇਮਾਜਰਾ ਵਾਲੇ ਪੁਲ ਨਜ਼ਦੀਕ ਸ਼ੱਕ ਦੇ ਅਧਾਰ ਤੇ ਰੋਕੇ ਗਏ ਸ਼ੰਭੂ ਕੁਮਾਰ ਵਾਸੀ ਕਿਸ਼ਨਗੰਜ (ਬਿਹਾਰ) ਦੀ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ ਚੋਂ 80 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਜਿਸ ਤੇ ਸ਼ੰਭੂ ਕੁਮਾਰ ਨੂੰ ਅ/ਧ 22 ਐਨਡੀਪੀਐਸ ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ ਚ ਸੀਆਈਏ ਸਟਾਫ ਸਰਹਿੰਦ ਦੀ ਇੱਕ ਟੀਮ ਵੱਲੋਂ ਪੁਲ ਸੂਆ ਲਾਡਪੁਰ ਨਜ਼ਦੀਕ ਸ਼ੱਕ ਦੇ ਅਧਾਰ ਤੇ ਰੋਕੇ ਗਏ ਸੰਦੀਪ ਸਿੰਘ ਉਰਫ ਜਿੰਮੀ ਵਾਸੀ ਪਿੰਡ ਕੁੱਕੜ ਮਾਜਰਾ ਦੀ ਤਲਾਸ਼ੀ ਲਈ ਗਈ ਤਾਂ ਉਸਦੇ ਕਬਜ਼ੇ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ।ਇਸ ਸਬੰਧੀ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ ਅ/ਧ 21 (ਬੀ) ਐੱਨਡੀਪੀਐੱਸ ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ ’ਚ ਸੰਦੀਪ ਸਿੰਘ ਉਰਫ ਜਿੰਮੀ ਨੂੰ ਗ੍ਰਿਫਤਾਰ ਕਰ ਲਿਆ ਗਿਆ।ਇੱਕ ਵੱਖਰੇ ਮਾਮਲੇ ਵਿੱਚ ਪਿੰਡ ਖੇੜਾ ਨਜ਼ਦੀਕ ਮੌਜੂਦ ਥਾਣਾ ਬਡਾਲੀ ਆਲਾ ਸਿੰਘ ਦੀ ਇੱਕ ਪੁਲਿਸ ਪਾਰਟੀ ਵੱਲੋਂ ਪੈਦਲ ਆ ਰਹੇ ਅਮਨਦੀਪ ਸਿੰਘ ਉਰਫ ਅਮਨੀ ਵਾਸੀ ਪਿੰਡ ਈਸਰਹੇਲ ਨੂੰ ਚੈਕਿੰਗ ਲਈ ਰੋਕਿਆ ਗਿਆ।ਜਿਸ ਦੀ ਲਈ ਗਈ ਤਲਾਸ਼ੀ ਦੌਰਾਨ ਅਮਨਦੀਪ ਸਿੰਘ ਉਰਫ ਅਮਨੀ ਦੇ ਕਬਜ਼ੇ ਵਿੱਚੋਂ ਨਸ਼ੇ ਦੀਆਂ 72 ਗੋਲੀਆਂ ਬਰਾਮਦ ਹੋਈਆਂ। ਇੱਕ ਵੱਖਰੇ ਮਾਮਲੇ ਵਿੱਚ ਬਸੀ ਪਠਾਣਾ ਦੀ ਦਾਣਾ ਮੰਡੀ ਨਜ਼ਦੀਕ ਮੌਜੂਦ ਬਸੀ ਪਠਾਣਾ ਸਿਟੀ ਚੌਂਕੀ ਦੀ ਪੁਲਸ ਪਾਰਟੀ ਵੱਲੋਂ ਲਖਬੀਰ ਸਿੰਘ ਉਰਫ ਕਾਲਾ ਵਾਸੀ ਪਿੰਡ ਕਲੌੜ ਨੂੰ ਚੈਕਿੰਗ ਲਈ ਰੋਕਿਆ ਗਿਆ ਜਿਸ ਦੀ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ ਵਿੱਚੋਂ 30 ਗੋਲੀਆਂ ਐਲਪਰਾਜੋਲਮ ਬਰਾਮਦ ਹੋਣ ਤੇ ਥਾਣਾ ਬਸੀ ਪਠਾਣਾ ਵਿਖੇ ਅ/ਧ 22(ਬੀ) ਐੱਨਡੀਪੀਐੱਸ ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਲਖਬੀਰ ਸਿੰਘ ਉਰਫ ਕਾਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇੱਕ ਵੱਖਰੇ ਮਾਮਲੇ ਵਿੱਚ ਖਮਾਣੋ ਦੀ ਬਰਵਾਲੀ ਰੋਡ ’ਤੇ ਚੈਕਿੰਗ ਕਰ ਰਹੀ ਥਾਣਾ ਖਮਾਣੋ ਦੀ ਇੱਕ ਪੁਲਿਸ ਪਾਰਟੀ ਵੱਲੋਂ ਰਵਿੰਦਰ ਸਿੰਘ ਵਾਸੀ ਪਿੰਡ ਭਾਬਰੀ ਨੂੰ ਚੈਕਿੰਗ ਲਈ ਰੋਕਿਆ ਗਿਆ ਜਿਸ ਦੀ ਤਲਾਸ਼ੀ ਦੌਰਾਨ ਉਸਦੇ ਕਬਜ਼ੇ ਵਿੱਚੋਂ 2 ਨਸ਼ੇ ਦੇ ਟੀਕੇ ਬਰਾਮਦ ਹੋਣ ਤੇ ਉਸ ਨੂੰ ਅ/ਧ 22 ਐਨਡੀਪੀਐਸ ਐਕਟ ਤਹਿਤ ਗ੍ਰਿਫਤਾਰ ਕਰ ਲਿਆ ਗਿਆ।

# ਡਾ. ਪ੍ਰਗਿਆ ਜੈਨ ਐੱਸ ਐੱਸ ਪੀ ਫਰੀਦਕੋਟ ਨੇ ਕੇਂਦਰੀ ਮਾਡਰਨ ਜੇਲ੍ਹ ਦੀ ਕੀਤੀ ਅਚਨਚੇਤ ਚੈਕਿੰਗ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**- ਡਾ. ਪ੍ਰਗਿਆ ਜੈਨ ਐੱਸਐੱਸਪੀ ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਸ ਵੱਲੋਂ ਜੇਲ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੇਂਦਰੀ ਮਾਡਰਨ ਜੇਲ, ਫਰੀਦਕੋਟ ’ਚ ਅਚਾਨਕ ਅਤੇ ਵਿਸਤ੍ਰਿਤ ਚੈਕਿੰਗ ਮੁਹਿੰਮ ਚਲਾਈ ਗਈ। ਇਹ ਚੈਕਿੰਗ ਬੁੱਧਵਾਰ ਸਵੇਰੇ ਲਗਭਗ 150 ਪੁਲਿਸ ਮੁਲਾਜ਼ਮਾਂ ਦੀਆਂ 05 ਟੀਮਾਂ ਬਣਾ ਕੇ ਤਕਰੀਬਨ 02 ਘੰਟਿਆਂ ਤੱਕ ਚਲਾਈ ਗਈ।ਇਹ ਸਰਚ ਆਪਰੇਸ਼ਨ ਐੱਸ. ਪੀ (ਇਨਵੈਸਟੀਗੇਸ਼ਨ) ਫਰੀਦਕੋਟ ਸੰਦੀਪ ਕੁਮਾਰ ਦੀ ਨਿਗਰਾਨੀ ਹੇਠ ਚਲਾਈ ਗਈ ਜਿਸ ਦੌਰਾਨ ਉਨ੍ਹਾਂ ਨਾਲ ਜਗਤਾਰ ਸਿੰਘ ਡੀਐੱਸਪੀ (ਐੱਚ ਐਂਡ ਐੱਫ) ਫਰੀਦਕੋਟ, ਚਰਨਜੀਵ ਲਾਂਬਾ, ਡੀਐੱਸਪੀ (ਐੱਨਡੀਪੀਐੱਸ) ਫਰੀਦਕੋਟ ਸਮੇਤ ਜੇਲ੍ਹ ਪ੍ਰਸ਼ਾਸ਼ਨ ਦੇ ਅਧਿਕਾਰੀ ਵੀ ਮੌਜੂਦ ਸਨ।ਪੁਲਸ ਦੀਆਂ 5 ਵੱਖ-ਵੱਖ ਟੀਮਾਂ ਵੱਲੋਂ ਜੇਲ ਦੇ ਹਰ ਹਿੱਸੇ ਦੀ ਜਾਂਚ ਕੀਤੀ ਗਈ, ਜਿਸ ਵਿੱਚ ਕੈਦੀਆਂ ਦੇ ਬੈਰਕ, ਕੰਟੀਨ, ਬਾਥਰੂਮ, ਚਾਰਦੀਵਾਰੀ, ਨਿਗਰਾਨੀ ਕੈਮਰੇ ਅਤੇ ਹੋਰ ਸੁਰੱਖਿਆ ਪ੍ਰਣਾਲੀਆਂ ਦੀ ਗਹਿਰੀ ਜਾਂਚ ਕੀਤੀ ਗਈ।ਇਸ ਸਬੰਧੀ ਸੰਦੀਪ ਕੁਮਾਰ ਐੱਸਪੀ (ਇਨਵੈਸਟੀਗੇਸ਼ਨ) ਫਰੀਦਕੋਟ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੁਲਸ ਟੀਮਾਂ ਵੱਲੋਂ ਇਹ ਚੈਕਿੰਗ ਕਿਸੇ ਵੀ ਗੈਰ-ਕਾਨੂੰਨੀ ਚੀਜ਼ ਜਾਂ ਨਸ਼ੀਲੇ ਪਦਾਰਥ ਦੀ ਚੈਕਿੰਗ ਅਤੇ ਜੇਲ ਦੇ ਅੰਦਰ ਸੁਰੱਖਿਆ ਪ੍ਰਬੰਧਾ ਦੀ ਚੈਕਿੰਗ ਲਈ ਕੀਤੀ ਗਈ।ਇਹ ਮੁਹਿੰਮ ਗੁਪਤ ਰੱਖੀ ਗਈ ਤਾਂ ਜੋ ਕੋਈ ਸ਼ਰਾਰਤੀ ਤੱਤ ਇਸ ਦੀ ਜਾਣਕਾਰੀ ਲੈ ਕੇ ਬਚ ਨਾ ਸਕਣ।ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਔਰਤਾਂ ਦੀ ਗੋਪਨੀਯਤਾ ਅਤੇ ਪ੍ਰੋਟੋਕੋਲ ਨੂੰ ਧਿਆਨ ਵਿਚ ਰੱਖਦਿਆਂ ਮਹਿਲਾ ਪੁਲਸ ਮੁਲਾਜ਼ਮਾਂ ਵੱਲੋਂ ਵੱਖਰੇ ਤੌਰ ਤੇ ਔਰਤਾਂ ਵਾਲੀਆਂ ਬੈਰਕਾਂ ਦੀ ਜਾਂਚ ਕੀਤੀ ਗਈ।ਇਸ ਸਬੰਧੀ ਐੱਸ. ਐੱਸ. ਪੀ. ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਪੁਲਿਸ ਦੀਆਂ ਵੱਖ-ਵੱਖ ਟੀਮਾਂ ਨੇ ਜੇਲ ਦੇ ਹਰ ਹਿੱਸੇ ਦੀ ਵਧੀਆ ਤਰੀਕੇ ਨਾਲ ਜਾਂਚ ਕੀਤੀ, ਜਿਸ ਵਿੱਚ ਬੈਰਕਾਂ, ਕੰਟੀਨ, ਬਾਥਰੂਮ, ਚਾਰਦੀਵਾਰੀ ਅਤੇ ਨਿਗਰਾਨੀ ਕੈਮਰਿਆਂ ਦੀ ਜਾਂਚ ਵੀ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਮਹਿਲਾ ਬੈਰਕਾਂ ਦੀ ਜਾਂਚ ਮਹਿਲਾ ਪੁਲਿਸ ਮੁਲਾਜ਼ਮਾਂ ਵੱਲੋਂ ਵਿਸ਼ੇਸ਼ ਸੰਵੇਦਨਸ਼ੀਲਤਾ ਅਤੇ ਸੁਰੱਖਿਆ ਨਿਯਮਾਂ ਦੇ ਤਹਿਤ ਕੀਤੀ ਗਈ, ਜਿਸ ਦੌਰਾਨ ਮਹਿਲਾ ਕੈਦੀਆਂ ਦੀ ਪ੍ਰਾਈਵੇਸੀ ਨੂੰ ਪੂਰਾ ਸਨਮਾਨ ਦਿੱਤਾ ਗਿਆ।ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਥਾਣਾ ਇੰਚਾਰਜ ਅਤੇ ਹੋਰ ਸਬੰਧਤ ਪੁਲਸ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਜੇਲ ਦੇ ਆਲੇ ਦੁਆਲੇ ਰਹਿਣ ਵਾਲੇ ਨਿਵਾਸੀਆਂ ਦਾ ਰਿਕਾਰਡ ਰੱਖਣ ਤਾਂ ਜੋ ਉਹ ਕੈਦੀਆਂ ਜਾਂ ਉਨ੍ਹਾਂ ਦੇ ਸਾਥੀਆਂ ਨਾਲ ਮਿਲ ਕੇ ਜੇਲ ਵਿੱਚ ਨਸ਼ਾ ਜਾਂ ਹੋਰ ਗੈਰ-ਕਾਨੂੰਨੀ ਚੀਜ਼ਾਂ ਅੰਦਰ ਸੁੱਟਣ ਵਿੱਚ ਸ਼ਾਮਿਲ ਨਾ ਹੋਣ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਅਜਿਹੀਆਂ ਜਾਂਚ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹੇਗੀ।



# ਭਾਜਪਾ ਦੀ ਫ਼ਤਿਹ ਰੈਲੀ ਨੇ 2027 ’ਚ ਸਰਕਾਰ ਬਣਾਉਣ ਦੀ ਨੀਂਹ ਰੱਖੀ : ਕੰਬੋਜ

**ਸਨੌਰ (ਰਾਜਿੰਦਰ ਸਿੰਘ ਚਿੰਡ)**- ਰਾਜਪੁਰਾ ਵਿਖੇ ਪੰਜਾਬ ਭਾਜਪਾ ਵੱਲੋਂ ਕੀਤੀ ਗਈ ਕਿਸਾਨ ਮਜ਼ਦੂਰ ਫ਼ਤਿਹ ਰੈਲੀ ਨੇ ਸਿਆਸੀ ਗਲਿਆਰਿਆਂ ਵਿੱਚ ਨਵਾਂ ਮੋੜ ਪਾ ਦਿੱਤਾ ਹੈ।ਭਾਰੀ ਗਿਣਤੀ ਵਿਚ ਉਮੜੇ ਲੋਕ ਸਮੂਹ ਨੇ ਇਹ ਸਾਬਤ ਕਰ ਦਿੱਤਾ ਕਿ 2027 ਵਿਚ ਪੰਜਾਬ ਵਿਚ ਭਾਜਪਾ ਸਰਕਾਰ ਬਣਨਾ ਨਿਸ਼ਚਤ ਹੈ।ਇਹ ਗੱਲ ਕਰਦਿਆਂ ਸਨੌਰ ਦੇ ਭਾਜਪਾ ਦੇ ਸੀਨੀਅਰ ਆਗੂ ਹਰਦੀਪ ਸਿੰਘ ਕੰਬੋਜ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਕਿਸਾਨਾਂ ਅਤੇ ਮਜ਼ਦੂਰਾਂ ਲਈ ਵੱਡਾ ਖ਼ਤਰਾ ਸੀ।ਉਨ੍ਹਾਂ ਕਿਹਾ ਕਿ ਭਾਜਪਾ ਵਲੋਂ ਇਸ ਪਾਲਿਸੀ ਦੇ ਵਿਰੋਧ ਵਿਚ ਜ਼ੋਰਦਾਰ ਕਿਸਾਨ ਬਚਾਓ-ਜ਼ਮੀਨ ਬਚਾਓ ਅੰਦੋਲਨ ਸ਼ੁਰੂ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ ।ਉਨ੍ਹਾਂ ਕਿਹਾ ਕਿ ਲੋਕਾਂ ਦੇ ਭਾਰੀ ਵਿਰੋਧ ਤੋਂ ਡਰ ਕੇ ਹੀ ਪੰਜਾਬ ਸਰਕਾਰ ਨੂੰ ਆਪਣਾ ਇਹ ਫ਼ਰਮਾਨ ਵਾਪਸ ਲੈਣਾ ਪਿਆ।ਹਰਦੀਪ ਕੰਬੋਜ ਦੀ ਅਗਵਾਈ ਹੇਠ ਸਨੌਰ ਦੇ ਲੋਕਾਂ ਨੇ ਨਾ ਸਿਰਫ ਹਾਜ਼ਰੀ ਲਗਵਾਈ ਬਲਕਿ ਭਾਜਪਾ ਦੇ ਹੱਕ ਵਿਚ ਨਾਅਰੇਬਾਜ਼ੀ ਕਰਕੇ ਆਪਣਾ ਜੋਸ਼ ਵੀ ਵਿਖਾਇਆ।ਇਸ ਮੌਕੇ ਪਰਮਵੀਰ ਸਿੰਘ ਮੰਡਲ ਪ੍ਰਧਾਨ, ਮਨਦੀਪ ਸਿੰਘ ਕੰਬੋਜ, ਹਰਮੀਤ ਸਿੰਘ, ਹਰਜੀਨਿਆਸ ਸਿੰਘ, ਜਗਦੇਵ ਸਿੰਘ ਹਡਾਣਾ, ਹੰਸ ਰਾਜ ਚਿੜਵੀ, ਕਰਮਜੀਤ ਸਿੰਘ ਸਨੌਰ, ਹਰਮਨ ਸਿੰਘ ਢੋਟ, ਸੌਰਵ ਕੁਮਾਰ ਸਮੇਤ ਹੋਰ ਕਈ ਭਾਜਪਾ ਆਗੂ ਅਤੇ ਵਰਕਰ ਮੌਜੂਦ ਰਹੇ।



# ਵਿਦਿਆਰਥੀਆਂ ਨੂੰ ਵੇਰਕਾ ਮਿਲਟ ਪਲਾਂਟ ਦਾ ਦੌਰਾ ਕਰਾਇਆ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸਿਲਵਰ ਓਕਸ ਸਕੂਲ ਨੇ ਚੌਥੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਵੇਰਕਾ ਮਿਲਕ ਪਲਾਂਟ ਦੀ ਵਿਦਿਆਤਮਕ ਯਾਤਰਾ ਦਾ ਆਯੋਜਨ ਕੀਤਾ।ਯਾਤਰਾ ਦਾ ਉਦੇਸ਼ ਵਿਦਿਆਰਥੀਆਂ ਨੂੰ ਇਕ ਵੱਡੇ ਪੱਧਰ ਦੇ ਡੇਅਰੀ ਉਦਯੋਗ ਦੀ ਕਾਰਜ ਪ੍ਰਕਿਰਿਆ ਨਾਲ ਜਾਣੂ ਕਰਵਾਉਣਾ ਅਤੇ ਦੁੱਧ ਦੇ ਉਤਪਾਦਾਂ ਦੀ ਪ੍ਰੋਸੈਸਿੰਗ ਵਿੱਚ ਖਾਧ ਸੁਰੱਖਿਆ, ਤਕਨਾਲੋਜੀ ਤੇ ਗੁਣਵੱਤਾ ਨਿਯੰਤਰਣ ਦੇ ਮਹੱਤਵ ਨੂੰ ਉਜਾਗਰ ਕਰਨਾ ਸੀ।ਇਹ ਦੌਰਾ ਪੰਜਾਬ ਦੇ ਸਭ ਤੋਂ ਭਰੋਸੇਯੋਗ ਡੇਅਰੀ ਬ੍ਰਾਂਡਾਂ ਵਿੱਚੋਂ ਇੱਕ ਦੀ ਝਲਕ ਦਿੰਦਿਆਂ ਸਾਰੇ ਵਿਦਿਆਰਥੀਆਂ ਲਈ ਇੱਕ ਕੀਮਤੀ ਅਧਿਐਨ ਅਨੁਭਵ ਸਾਬਤ ਹੋਇਆ। ਵਿਦਿਆਰਥੀਆਂ ਦਾ ਵੇਰਕਾ ਦੀ ਟੀਮ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ ਤੇ ਉਨ੍ਹਾਂ ਨੂੰ ਕੱਚੇ ਦੁੱਧ ਦੀ ਇਕੱਠ ਤੋਂ ਲੈ ਕੇ ਪਾਸਚਰਾਈਜੇਸ਼ਨ, ਹੋਮੋਜਨਾਈਜੇਸ਼ਨ, ਗੁਣਵੱਤਾ ਦੀ ਜਾਂਚ ਤੇ ਆਖਰੀ ਪੈਕੇਜਿੰਗ ਤੱਕ ਦੀ ਪੂਰੀ ਡੇਅਰੀ ਪ੍ਰਕਿਰਿਆ ਦਿਖਾਈ ਗਈ।ਪਲਾਂਟ ਦੇ ਆਧੁਨਿਕ ਇੰਫ੍ਰਾਸਟ੍ਰਕਚਰ ਤੇ ਆਟੋਮੇਸ਼ਨ ਨੇ ਵਿਦਿਆਰਥੀਆਂ ਨੂੰ ਪ੍ਰਭਾਵਤ ਕੀਤਾ ਤੇ ਉਨ੍ਹਾਂ ਨੂੰ ਇਹ ਸਮਝਣ ਵਿੱਚ ਮਦਦ ਮਿਲੀ ਕਿ ਤਕਨਾਲੋਜੀ, ਪੋਸ਼ਣ ਅਤੇ ਉਦਯੋਗ ਇੱਕ-ਦੂਜੇ ਨਾਲ ਕਿਵੇਂ ਜੁੜੇ ਹੋਏ ਹਨ। ਇਹ ਦੌਰਾ ਇੱਕ ਖ਼ਾਸ ਅਨੁਭਵ ਸੀ, ਜਿਸ ਨੇ ਵਿਦਿਆਰਥੀਆਂ ਦੇ ਸਿਧਾਂਤਕ ਗਿਆਨ ਨੂੰ ਖਾਧ ਪ੍ਰਕਿਰਿਆ ਦੀ ਹਕੀਕਤੀ ਦੁਨੀਆ ਨਾਲ ਜੋੜਿਆ।ਇਸ ਦੌਰਾਨ ਵਿਦਿਆਰਥੀਆਂ ਨੇ ਇਹ ਵੀ ਜਾਣਿਆ ਕਿ ਵੇਰਕਾ ਕਿਸ ਤਰ੍ਹਾਂ ਲੱਖਾਂ ਲੋਕਾਂ ਤੱਕ ਉੱਚ ਗੁਣਵੱਤਾ ਵਾਲੇ ਦੁੱਧ ਦੇ ਉਤਪਾਦ ਪਹੁੰਚਾ ਕੇ ਪੋਸ਼ਣ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।ਇਸ ਤਰ੍ਹਾਂ ਦੀਆਂ ਯਾਤਰਾਵਾਂ ਪਾਠਕ੍ਰਮ ਨੂੰ ਹੋਰ ਵੀ ਰੋਚਕ ਤੇ ਸਮ੍ਰਿਧ ਬਣਾਉਂਦੀਆਂ ਹਨ ਅਤੇ ਵਿਦਿਆਰਥੀਆਂ ਵਿੱਚ ਉਦਯੋਗਿਕ ਪ੍ਰਕਿਰਿਆਵਾਂ ਲਈ ਜਿਗਿਆਸਾ ਪੈਦਾ ਕਰਦੀਆਂ ਹਨ।ਇਹ ਇੰਟਰਐਕਟਿਵ ਦੌਰਾ ਇਸ ਗੱਲ ਦੀ ਵੀ ਜਾਣਕਾਰੀ ਦਿੰਦਾ ਹੈ ਕਿ ਵੇਰਕਾ ਕਿਵੇਂ ਕਿਸਾਨਾਂ ਨੂੰ ਉਨ੍ਹਾਂ ਦੇ ਦੁੱਧ ਲਈ ਇੱਕ ਭਰੋਸੇਯੋਗ ਮਾਰਕੀਟ ਦੇ ਕੇ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤ ਕਰਦਾ ਹੈ।



# ਹੋਲੀ ਹਾਰਟ ਸਕੂਲ ਅਜੀਤਵਾਲ ’ਚ ਜਨਮ ਅਸ਼ਟਮੀ ਦਾ ਤਿਉਹਾਰ ਮਨਾਇਆ

**ਅਜੀਤਵਾਲ (ਨਛੱਤਰ ਸੰਧੂ)**- ਹੋਲੀ ਹਾਰਟ ਸਕੂਲ ਅਜੀਤਵਾਲ ’ਚ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮਦਿਨ ਜਨਮ ਅਸ਼ਟਮੀ ਦਾ ਤਿਉਹਾਰ ਪਵਿੱਤਰ ਤਿਉਹਾਰ ਬੜੇ ਉਤਸ਼ਾਹ ਭਗਤੀ ਨਾਲ ਮਨਾਇਆ ਗਿਆ।ਸਕੂਲ ’ਚ ਰੰਗ-ਬਿਰੰਗੇ ਗੁਬਾਰੇ ਬੱਤੀਆਂ ਫੁੱਲਾਂ ਨਾਲ ਸੋਹਣੀ ਤਰ੍ਹਾਂ ਦਾ ਦੇ ਸਜਾਵਟ ਕੀਤੀ ਗਈ।ਮਾਹੌਲ ਭਗਤੀ ਰਸ ਨਾਲ ਭਰਪੂਰ ਬਣਿਆ ਹੋਇਆ ਸੀ ।ਨੰਨੇ-ਮੁੰਨ੍ਹੇ ਬੱਚੇ ਸੁੰਦਰ ਪਹਿਰਾਵੇ ਵਿੱਚ ਸ਼੍ਰੀ ਕ੍ਰਿਸ਼ਨ ਜੀ ਤੇ ਰਾਧਾ ਜੀ ਦੇ ਰੂਪ ਧਾਰਨ ਕਰਕੇ ਮੰਚ ’ਤੇ ਆਏ।ਕਿਸੇ ਨੇ ਮੋਰ ਪੰਖ ਵਾਲੀ ਪਗੜੀ ਪਾਈ ਹੋਈ ਸੀ ਤੇ ਕਿਸੇ ਨੇ ਰੰਗ ਬਰੰਗੀਆਂ ਲਹਿੰਗਾ ਚੁੰਨੀ ਪਾ ਕੇ ਸਭ ਦਾ ਮਨ ਮੋਹ ਲਿਆ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਸੰਸਕ੍ਰਿਤੀ ’ਚ ਕਾਰਜ ਕਰਮ ਜਿਵੇਂ ਭਜਨ ਕੀਰਤਨ, ਗੀਤ ਨਾਚ ਤੇ ਨਾਟਕ ਪੇਸ਼ ਕੀਤੇ ਗਏ।ਖਾਸ ਕਰਕੇ ਬੱਚਿਆਂ ਵੱਲੋਂ ਮਟਕੀ ਤੋੜਨ ਦੀ ਰਸਮ ਵੀ ਕੀਤੀ ਗਈ।ਅਧਿਆਪਕਾਂ ਨੇ ਬੱਚਿਆਂ ਨੂੰ ਸ਼੍ਰੀ ਕ੍ਰਿਸ਼ਨ ਜੀ ਦੀਆਂ ਉਦੇਸ਼ਮੁਖ ਗੱਲਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਦੱਸਿਆ ਕਿ ਕ੍ਰਿਸ਼ਨ ਜੀ ਨੇ ਹਮੇਸ਼ਾ ਸੱਚਾਈ, ਧਰਮ ਤੇ ਕਰਤੱਵ ਨਿਭਾਉਣ ਦਾ ਸੰਦੇਸ਼ ਦਿੱਤਾ ਸੀ। ਉਨ੍ਹਾਂ ਦੀਆਂ ਗੱਲਾਂ ਅੱਜ ਵੀ ਜੀਵਨ ਨੂੰ ਸਹੀ ਰਸਤੇ ’ਤੇ ਲੈ ਜਾਣ ਵਾਲੀਆਂ ਹਨ ।ਸਮਾਗਮ ਦੇ ਅੰਤ ’ਤੇ ਬੱਚਿਆਂ ਨੂੰ ਮਠਿਆਈਆਂ ਵੰਡੀਆਂ ਗਈਆਂ।ਸਾਰੇ ਵਿਦਿਆਰਥੀ ਤੇ ਅਧਿਆਪਕ ਭਰਤੀ ਰਸ ਵਿੱਚ ਡੁੱਬੇ ਹੋਏ ਤਿਉਹਾਰ ਦਾ ਆਨੰਦ ਮਾਣ ਰਹੇ ਸਨ।ਇਸ ਤਰ੍ਹਾਂ ਸਕੂਲ ’ਚ ਜਨਮ ਅਸ਼ਟਮੀ ਦਾ ਇਹ ਮਹਾਨ ਤਿਉਹਾਰ ਭਾਰਤੀ ਸ਼ਰਧਾ, ਖੁਸ਼ੀ ਤੇ ਸਾਂਝ ਪਿਆਰ ਦੇ ਮਾਹੌਲ ਵਿੱਚ ਮਨਾਇਆ ਗਿਆ।



# ਝੁੱਗੀਆਂ ਤੋਂ ਕਿਸਾਨਾਂ-ਮਜ਼ਦੂਰਾਂ ਨੇ ਫੜਿਆ ਬੀ ਕੇ ਯੂ ਤੋਤੇਵਾਲ ਦਾ ਪੱਲਾ

**ਮੋਗਾ (ਇਕਬਾਲ ਸਿੰਘ ਖਹਿਰਾ)** ਭਾਰਤੀ ਕਿਸਾਨ ਯੂਨੀਅਨ (ਤੋਤੇਵਾਲ) ਦੀ ਮੀਟਿੰਗ ਗੁਰਦੁਆਰਾ ਸਾਹਿਬ ਪਿੰਡ ਝੁਗੀਆਂ (ਬਿੱਟਲ) ਵਿਖੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ, ਕੌਮੀ ਜਰਨਲ ਸਕੱਤਰ ਪੰਜਾਬ ਕੇਵਲ ਸਿੰਘ ਖਹਿਰਾ, ਜਸਵੰਤ ਸਿੰਘ ਲੋਹਗੜ ਜਿਲ੍ਹਾ ਪ੍ਰਧਾਨ ਜਲੰਧਰ, ਸੁਖਵਿੰਦਰ ਸਿੰਘ ਮੱਲੀ ਵਿਸ਼ੇਸ਼ ਤੌਰ ’ਤੇ ਪਹੁੰਚੇ। ਮੀਟਿੰਗ ਸਰਪੰਚ ਝੁੱਗੀਆਂ (ਬਿੱਟਲ) ਗੁਰਦਿਆਲ ਸਿੰਘ, ਹਰਦੀਪ ਸਿੰਘ ਲਾਡੀ ਬਲਾਕ ਪ੍ਰਧਾਨ ਮਹਿਤਪੁਰ ਨੇ ਕਿਹਾ ਕੇ ਜਥੇਬੰਦੀ ਦੀ ਕਿਸਾਨ ਮਜ਼ਦੂਰ ਪੱਖੀ ਕਾਰਗੁਜ਼ਾਰੀ ਵੇਖ ਕੇ ਵੱਡੀ ਗਿਣਤੀ ਦੇ ਵਿੱਚ ਕਿਸਾਨ, ਮਜ਼ਦੂਰ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਵਿੱਚ ਸ਼ਾਮਲ ਹੋਏ। ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਦੀ ਪੰਜਾਬ ਲਈ ਨਿਰਸਵਾਰਥ ਸੇਵਾ ਨੂੰ ਦੇਖਦੇ ਹੋਏ ਪੂਰੇ ਪੰਜਾਬ ਚੋਂ ਕਿਸਾਨਾਂ ਮਜ਼ਦੂਰਾਂ, ਨੌਜਵਾਨਾਂ ਦੇ ਜਥੇਬੰਦੀ ਵਿੱਚ ਸਾਮਲ ਹੋਣ ਲਈ ਫੋਨ ਆ ਰਹੇ ਹਨ। ਮੀਟਿੰਗ ਵਿੱਚ ਬੋਲਦੇ ਸੁੱਖ ਗਿੱਲ ਮੋਗਾ ਨੇ ਕਿਹਾ ਕਿ 24 ਤਰੀਕ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਸਮਰਾਲਾ ਵਿਖੇ ਹੋਣ ਜਾ ਰਹੀ ਮਹਾਂਪੰਚਾਇਤ ਵਿੱਚ 250 ਤੋਂ 300 ਗੱਡੀ ਦਾ ਕਾਫਲਾ ਲੈ ਕੇ ਮਹਾਂਪੰਚਾਇਤ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸੁੱਖ ਗਿੱਲ ਨੇ ਇਹ ਵੀ ਕਿਹਾ ਕਿ ਜਿਹੜੀਆਂ ਕਿਸਾਨ ਯੂਨੀਅਨਾਂ ਟੋਲ ਪਲਾਜਿਆਂ ਤੋਂ ਜਾਂ ਛੋਟੇ-ਛੋਟੇ ਮਸਲੇ ਸੁਲਝਾ ਕੇ ਪੈਸੇ ਇਕੱਠੇ ਕਰ ਰਹੀਆਂ ਹਨ, ਸੰਯੁਕਤ ਕਿਸਾਨ ਮੋਰਚੇ ’ਚੋਂ ਉਨ੍ਹਾਂ ਜਥੇਬੰਦੀਆਂ ਨੂੰ ਬਾਹਰ ਦਾ ਰਸਤਾ ਦਿਖਾਉਣਾ ਚਾਹੀਦਾ ਹੈ, ਜਿਹੜੀਆਂ ਜਥੇਬੰਦੀਆਂ ਪੈਸੇ ਲੈ ਕੇ ਸੰਯੁਕਤ ਕਿਸਾਨ ਮੋਰਚੇ ਨੂੰ ਬਦਨਾਮ ਕਰ ਰਹੀਆਂ ਹਨ ਅੰਦਰ ਖਾਤੇ ਸਰਕਾਰਾਂ ਨਾਲ ਰਲ ਕੇ ਸੰਯੁਕਤ ਕਿਸਾਨ ਮੋਰਚੇ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਉਨ੍ਹਾਂ ਜਥੇਬੰਦੀਆਂ ਨੂੰ ਕਿਸਾਨਾਂ ਦੀ ਲੜਾਈ ਲੜਨ ਦਾ ਕੋਈ ਹੱਕ ਨਹੀਂ, ਇਹੋ ਜਿਹੀਆਂ ਜਥੇਬੰਦੀਆਂ ਨੂੰ ਸੰਯੁਕਤ ਮੋਰਚੇ ਵਿੱਚੋਂ ਛੇਕਿਆ ਜਾਣਾ ਚਾਹੀਦਾ ਹੈ।



# ਨਸ਼ਿਆਂ ਦੀ ਮੁਕੰਮਲ ਰੋਕਥਾਮ ਲਈ ਪੇਂਡੂ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੀ ਪ੍ਰਕਿਰਿਆ ਤੇਜ਼

**ਫ਼ਤਿਹਗੜ੍ਹ ਸਾਹਿਬ,(ਪ੍ਰਮੋਦ ਭਾਰਦਵਾਜ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਦੇ ਪਿੰਡਾਂ ਵਿੱਚ ਪੇਂਡੂ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਦੀ ਪ੍ਰਕਿਰਿਆ ਤੇਜ਼ ਕਰ ਦਿੱਤੀ ਗਈ ਹੈ।ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਜ਼ਿਲ੍ਹੇ ਅਧੀਨ ਆਉਂਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ ਅਧਿਕਾਰੀਆਂ ਵੱਲੋਂ ਗ੍ਰਾਮ ਪੰਚਾਇਤਾਂ ਤੇ ਹੋਰ ਮੋਹਤਬਰਾਂ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਨਸ਼ਿਆਂ ਦੀ ਮੁਕੰਮਲ ਰੋਕਥਾਮ ਲਈ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜਮੀਨੀ ਪੱਧਰ ਉਤੇ ਲਾਗੂ ਕਰਨ ਵਿੱਚ ਵੱਡੀ ਸਫ਼ਲਤਾ ਹਾਸਲ ਹੋਈ ਹੈ ਅਤੇ ਜ਼ਿਲ੍ਹੇ ਦੇ ਬਹੁ ਗਿਣਤੀ ਪਿੰਡ ਤੇ ਵਾਰਡ, ਨਸ਼ਿਆਂ ਤੋਂ ਮੁਕਤ ਹੋ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਬਲਾਕ ਖੇੜਾ ਅਧੀਨ ਆਉਂਦੇ ਕਈ ਪਿੰਡਾਂ ਵਿੱਚ ਅੱਜ ਅਧਿਕਾਰੀਆਂ ਨੇ ਪੇਂਡੂ ਵਿਕਾਸ ਕਮੇਟੀਆਂ ਨਾਲ ਮੀਟਿੰਗ ਕੀਤੀ ਅਤੇ ਨਸ਼ਿਆਂ ਦੀ ਰੋਕਥਾਮ ਲਈ ਫੀਡਬੈਕ ਵਿੱਚ ਹੋਰ ਤੇਜ਼ੀ ਲਿਆਉਣ ਲਈ ਆਖਿਆ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਇਹ ਜੰਗ ਜਾਰੀ ਹੈ ਅਤੇ ਡਿਫੈਂਸ ਕਮੇਟੀਆਂ ਦੇ ਮੈਂਬਰ, ਜਿਨ੍ਹਾਂ ਵਿੱਚ ਪਿੰਡ ਦਾ ਸਰਪੰਚ ਜਾਂ ਵਾਰਡ ਦਾ ਕੌਂਸਲਰ, ਯੁੱਧ ਨਸ਼ਿਆਂ ਵਿਰੁਧ ਮੁਹਿੰਮ ਦਾ ਮੈਂਬਰ, ਬੀਡੀਪੀਓ ਜਾਂ ਬੀਡੀਪੀਓ ਦਾ ਨੁਮਾਇੰਦਾ ਅਤੇ ਥਾਣਾ ਮੁਖੀ ਜਾਂ ਥਾਣਾ ਮੁਖੀ ਦਾ ਨੁਮਾਇੰਦਾ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਪਿੰਡਾਂ ਦੇ ਹੋਰ ਪਤਵੰਤੇ ਵੀ ਇਸ ਵਿੱਚ ਸ਼ਾਮਲ ਕੀਤੇ ਗਏ ਹਨ ਜਿਹੜੇ ਕਿ ਆਲੇ ਦੁਆਲੇ ਨਸ਼ਾ ਮੁਕਤੀ ਦਾ ਹੋਕਾ ਦੇਣ ਲਈ ਪੂਰੀ ਤਰ੍ਹਾਂ ਸਰਗਰਮ ਹਨ।



# ਬੀ ਕੇ ਯੂ ਕ੍ਰਾਂਤੀਕਾਰੀ ਬਲਾਕ ਅਜਿੱਤਵਾਲ ਕੁੱਕੜ ਕਾਨਫਰੰਸ ’ਚ ਕਰੇਗਾ ਸ਼ਮੂਲੀਅਤ

**ਮੋਗਾ (ਇਕਬਾਲ ਸਿੰਘ ਖਹਿਰਾ)** ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਬਲਾਕ ਪ੍ਰਧਾਨ ਸੰਦੀਪ ਸਿੰਘ ਦੀ ਪ੍ਰਧਾਨਗੀ ਵਿੱਚ ਪਿੰਡ ਚੂਹੜਚੱਕ ਵਿਖੇ ਬਲਾਕ ਅਜਿਤਵਾਲ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਉਚੇਚੇ ਤੌਰ ’ਤੇ ਸੂਬਾ ਪ੍ਰਧਾਨ ਬਲਦੇਵ ਸਿੰਘ ਜੀਰਾ ਵੱਲੋਂ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਪਿੰਡ ਢੁੱਡੀਕੇ ਇਲਾਕੇ ’ਚੋਂ ਮੋਟਰਾਂ ਦੀਆਂ ਤਾਰਾਂ ਲਾਹੁਣ ਵਾਲੇ ਚੋਰਾਂ ਤੇ ਨਕੇਲ ਕਸਣ ਸਬੰਧੀ ਵਿਚਾਰ ਚਰਚਾ ਹੋਈ। ਡਾਂਗੀਆਂ ਪਿੰਡ ਦੇ ਸਰਪੰਚ ਦੀ ਵੀਡੀਓ ਵੀ ਇਸ ਮਸਲੇ ’ਤੇ ਆਈ ਹੈ। ਉਸ ਨੇ ਦੱਸਿਆ ਕਿ ਉਸ ਦੇ ਪਿੰਡ ਦੇ ਦਸ ਤੋਂ ਵੱਧ, ਮੋਟਰਾਂ ਦੀਆਂ ਤਾਰਾਂ ਦੇ ਚੋਰ ਲੋਪੋ ਪੁਲਸ ਨੇ ਗ੍ਰਿਫ਼ਤਾਰ ਕੀਤੇ ਹਨ। ਪਿੰਡ ਦੇ ਸਰਪੰਚ ਨੇ ਮੀਟਿੰਗ ਕਰਕੇ ਤੇ ਅਨਾਊਂਸਮੈਂਟ ਕਰਕੇ ਕਿਹਾ ਹੈ ਕਿ ਪਿੰਡ ਦਾ ਜੇਕਰ ਕੋਈ ਬੰਦਾ ਇਨ੍ਹਾਂ ਚੋਰਾਂ ਦੇ ਮਗਰ ਜਾਵੇਗਾ ਤਾਂ ਉਸਦੇ ਘਰ ਦੇ ਬਾਹਰ ਵੀ ਧਰਨਾ ਲਾਇਆ ਜਾਵੇਗਾ। ਤਾਰ ਚੋਰਾਂ ਤੋਂ ਲੋਕ ਬਹੁਤ ਦੁਖੀ ਹਨ। ਆਪਣੀ ਯੂਨੀਅਨ ਵੱਲੋਂ ਇਸ ਮਸਲੇ ਤੇ ਕੀਤੀ ਪਹਿਲ ਅਤੇ ਸਰਗਰਮੀ ਰੰਗ ਦਿਖਾ ਰਹੀ ਹੈ। ਲੋਕ ਅਤੇ ਪੁਲਸ ਚੋਰ ਭਾਲਣ ਲਈ ਸਰਗਰਮ ਹੋਏ ਹਨ। ਦੂਜੀ ਚਰਚਾ ਲੈਂਡ ਪੂਲਿੰਗ ਪਾਲਸੀ ਦੇ ਕੀਤੀ ਗਈ। ਸਾਰੀਆਂ ਕਿਸਾਨ ਜਥੇਬੰਦੀਆਂ ਦੀਆਂ ਇਸ ਮਸਲੇ ਤੇ ਹੋਈਆਂ ਜਾਂ ਰੱਖੀਆਂ ਸਰਗਰਮੀਆਂ ਦੇ ਦਬਾਅ ਕਰਕੇ ਭਗਵੰਤ ਮਾਨ ਸਰਕਾਰ ਨੇ ਲੈਂਡ ਪੂਲਿੰਗ ਪਾਲਸੀ ਰੱਦ ਕਰ ਦਿੱਤੀ ਹੈ। ਕਿਸਾਨ ਮਜਦੂਰ ਮੋਰਚੇ ਨੇ ਜਲੰਧਰ ਜ਼ਿਲ੍ਹੇ ਦੇ ਪਿੰਡ ਕੁਕੜ ਵਿੱਚ 20 ਅਗਸਤ ਨੂੰ ਵੱਡੀ ਕਾਨਫਰੰਸ ਤਹਿ ਕੀਤੀ ਸੀ। ਕਾਨਫਰੰਸ ਦੀਆਂ ਤਿਆਰੀਆਂ ਸਬੰਧੀ ਚਰਚਾ ਕੀਤੀ ਗਈ। ਫੈਸਲਾ ਕੀਤਾ ਇਹ ਵੱਡੀ ਗਿਣਤੀ ਵਿੱਚ ਅਜਿੱਤਵਾਲ ਬਲਾਕ ਤੋਂ ਭਾਰਤੀ ਕਿਸਾਨ ਕ੍ਰਾਂਤੀਕਾਰੀ ਦਾ ਵੱਡਾ ਜੱਥਾ ਕਾਨਫਰੰਸ ’ਚ ਪਹੁੰਚੇਗਾ।



# ਨਵ-ਨਿਯੁਕਤ ਪਟਵਾਰੀਆਂ ਨੂੰ ਦਿੱਤੀ ਈ-ਸੇਵਾ ਪ੍ਰਣਾਲੀ ਦੀ ਵਿਸ਼ੇਸ਼ ਟਰੇਨਿੰਗ

**ਮਾਲੇਰਕੋਟਲਾ (ਅਗਰਸਰ ਪਰਹਾਰ)**- ਜ਼ਿਲ੍ਹਾ ਮਾਲੇਰਕੋਟਲਾ ਵਿੱਚ ਨਵ-ਨਿਯੁਕਤ 14 ਪਟਵਾਰੀਆਂ ਲਈ ਵਿਸ਼ੇਸ਼ ਟਰੇਨਿੰਗ ਕੈਂਪ ਦਾ ਆਯੋਜਨ ਕੀਤਾ ਗਿਆ। ਡਿਪਟੀ ਕਮਿਸ਼ਨਰ ਵਿਰਾਜ ਐੱਸ. ਤਿੜਕੇ ਨੇ ਨਵ-ਨਿਯੁਕਤ ਪਟਵਾਰੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀ ਗੁੱਡ ਗਵਰਨੈਂਸ ਨੀਤੀ ਤਹਿਤ ਲੋਕਾਂ ਨੂੰ ਤੇਜ਼, ਪਾਰਦਰਸ਼ੀ ਅਤੇ ਆਸਾਨ ਸੇਵਾਵਾਂ ਪ੍ਰਦਾਨ ਕਰਨਾ ਹੀ ਪ੍ਰਸ਼ਾਸਨ ਦਾ ਮੁੱਖ ਮੰਤਵ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਟਵਾਰੀ ਪੱਧਰ ਦੇ ਕਰਮਚਾਰੀ ਜਨਤਾ ਨਾਲ ਸਿੱਧੇ ਤੌਰ ਤੇ ਜੁੜੇ ਹੁੰਦੇ ਹਨ। ਇਸ ਲਈ ਉਹਨਾਂ ਦੀ ਕੰਮ ਕਰਨ ਦੀ ਸੁਚੱਜੀ ਪ੍ਰਣਾਲੀ ਹੀ ਨਾਗਰਿਕਾਂ ਵਿੱਚ ਸਰਕਾਰੀ ਪ੍ਰਣਾਲੀ ’ਤੇ ਭਰੋਸੇ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ।ਉਨ੍ਹਾਂ ਨੇ ਅਪੀਲ ਕੀਤੀ ਕਿ ਨਵ ਨਿਯੁਕਤ ਪਟਵਾਰੀ ਲੋਕਾਂ ਦੀਆਂ ਸਹੂਲਤਾਂ ਨੂੰ ਪਹਿਲ ਦੇਣ, ਕੰਮ ਵਿੱਚ ਪਾਰਦਰਸ਼ਤਾ ਬਣਾਈ ਰੱਖ ਕੇ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣ।ਸੁੱਚਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਵਿਭਾਗ ਦੀ ਆਈ. ਟੀ. ਸ਼ਾਖਾ ਵੱਲੋਂ ਵਿਸ਼ੇਸ਼ ਟਰੇਨਿੰਗ ਕਰਵਾਈ ਗਈ। ਪਟਵਾਰੀਆਂ ਨੂੰ ਸੁੱਚਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਵਿਭਾਗ (ਡੀਜੀਜੀਆਈਟੀ) ਦੁਆਰਾ ਤਿਆਰ ਕੀਤੀ ਗਈ ਈ-ਗਵਰਨੈਂਸ ਪ੍ਰਣਾਲੀ ਨਾਲ ਜੋੜਿਆ ਗਿਆ। ਟਰੇਨਿੰਗ ਦੌਰਾਨ ਈ-ਸੇਵਾ ਪੋਰਟਲ ’ਤੇ ਆਨ-ਬੋਰਡ (ਆਈਡੀਜ਼ ਬਣਾਉਣ, ਲੌਗਇਨ, ਆਨ ਲਾਈਨ ਤਸਦੀਕ ਪ੍ਰਕਿਰਿਆ ਅਤੇ ਰਿਕਾਰਡ ਅਪਲੋਡ ਕਰਨ ਦੀ ਪ੍ਰਕਿਰਿਆ) ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।ਸਹਾਇਕ ਜ਼ਿਲ੍ਹਾ ਆਈ. ਟੀ. ਮੈਨੇਜਰ, ਪ੍ਰਸ਼ਾਸਨਿਕ ਸੁਧਾਰ ਸ਼ਾਖਾ ਨਰਿੰਦਰ ਸ਼ਰਮਾ ਨੇ ਉਨ੍ਹਾਂ ਨੂੰ ਪ੍ਰੈਕਟੀਕਲ ਡੈਮੋ ਰਾਹੀਂ ਇਹ ਸਮਝਾਇਆ ਕਿ ਸਰਕਾਰ ਦੀਆਂ ਹਦਾਇਤਾ ਅਨੁਸਾਰ ਮਾਲ ਵਿਭਾਗ ਨਾਲ ਸਬੰਧਤ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਆਨ ਲਾਈਨ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਜਿਨ੍ਹਾਂ ਦਾ ਨਿਪਟਾਰਾ ਤਹਿ ਸਮਾਂ ਸੀਮਾਂ ਤਹਿਤ ਪਾਰਦਰਸੀ ਤਰੀਕੇ ਨਾਲ ਕਰਨ ਨੂੰ ਯਕੀਨੀ ਬਣਾਉਣ ਲਈ ਇਹ ਐਪਲੀਕੇਸ਼ਨ ਸਹਾਇਕ ਸਿੱਧ ਹੋ ਰਹੀ ਹੈ ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅੱਜ ਦੇ ਯੁੱਗ ਵਿੱਚ ਸਮੇਂ ਦਾ ਹਾਣੀ ਹੋ ਕੇ ਸਾਡਾ ਤਕਨੀਕ ਨੂੰ ਅਪਣਾਉਣਾ ਲਾਜ਼ਮੀ ਹੈ। ਸਰਕਾਰ ਦਾ ਮਕਸਦ ਸ਼ਹਿਰ ਤੋਂ ਲੈ ਕੇ ਪਿੰਡ ਤੱਕ ਹਰ ਵਿਅਕਤੀ ਨੂੰ ਡਿਜੀਟਲ ਪਲੇਟਫਾਰਮ ਰਾਹੀਂ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣਾ ਹੈ।ਇਸ ਮੌਕੇ ਸਦਰ ਕਾਨੂੰਗੋ ਰਣਜੀਤ ਸਿੰਘ, ਨਾਇਬ ਸਦਰ ਕਾਨੂੰਗੋ ਹਰਿੰਦਰਜੀਤ ਸਿੰਘ, ਜ਼ਿਲ੍ਹਾ ਆਈ. ਟੀ. ਮੈਨੇਜਰ, ਪ੍ਰਸ਼ਾਸਨਿਕ ਸੁਧਾਰ ਸ਼ਾਖਾ ਮੋਨਿਕਾ ਸਿੰਗਲਾ ਸਮੇਤ ਆਈ. ਟੀ. ਟੀਮ ਦੇ ਅਧਿਕਾਰੀ ਵੀ ਮੌਜੂਦ ਸਨ।



# ਪੀ ਟੀ ਆਈ ਯੂਨੀਅਨ ਵੱਲੋਂ ਛੇਵੀਂ ਮੰਜ਼ਲ ’ਤੇ ਪੱਕਾ ਧਰਨਾ ਸ਼ੁਰੂ

**ਰਾਮਪੁਰਾ ਫੂਲ, ਤਲਵੰਡੀ ਸਾਬੋ (ਦਰਸ਼ਨ ਜਿੰਦਲ, ਜਗਦੀਪ ਗਿੱਲ)** ਨਵੀਂ ਬੇਰੁਜ਼ਗਾਰ ਪੀਟੀਆਈ ਯੂਨੀਅਨ ਵੱਲੋਂ 2000 ਪੋਸਟਾਂ ਦਾ ਪੋਰਟਲ ਆਨਲਾਈਨ 23/07/2025 ਨੂੰ ਪੋਰਟਲ ਆਨਲਾਈਨ ਕੀਤਾ ਗਿਆ ਸੀ। ਇਸ ਭਰਤੀ ਵਿੱਚ ਬਹੁਤ ਸਾਰੇ ਉਮੀਦਵਾਰਾਂ ਨੇ ਫਾਰਮ ਭਰ ਲਏ ਸੀ, ਜਿਸ ਦੀ ਫੀਸ ਪ੍ਰਤੀ ਉਮੀਦਵਾਰ 2000 ਰੁਪਏ ਸੀ, ਪਰ ਇਕਦਮ ਇਹ ਪੋਰਟਲ ਬੰਦ ਕਰ ਦਿੱਤਾ ਗਿਆ। 11/07/2025 ਨੂੰ ਨੋਟੀਫਿਕੇਸ਼ਨ ਭਰਤੀ ਬੋਰਡ ਵੱਲੋਂ ਵਾਪਸ ਲੈ ਲਿਆ ਗਿਆ। ਯੂਨੀਅਨ ਵੱਲੋਂ ਜਦੋਂ ਸਿੱਖਿਆ ਵਿਭਾਗ ਨਾਲ ਰਾਬਤਾ ਕਾਇਮ ਕੀਤਾ ਗਿਆ ਤਾਂ ਸਿੱਖਿਆ ਵਿਭਾਗ ਵੱਲੋਂ ਇਹ ਕਿਹਾ ਗਿਆ ਕਿ ਇਸ ਭਰਤੀ ਦੇ ਉੱਪਰ ਕੇਸ ਹੋ ਗਿਆ ਹੈ ਤੇ ਜੱਜ ਸਾਹਿਬ ਵੱਲੋਂ ਇਹ ਨੋਟੀਫਿਕੇਸ਼ਨ ਵਾਪਸ ਲੈਣ ਲਈ ਕਿਹਾ ਗਿਆ ਅਤੇ ਇੱਕ ਅਸੀਂ ਤਿੰਨ ਮੈਂਬਰੀ ਕਮੇਟੀ ਗਠਨ ਕਰ ਦਿੱਤੀ ਹੈ, ਜੋ ਇਹ ਰੂਲਾਂ ਨੂੰ ਰਿਵਿਊ ਕਰੇਗੀ, ਪਰ ਯੂਨੀਅਨ ਵੱਲੋਂ ਇਸ ਕੇਸ ਦੇ ਸੰਬੰਧ ਵਿੱਚ ਜਦੋਂ ਘੋਖਿਆ ਗਿਆ ਤਾਂ ਜਜਮੈਂਟ ਵਿੱਚ ਅਜਿਹਾ ਕੁਝ ਵੀ ਨਹੀਂ ਪਾਇਆ ਗਿਆ। ਜਜਮੈਂਟ ਵਿੱਚ ਸਿਰਫ ਪਟੀਸ਼ਨਰ ਦੇ ਵਕੀਲ ਨੇ ਦਲੀਲਾਂ ਦਿੱਤੀਆਂ। ਉਸ ਤੋਂ ਬਾਅਦ ਸਰਕਾਰੀ ਵਕੀਲ ਨੇ ਜਾ ਕੇ ਆਪਣਾ ਇੱਕ ਪੱਤਰ ਪੇਸ਼ ਕੀਤਾ, ਜਿਸ ਵਿੱਚ ਲਿਖਿਆ ਸੀ ਕਿ ਅਸੀਂ ਇਸ਼ਤਿਹਾਰ ਵਾਪਸ ਲੈ ਲਿਆ। ਇਸ ਉੱਪਰ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਹੈ, ਜੋ ਰੂਲਾਂ ਨੂੰ ਰਿਵਿਊ ਕਰੇਗੀ। ਸਰਾਸਰ ਇਸ ਚੀਜ਼ ਤੋਂ ਸਰਕਾਰ ਅਤੇ ਸਿੱਖਿਆ ਵਿਭਾਗ ਦੀ ਇਹ ਮਨਸ਼ਾ ਸਾਬਤ ਹੋ ਰਹੀ ਹੈ ਕਿ ਇਹ ਭਰਤੀ ਨੂੰ ਉਹ ਰੋਲਣਾ ਚਾਹੁੰਦੇ ਨੇ ਕੋਰਟ ਵੱਲੋਂ ਨਾ ਕੋਈ ਸਟੇਅ ਕੀਤਾ ਗਿਆ, ਨਾ ਜੱਜ ਸਾਹਿਬ ਵੱਲੋਂ ਇਨ੍ਹਾਂ ਨੂੰ ਆਰਡਰ ਜਾਰੀ ਕੀਤੇ ਗਏ। ਬਿਨਾਂ ਆਰਡਰ, ਬਿਨਾਂ ਸਟੇਅ ਤੋਂ ਡਿਪਾਰਟਮੈਂਟ ਵੱਲੋਂ ਗਏ ਸਰਕਾਰੀ ਵਕੀਲ ਨੇ ਐਪਲੀਕੇਸ਼ਨ ਦੇ ਕੇ ਨੋਟੀਫੀਕੇਸ਼ਨ ਨੂੰ ਵਾਪਸ ਲੈ ਲਿਆ ਗਿਆ ਤੇ ਸੰਬੰਧਤ ਜੋ ਵੀ ਨੌਜਵਾਨ ਸੀ ਜਾਂ ਬੇਰੁਜ਼ਗਾਰ ਨੌਜਵਾਨ ਸੀ, ਉਨ੍ਹਾਂ ਦੇ ਸੁਪਨਿਆਂ ਨਾਲ ਖਿਲਵਾੜ ਕੀਤਾ। ਪੀਟੀਆਈ ਯੂਨੀਅਨ ਰੋਸ ਪ੍ਰਦਰਸ਼ਨ ਵਜੋਂ ਸਿੱਖਿਆ ਵਿਭਾਗ ਦੀ ਛੇਵੀਂ ਮੰਜ਼ਲ ’ਤੇ ਪੱਕਾ ਧਰਨਾ ਲਾ ਕੇ ਬੈਠ ਗਈ ਹੈ।ਯੂਨੀਅਨ ਵੱਲੋਂ ਮੰਗ ਹੈ ਕਿ ਜਿੰਨਾ ਸਮਾਂ ਸਾਡੀ ਭਰਤੀ ਦਾ ਉਸੇ ਤਰ੍ਹਾਂ ਪੋਰਟਲ ਆਨਲਾਈਨ ਕਰਕੇ ਨਹੀਂ ਚਲਾਇਆ ਜਾਂਦਾ, ਓਨਾ ਟਾਈਮ ਪੱਕਾ ਧਰਨਾ ਲਾ ਕੇ ਸਿੱਖਿਆ ਵਿਭਾਗ ਮੋਹਾਲੀ ਵਿਖੇ ਛੇਵੀਂ ਮੰਜ਼ਲ ਉੱਪਰ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਤੇ ਇਸ ਦੇ ਸਬੰਧ ਵਿੱਚ ਡੀ.ਟੀ.ਐੱਫ਼ ਯੂਨੀਅਨ ਦੇ ਸੂਬਾ ਸਕੱਤਰ ਮਹਿੰਦਰ ਪਾਲ ਸਿੰਘ ਕੌੜਿਆਂਵਾਲੀ ਤੇ ਸਮੂਹ ਯੂਨੀਅਨ ਵੱਲੋਂ ਆਪਣੀ ਯੂਨੀਅਨ ਦੇ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਸਾਡੀ ਯੂਨੀਅਨ ਦਾ ਡਟ ਕੇ ਸਾਥ ਦੇਣ ਬਾਰੇ ਕਿਹਾ।



# ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕਰਨ ਦੀ ਮੰਗ

● ਡੀ ਏ ਦੀਆਂ 13 ਫੀਸਦੀ ਦੀ ਦਰ ਨਾਲ 4 ਕਿਸ਼ਤਾਂ ਵੀ ਬਿਨਾਂ ਦੇਰੀ ਦਿੱਤੀਆਂ ਜਾਣ

**ਕੋਟਕਪੂਰਾ (ਰਛਪਾਲ ਭੁੱਲਰ)**- ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਨੇ 30 ਅਪ੍ਰੈਲ 2021 ਨੂੰ ਪੰਜਾਬ ਸਰਕਾਰ ਨੂੰ ਪੇਸ਼ ਕੀਤੀ ਆਪਣੀ ਰਿਪੋਰਟ ਦੇ ਪਹਿਲੇ ਭਾਗ ਵਿੱਚ 31 ਦਸੰਬਰ 2015 ਤੋਂ ਪਹਿਲਾਂ ਸੇਵਾ ਮੁਕਤ ਹੋਣ ਵਾਲੇ ਸਮੂਹ ਪੈਨਸ਼ਨਰਾਂ ਦੀ ਪੈਨਸ਼ਨ ਸੁਧਾਈ 2.59 ਦੇ ਗੁਣਾਂਕ ਨਾਲ ਕਰਨ ਦੀ ਸਿਫਾਰਿਸ਼ ਕੀਤੀ ਸੀ।ਤਨਖਾਹ ਕਮਿਸ਼ਨ ਦੀ ਇਹ ਸਿਫਾਰਿਸ਼ ਨਾ ਤਾਂ ਕਾਂਗਰਸ ਪਾਰਟੀ ਦੇ ਰਾਜਭਾਗ ਦੌਰਾਨ ਅਤੇ ਨਾ ਹੀ ਆਮ ਆਦਮੀ ਪਾਰਟੀ ਦੇ ਲਗਭਗ ਸਾਢੇ ਤਿੰਨ ਸਾਲ ਦੇ ਕਾਰਜ ਕਾਲ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ, ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਅਤੇ ਹੋਰ ਵੱਖ ਵੱਖ ਪੈਨਸ਼ਨਰ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਲਗਾਤਾਰ ਯਤਨਾਂ ਅਤੇ ਸੰਘਰਸ਼, ਪੰਜਾਬ ਸਰਕਾਰ ਨਾਲ ਵੱਖ-ਵੱਖ ਪੱਧਰ ਤੇ ਹੋਈਆਂ ਮੀਟਿੰਗਾਂ ਦੌਰਾਨ ਲੀਡਰਸ਼ਿਪ ਵੱਲੋਂ ਜ਼ੋਰਦਾਰ ਢੰਗ ਨਾਲ ਪੱਖ ਪੇਸ਼ ਕਰਨ ਅਤੇ ਕਾਨੂੰਨੀ ਲੜਾਈ ਲੜਨ ਦੇ ਬਾਵਜੂਦ ਅਜੇ ਤੱਕ 31 ਦਸੰਬਰ 2015 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਾਂ ਤੇ 2.59 ਦਾ ਗੁਣਾਂਕ ਲਾਗੂ ਨਹੀਂ ਹੋਇਆ।ਇਸ ਸਬੰਧ ਵਿੱਚ ਪੰਜਾਬ ਪੈਨਸ਼ਨਰ ਯੂਨੀਅਨ ਦੇ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਵਰਕਿੰਗ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਪ੍ਰੇਮ ਚਾਵਲਾ ਅਤੇ ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ ਨੇ ਪੰਜਾਬ ਸਰਕਾਰ ਤੇ ਦੋਸ਼ ਲਾਇਆ ਕਿ ਮਾਨਯੋਗ ਅਦਾਲਤ ਦੇ ਹੁਕਮਾਂ ਤਹਿਤ ਜਾਰੀ ਕੀਤੇ ਜਾ ਰਹੇ ਮੂੰਹ ਬੋਲਦੇ ਹੁਕਮਾਂ ਵਿੱਚ ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਲਾਗੂ ਕਰਨ ਤੋਂ ਸ਼ਰੇਆਮ ਮੁੱਕਰਦੀ ਜਾ ਰਹੀ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਿਨਾਂ ਕਿਸੇ ਹੋਰ ਦੇਰੀ ਪੈਨਸ਼ਨਰਾਂ ਵਾਸਤੇ 2.59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ , ਪੰਜਾਬ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਡੀ ਏ ਦੀਆਂ ਬਕਾਇਆ ਪਈਆਂ ਚਾਰ ਕਿਸ਼ਤਾਂ ਤੁਰੰਤ ਦੇ ਕੇ ਡੀ ਏ 55 ਫੀਸਦੀ ਕੀਤਾ ਜਾਵੇ , ਤਨਖਾਹ ਕਮਿਸ਼ਨ ਦਾ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਯਕਮੁਸ਼ਤ ਦੇਣਾ ਯਕੀਨੀ ਬਣਾਇਆ ਜਾਵੇ ਅਤੇ ਜਨਵਰੀ 2004 ਤੋਂ ਬਾਅਦ ਭਰਤੀ ਸਾਰੇ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਤੁਰੰਤ ਲਾਗੂ ਕੀਤੀ ਜਾਵੇ।ਆਗੂਆਂ ਨੇ ਪਿਛਲੇ ਦਿਨੀ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮੁਨੀਸ਼ ਸਿਸੋਦੀਆ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਦੀ ਹਾਜ਼ਰੀ ਵਿੱਚ ਲੋਕਾਂ ਨੂੰ ਉਕਸਾ ਕੇ ਪੰਜਾਬ ਦੇ ਹਾਲਾਤ ਨੂੰ ਹੋਰ ਖਰਾਬ ਕਰਨ ਦੇ ਮਨੋਰਥ ਨਾਲ ਦਿੱਤੇ ਗਏ ਬਿਆਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਅਤੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਤੋਂ ਮੰਗ ਕੀਤੀ ਹੈ ਕਿ ਤੁਰੰਤ ਮੁਨੀਸ਼ ਸਿਸੋਦੀਆ ਦੇ ਖਿਲਾਫ ਬਨਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।ਆਗੂਆਂ ਨੇ ਆਮ ਆਦਮੀ ਪਾਰਟੀ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਹੁਕਮਰਾਨ ਧਿਰ ਨੂੰ ਇਹ ਲੋਕ ਵਿਰੋਧੀ, ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਤੀਰੇ ਦਾ ਖਮਿਆਜ਼ਾ ਚੋਣਾਂ ਸਮੇਂ ਭੁਗਤਣਾ ਪਵੇਗਾ।

# ਕਾਂਗਰਸ ਹਾਈਕਮਾਂਡ ਵੱਲੋਂ ਪੀਪੀਸੀਸੀ ਡੈਲੀਗੇਟ ਨਿਯੁਕਤ

**ਸੰਗਰੂਰ (ਪ੍ਰਵੀਨ ਸਿੰਘ)**- ਭਾਰਤੀ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਉਘੇ ਸਮਾਜ ਸੇਵੀ ਅਤੇ ਸੀਨੀਅਰ ਦਲਿਤ ਲੀਡਰ ਦਰਸ਼ਨ ਸਿੰਘ ਕਾਂਗੜਾ ਨੂੰ ਕਾਂਗਰਸ ਹਾਈ ਕਮਾਂਡ ਵੱਲੋਂ ਅਹਿਮ ਜ਼ਿੰਮੇਵਾਰੀ ਦਿੰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਡੈਲੀਗੇਟ ਨਿਯੁਕਤ ਕੀਤਾ ਗਿਆ ਹੈ।ਜਿਸ ਨੂੰ ਲੈਕੇ ਦਲਿਤ ਭਾਈਚਾਰੇ ਵੱਲੋਂ ਇਸ ਨਿਯੁਕਤੀ ਦਾ ਸਵਾਗਤ ਕੀਤਾ ਜਾ ਰਿਹਾ ਹੈ, ਅਤੇ ਹਰ ਪਾਸੇ ਖ਼ੁਸ਼ੀ ਦਾ ਮਹੌਲ ਪਾਇਆ ਜਾ ਰਿਹਾ ਹੈ ਗੌਰਤਲਬ ਹੈ ਕਿ ਦਰਸ਼ਨ ਕਾਂਗੜਾ ਜ਼ਮੀਨ ਨਾਲ ਜੁੜੇ ਹੋਏ ਆਗੂ ਹਨ ਉਹ ਅਤੇ ਉਨ੍ਹਾਂ ਦਾ ਪਰਿਵਾਰ ਜੋ ਜਿੱਥੇ ਪਿਛਲੇਂ ਲੰਮੇ ਸਮੇਂ ਤੋਂ ਵੱਖ ਵੱਖ ਸੰਸਥਾਵਾਂ ਨਾਲ ਜੁੜ ਕੇ ਦੱਬੇ ਕੁੱਚਲੇ ਤੇ ਲਿਤਾੜੇ ਹੋਏ ਲੋਕਾਂ ਦੀ ਬੇਹਤਰੀ ਅਤੇ ਭਲਾਈ ਲਈ ਕੰਮ ਕਰ ਰਿਹਾ ਹੈ। ਉਥੇ ਹੀ ਉਹ ਪਿਛਲੇ 30 ਸਾਲਾਂ ਤੋਂ ਕਾਂਗਰਸ ਪਾਰਟੀ ਦੇ ਵੱਖ-ਵੱਖ ਅਹੁਦਿਆਂ ਤੇ ਰਹਿ ਕੇ ਵਫ਼ਾਦਾਰੀ ਨਾਲ ਪਾਰਟੀ ਨੂੰ ਮਜ਼ਬੂਤ ਕਰਨ ਲਈ ਵੀ ਯਤਨਸ਼ੀਲ ਹਨ ਜਿਨ੍ਹਾਂ ਦੀ ਮਿਹਨਤ ਸਦਕਾ ਕਾਂਗਰਸ ਹਾਈ ਕਮਾਂਡ ਵੱਲੋਂ ਕਾਂਗੜਾ ਪਰਿਵਾਰ ਨੂੰ ਸੰਗਠਨ ਅਤੇ ਸਰਕਾਰਾਂ ਵਿੱਚ ਵਿਸ਼ੇਸ਼ ਪਦ ਦੇ ਕੇ ਨਿਵਾਜਿਆ ਗਿਆ ਹੈ।ਇਸ ਨਿਯੁਕਤੀ ਲਈ ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਕਾਂਗਰਸ ਹਾਈ ਕਮਾਂਡ ਵੱਲੋਂ ਉਨ੍ਹਾਂ ਤੇ ਭਰੋਸਾ ਜਤਾਉਂਦਿਆ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ ਹੈ।ਉਸ ਲਈ ਉਹ ਪਾਰਟੀ ਹਾਈਕਮਾਨ ਖਾਸ ਕਰਕੇ ਅਮਰਿੰਦਰ ਸਿੰਘ ਰਾਜਾ ਵੜਿੰਗ ਸੂਬਾ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ, ਚਰਨਜੀਤ ਸਿੰਘ ਚੰਨੀ ਸਾਬਕਾ ਮੁੱਖ ਮੰਤਰੀ ਪੰਜਾਬ ਅਤੇ ਵਿਜੈ ਇੰਦਰ ਸਿੰਗਲਾ ਸਾਬਕਾ ਕੈਬਨਿਟ ਮੰਤਰੀ ਪੰਜਾਬ ਦੇ ਦਿਲੋਂ ਸ਼ੁਕਰਗੁਜ਼ਾਰ ਹਨ ਉਨ੍ਹਾਂ ਕਿਹਾ ਕਿ ਉਹ ਮਿਸ਼ਨ 2027 ਨੂੰ ਸਫਲ ਬਣਾਉਣ ਲਈ ਪੰਜਾਬ ਭਰ ਵਿੱਚ ਦਲਿਤ ਭਾਈਚਾਰੇ ਨੂੰ ਵੱਡੇ ਪੱਧਰ ਤੇ ਕਾਂਗਰਸ ਨਾਲ ਜੋੜਨ ਲਈ ਦਿਨ ਰਾਤ ਇੱਕ ਕਰ ਦੇਣਗੇ ਅਤੇ ਜੋ ਵਿਸ਼ਵਾਸ ਰੱਖ ਕੇ ਕਾਂਗਰਸ ਹਾਈ ਕਮਾਂਡ ਨੇ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ ਉਹ ਇਸ ਵਿਸ਼ਵਾਸ ਨੂੰ ਕਦੇ ਵੀ ਕਮਜ਼ੋਰ ਨਹੀਂ ਹੋਣ ਦੇਣਗੇ ਅਤੇ ਹਮੇਸ਼ਾ ਕਾਂਗਰਸ ਪਾਰਟੀ ਦੀ ਚੜ੍ਹਦੀ ਕਲਾ ਤੇ ਮਜ਼ਬੂਤੀ ਲਈ ਕੰਮ ਕਰਦੇ ਰਹਿਣਗੇ।



# ਮੁਫਤ ਆਯੂਸ਼ ਕੈਂਪ ਲੱਗਾ

**ਕੋਟਕਪੂਰਾ (ਰਛਪਾਲ ਭੁੱਲਰ)**- ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਅਤੇ ਡਾ . ਰਵੀ ਡੂਮਰਾ ਮਾਨਯੋਗ ਡਾਇਰੈਕਟਰ ਆਯੁਰਵੇਦਾ ਪੰਜਾਬ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਾ. ਨਵਪ੍ਰੀਤ ਕੌਰ ਮਾਨਯੋਗ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਫਰੀਦਕੋਟ ਦੀ ਦੇਖ-ਰੇਖ ਵਿੱਚ ਮੁਫ਼ਤ ਆਯੂਸ਼ ਕੈਂਪ ਲਗਾਇਆ ਗਿਆ ।ਇਸ ਇਸ ਕੈਂਪ ਦੇ ਮੁੱਖ ਮਹਿਮਾਨ ਜਤਿੰਦਰ ਚੋਪੜਾ ਡੀਐਸਪੀ ਕੋਟਕਪੂਰਾ ਸਨ।ਇਸ ਕੈਂਪ ਵਿੱਚ ਡਾ. ਰੋਹਿਤ, ਡਾ. ਤਰੁਣ ਸ਼ਰਮਾ, ਡਾ. ਦਿਨੇਸ਼ ਸੇਠੀ, ਡਾ. ਭਗਵੰਤ ਕੌਰ ਅਤੇ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ ਤੇ ਸੁਖਵਿੰਦਰ ਕੌਰ ਹਾਜ਼ਰ ਸਨ।ਸਿਰੀ ਅਨੰਦਪੁਰ ਆਸ਼ਰਮ ਕੋਟਕਪੂਰਾ ਜ਼ਿਲਾ ਫਰੀਦਕੋਟ ਵਿਖੇ ਕੈਂਪ ਲਾਇਆ ਗਿਆ।ਇਸ ਕੈਂਪ ਵਿੱਚ ਪੰਜਾਬ ਸਰਕਾਰ ਦੇ ਆਯੂਸ਼ ਵਿਭਾਗ ਦੇ ਸਹਿਯੋਗ ਨਾਲ ਅਤੇ ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ, ਹੀਰੇ ਵੈੱਲਫੇਅਰ ਕਲੱਬ ਕੋਟਕਪੂਰਾ ਦੇ ਸਹਿਯੋਗ ਨਾਲ 606 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਕੈਂਪ ਵਿੱਚ ਅਨੰਦਪੁਰ ਆਸ਼ਰਮ ਦੇ ਸੰਚਾਲਕ ਅਤੇ ਸਮੂਹ ਸੇਵਾਦਾਰਾਂ ਦਾ ਭਰਪੂਰ ਯੋਗਦਾਨ ਰਿਹਾ।ਇਸ ਕੈਂਪ ਵਿੱਚ ਮੁੱਖ ਮਹਿਮਾਨ, ਸਮੂਹ ਡਾਕਟਰ ਅਤੇ ਸਾਰੇ ਸਟਾਫ ਦਾ ਦਲਜਿੰਦਰ ਸਿੰਘ ਸੰਧੂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਕੈਂਪ ਵਿੱਚ ਹੋਰਨਾਂ ਤੋਂ ਇਲਾਵਾ ਲਾਇਨ ਕੁਲਵੰਤ ਸਿੰਘ ਸਰਾਂ ਪ੍ਰਧਾਨ, ਲਾਇਨ ਰਾਜਿੰਦਰ ਸਿੰਘ ਸਰਾਂ ਕੈਬਨਿਟ ਮੈਂਬਰ, ਲਾਇਨ ਗੁਰਵੀਰ ਕਰਨ ਸਿੰਘ ਢਿੱਲੋਂ ਕੈਬਨਿਟ ਮੈਂਬਰ, ਲਾਇਨ ਵਿਕਰਾਂਤ ਧੀਂਗੜਾ, ਲਾਇਨ ਜਗਸੀਰ ਸਿੰਘ, ਲਾਇਨ ਤੇਜ ਸਿੰਘ ਢਿੱਲੋਂ, ਲਾਇਨ ਜਗਸੀਰ ਸਿੰਘ ਸੋਨਾ, ਲਾਇਨ ਨਵਾਬ ਸਿੰਘ, ਲਾਇਨ ਰਣਜੀਤ ਸਿੰਘ ਕੱਕੜ, ਹੀਰੇ ਵੈੱਲਫੇਅਰ ਕਲੱਬ ਦੇ ਪ੍ਰਧਾਨ ਸੰਦੀਪ ਕਟਾਰੀਆ, ਬਿੱਟਾ ਨਰੂਲਾ, ਦਲਜਿੰਦਰ ਸਿੰਘ, ਗੋਪਾਲ ਕ੍ਰਿਸ਼ਨ ਵੋਹਰਾ, ਬਲਵੀਰ ਸਿੰਘ ਤੱਗੜ, ਜਗਸੀਰ ਸਿੰਘ ਖਾਰਾ, ਕੈਪਟਨ ਜਰਨੈਲ ਸਿੰਘ ਮਾਨ, ਸੁਰਿੰਦਰ ਸਿੰਘ ਰਾਮਗੜ੍ਹੀਆ, ਮਨਤਾਰ ਸਿੰਘ ਮੱਕੜ, ਬਸੰਤ ਕੁਮਾਰ ਮੈਨੇਜਰ, ਕਮਲ ਰਾਜਪੂਤ, ਚੰਦਰ ਅਰੋੜਾ, ਲਕਸ਼ਮਣ ਮਹਿਰਾ, ਅਸ਼ੋਕ ਸੇਠੀ, ਰਿੰਕੂ ਐੱਮ ਸੀ, ਅਰੁਣ ਚਾਵਲਾ ਐੱਮਸੀ, ਸੁਖੀ ਐੱਮਸੀ, ਚੰਚਲ ਐੱਮਸੀ ਆਦਿ ਹਾਜ਼ਰ ਸਨ।




# ਰਾਜ ਪੱਧਰੀ ਆਜ਼ਾਦੀ ਦਿਵਸ ਸਮਾਗਮ ਦੌਰਾਨ ਵਧੀਆ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀ ਤੇ ਕਰਮਚਾਰੀ ਸਨਮਾਨਿਤ

**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**- ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਆਜ਼ਾਦੀ ਦਿਵਸ ਦੇ ਰਾਜ ਪੱਧਰੀ ਸਮਾਗਮ ਦੌਰਾਨ ਵਧੀਆ ਸੇਵਾਵਾਂ ਦੇਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਲੋਕਾਂ ਤੱਕ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਅਤੇ ਸਹੂਲਤਾਂ ਪਹੁੰਚਾਉਣ ਲਈ ਮੁੱਖ ਕੜੀ ਹਨ। ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਨਾਲ ਹੀ ਲੋਕਾਂ ਦਾ ਭਰੋਸਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ, ਕਰਮਚਾਰੀਆਂ ਦੀ ਮਿਹਨਤ ਤੇ ਆਪਸੀ ਸਹਿਯੋਗ ਨਾਲ 15 ਅਗਸਤ ਦਾ ਰਾਜ ਪੱਧਰੀ ਸਮਾਗਮ ਪੂਰੀ ਤਰ੍ਹਾਂ ਸਫਲ ਰਿਹਾ।ਇਸ ਮੌਕੇ ਆਪਣੇ ਸੰਬੋਧਨ ਵਿੱਚ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਕਿਹਾ ਕਿ ਜ਼ਿਲ੍ਹੇ ਦੇ ਕਈ ਅਧਿਕਾਰੀ ਅਤੇ ਕਰਮਚਾਰੀ ਆਪਣੀ ਡਿਊਟੀ ਨਿਭਾਉਂਦੇ ਹੋਏ ਲੋਕ ਭਲਾਈ ਲਈ ਨਵੀਂ ਸੋਚ ਅਤੇ ਜਜ਼ਬੇ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਸਨਮਾਨ ਸਿਰਫ਼ ਪ੍ਰਸ਼ੰਸਾ ਨਹੀਂ, ਸਗੋਂ ਹੋਰਾਂ ਲਈ ਵੀ ਪ੍ਰੇਰਨਾ ਦਾ ਸਰੋਤ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕ ਸੇਵਾ ਦੇ ਕੰਮ ਵਿੱਚ ਪਾਰਦਰਸ਼ਤਾ ਅਤੇ ਤੇਜ਼ੀ ਬਰਕਰਾਰ ਰੱਖਣਾ ਹੀ ਸਫਲਤਾ ਦੀ ਕੁੰਜੀ ਹੈ। ਉਨ੍ਹਾਂ ਨੇ ਉਨ੍ਹਾਂ ਦੇ ਮਨੋਬਲ ਨੂੰ ਵਧਾਉਂਦੇ ਹੋਏ ਅੱਗੇ ਵੀ ਇਸੇ ਤਰ੍ਹਾਂ ਇਮਾਨਦਾਰੀ ਤੇ ਨਿਡਰਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।



# ਸਹਿਗਲ ਪਰਿਵਾਰ ਨੂੰ ਸਦਮਾ, ਮਾਤਾ ਦਾ ਦਿਹਾਂਤ

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਬਾਰ ਐਸੋਸੀਏਸ਼ਨ ਗਿੱਦੜਬਾਹਾ ਦੇ ਮੈਂਬਰ ਐਡਵੋਕੇਟ ਸੁਖਦਰਸ਼ਨ ਪਾਲ ਸਹਿਗਲ, ਵਿਜੈ ਸਹਿਗਲ ਅਤੇ ਸਤਿੰਦਰ ਪਾਲ ਸਹਿਗਲ ਦੀ ਮਾਤਾ ਰਾਜ ਰਾਣੀ (ਧਰਮਪਤਨੀ ਸਵ. ਬਨਾਰਸੀ ਦਾਸ ਸਹਿਗਲ) ਅਤੇ ਐਡਵੋਕੇਟ ਹਰਮਨਪ੍ਰੀਤ ਸਿੰਘ ਸਹਿਗਲ ਦੀ ਦਾਦੀ ਦਾ ਬੀਤੇ ਦਿਨ ਅਚਾਨਕ ਦਿਹਾਂਤ ਹੋ ਗਿਆ। ਸਵ. ਮਾਤਾ ਰਾਜ ਰਾਣੀ ਦਾ ਅੰਤਿਮ ਸੰਸਕਾਰ ਸ਼ਨੀਵਾਰ ਨੂੰ ਗਿੱਦੜਬਾਹਾ ਦੇ ਰਾਮਬਾਗ ਵਿਖੇ ਕੀਤਾ ਗਿਆ। ਸਵ. ਮਾਤਾ ਰਾਜ ਰਾਣੀ ਦੇ ਦਿਹਾਂਤ ’ਤੇ ਗਿੱਦੜਬਾਹਾ ਦੀਆਂ ਸਮਾਜਿਕ, ਰਾਜਨੀਤਿਕ, ਧਾਰਮਿਕ, ਵਪਾਰਕ ਜੱਥੇਬੰਦੀਆਂ ਤੋਂ ਇਲਾਵਾ ਬਾਰ ਐਸੋਸੀਏਸ਼ਨ ਗਿੱਦੜਬਾਹਾ, ਮਲੋਟ ਅਤੇ ਸ਼੍ਰੀ ਮੁਕਤਸਰ ਸਾਹਿਬ ਦੇ ਮੈਂਬਰਾਂ ਤੇ ਕੋਰਟ ਕੰਪਲੈਕਸ ਦੇ ਕਰਮਚਾਰੀਆਂ ਨੇ ਸਹਿਗਲ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ. ਮਾਤਾ ਰਾਜ ਰਾਣੀ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 22 ਅਗਸਤ ਦਿਨ ਸ਼ੁੱਕਰਵਾਰ ਨੂੰ ਦੁਪਹਿਰ 12:00 ਤੋਂ 1 ਵਜੇ ਤੱਕ ਸਥਾਨਕ ਭਾਰੂ ਰੋਡ ਸਥਿਤ, ਮਹਾਰਾਜਾ ਅਗਰਸੈਨ ਧਰਮਸ਼ਾਲਾ ਵਿਖੇ ਪਵੇਗਾ।



ਅੱਜ ਭੋਗ ’ਤੇ ਵਿਸ਼ੇਸ਼

# ਬੜੇ ਨਿੱਘੇ ਸੁਭਾਅ ਦੇ ਮਾਲਕ ਸਨ ਮਾਤਾ ਗੁਰਮੇਲ ਕੌਰ

ਮਾਤਾ ਗੁਰਮੇਲ ਕੌਰ ਦਾ ਜਨਮ 1942 ਵਿੱਚ ਬਰਨਾਲਾ ਜ਼ਿਲ੍ਹੇ ਦੇ ਪਿੰਡ ਧੌਲਾ ਵਿਖੇ ਹੋਇਆ।20 ਸਾਲ ਦੀ ਉਮਰ ’ਚ ਆਪ ਦਾ ਵਿਆਹ ਗੁਰਚਰਨ ਚਹਿਲ ਭੀਖੀ (ਕਹਾਣੀਕਾਰ) ਨਾਲ ਭੀਖੀ (ਮਾਨਸਾ) ਵਿਖੇ ਹੋਇਆ। ਮਾਤਾ ਗੁਰਮੇਲ ਕੌਰ ਬੜੇ ਨਿੱਘੇ ਸੁਭਾਅ ਦੇ ਮਾਲਕ ਸਨ। ਆਪ ਦੇ ਪਤੀ ਗੁਰਚਰਨ ਚਹਿਲ ਭੀਖੀ ਸਾਹਿਤਕਾਰ ਹੋਣ ਕਰਕੇ ਉਨ੍ਹਾਂ ਘਰ ਲੇਖਕਾਂ ਦਾ ਆਉਣਾ ਜਾਣਾ ਲੱਗਿਆ ਰਹਿੰਦਾ ਸੀ। ਲੇਖਕ ਜਿਨ੍ਹਾਂ ਵਿੱਚ ਪ੍ਰਸਿੱਧ ਗਲਪਕਾਰ ਕਿਰਪਾਲ ਕਜਾਕ, ਪ੍ਰਸਿੱਧ ਨਾਵਲਕਾਰ ਰਾਮ ਸਰੂਪ ਅਣਖੀ, ਸਿੱਧੂ ਦਮਦਮੀ, ਬਲਵੰਤ ਚੌਹਾਨ ਤੇ ਹੋਰ ਬਹੁਤ ਸਾਰੇ ਲੇਖਕ ਘਰ ਆਉਂਦੇ ਤੇ ਲਗਾਤਾਰ ਲਿਖਣ ਪੜ੍ਹਨ ਦਾ ਕੰਮ ਜਾਰੀ ਰਹਿੰਦਾ।ਇਸ ਦੌਰਾਨ ਮਾਤਾ ਗੁਰਮੇਲ ਕੌਰ ਘਰ ਆਏ ਮਹਿਮਾਨਾਂ ਦੀ ਮਨੋਂ ਸੇਵਾ ਕਰਦੇ ਤੇ ਕਦੇ ਵੀ ਉਨ੍ਹਾਂ ਆਪਣੇ ਮੱਥੇ ਵੱਟ ਨਹੀਂ ਪਾਇਆ। ਪ੍ਰਸਿੱਧ ਗਲਪਕਾਰ ਕਿਰਪਾਲ ਕਜਾਕ ਨੇ ਮਾਤਾ ਗੁਰਮੇਲ ਕੌਰ ਦੇ ਜੀਵਨ ਤੇ ਮੇਲੋ ਮਲਵੈਣ ਦੇ ਸਿਰਲੇਖ ਹੇਠ ਇਕ ਲੇਖ ਵੀ ਛਾਪਿਆ ਸੀ। ਇਸੇ ਤਰ੍ਹਾਂ ਨਾਵਲਕਾਰ ਰਾਮ ਸਰੂਪ ਅਣਖੀ ਨੇ ਵੀ ਗੁਰਮੇਲ ਕੌਰ ਬਾਰੇ ਲਿਖਿਆ ਤੇ ਉਸਦੇ ਨਿੱਘੇ ਸੁਭਾਅ ਦੀ ਨਿੱਠ ਕੇ ਸ਼ਲਾਘਾ ਕੀਤੀ।ਜਦੋਂ ਆਪ ਦੇ ਪਤੀ ਗੁਰਚਰਨ ਚਹਿਲ ਭੀਖੀ ਨਾਮੁਰਾਦ ਬਿਮਾਰੀ ਨਾਲ ਜੂਝ ਰਹੇ ਸਨ ਉਦੋਂ ਵੀ ਮਾਤਾ ਗੁਰਮੇਲ ਕੌਰ ਨੇ ਉਨ੍ਹਾਂ ਦੀ ਦਿਨ-ਰਾਤ ਸੇਵਾ ਕੀਤੀ। ਗੁਰਚਰਨ ਚਹਿਲ ਭੀਖੀ ਦੇ ਲੇਖਣ ਕਾਰਜ ਨੇਪਰੇ ਚੜ੍ਹਾਉਣ ’ਚ ਵੀ ਮਾਤਾ ਦਾ ਵਿਸ਼ੇਸ਼ ਯੋਗਦਾਨ ਸੀ। ਆਪਦੀ ਕੁੱਖੋਂ ਬੇਟੇ ਪ੍ਰੀਤ ਸਾਗਰ ਤੇ ਬੇਟੀ ਬਿੰਦਰ ਕੌਰ ਦਾ ਜਨਮ ਹੋਇਆ। ਸੰਖੇਪ ਬਿਮਾਰੀ ਦੇ ਚਲਦਿਆਂ ਬੀਤੀ 12 ਅਗਸਤ ਨੂੰ ਮਾਤਾ ਗੁਰਮੇਲ ਕੌਰ ਪ੍ਰਭੂ ਚਰਨਾਂ ’ਚ ਜਾ ਬਿਰਾਜੇ ਜਿਨ੍ਹਾਂ ਦੇ ਨਮਿੱਤ ਪਾਠ ਦੇ ਭੋਗ ਤੇ ਅੰਤਿਮ ਅਰਦਾਸ ਅੱਜ ਗੁਰਦੁਆਰਾ ਪਾਤਸ਼ਾਹੀ ਨੌਵੀਂ ਭੀਖੀ (ਮਾਨਸਾ) ਵਿਖੇ ਹੋਵੇਗੀ ਜਿੱਥੇ ਰਿਸ਼ਤੇਦਾਰ ਤੇ ਸਨੇਹੀ ਆਪ ਨੂੰ ਸ਼ਰਧਾਂਜਲੀ ਭੇਟ ਕਰਨਗੇ।

**ਗੁਰਿੰਦਰ ਸਿੰਘ ਔਲਖ, ਭੀਖੀ**
**ਮੋਬਾ. 98557-75796**



21-Aug-page-11-Majha-2025.qxd 8/20/2025 10:55 PM Page 1



## ਸਨਅਤਕਾਰਾਂ ਤੋਂ ਸੁਝਾਅ ਲੈਣ ਅਤੇ ਮੁਸ਼ਕਲਾਂ ਹੱਲ ਕਰਨ ਲਈ 'ਰਾਈਜ਼ਿੰਗ ਪੰਜਾਬ' ਮੁਹਿੰਮ ਦੀ ਸ਼ੁਰੂਆਤ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ, ਕਮਲੇਸ਼)- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਉਦਯੋਗ ਕ੍ਰਾਂਤੀਕਾਰੀ ਵਿਜ਼ਨ ਅਨੁਸਾਰ ਪੰਜਾਬ ਵਿੱਚ ਸਨਅਤ ਨੂੰ ਵੱਡਾ ਹੁਲਾਰਾ ਦੇਣ ਲਈ ਅੱਜ ਸਨਅਤ ਅਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਮਾਝੇ ਦੇ ਸਨਤਕਾਰਾਂ, ਜਿਸ ਵਿੱਚ ਅੰਮ੍ਰਿਤਸਰ ਤੋਂ ਇਲਾਵਾ ਗੁਰਦਾਸਪੁਰ, ਤਰਨਤਾਰਨ, ਬਟਾਲਾ ਅਤੇ ਪਠਾਨਕੋਟ ਦੇ ਸਨਤਕਾਰ ਸ਼ਾਮਿਲ ਸਨ, ਤੋਂ ਉਦਯੋਗਿਕ ਨੀਤੀ ਲਈ ਸੁਝਾਅ ਲੈਣ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਗੁਰੂ ਦੀ ਨਗਰੀ ਅੰਮ੍ਰਿਤਸਰ ਤੋਂ ਰਾਈਜ਼ਿੰਗ ਪੰਜਾਬ-ਸੁਝਾਅ ਤੋਂ ਹੱਲ ਤੱਕ ਦੀ ਸ਼ੁਰੂਆਤ ਕੀਤੀ।ਉਨ੍ਹਾਂ ਇਸ ਮੌਕੇ ਆਏ ਸਨਤਕਾਰਾਂ ਨੂੰ ਕਿਹਾ ਕਿ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਸਮਾਗਮ ਕੀਤੇ ਜਾਣਗੇ ਅਤੇ ਅੱਜ ਇਹ ਪਹਿਲਾ ਵਿਸ਼ੇਸ਼ ਸਮਾਗਮ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਨਵੀਆਂ ਉਦਯੋਗ-ਅਨੁਕੂਲ ਨੀਤੀਆਂ ਬਾਰੇ ਜਾਗਰੂਕਤਾ ਫੈਲਾਉਣਾ, ਨਵੇਂ ਨਿਵੇਸ਼ ਲਈ ਮਾਹੌਲ ਬਣਾਉਣਾ ਅਤੇ ਸਰਕਾਰ-ਉਦਯੋਗ ਜਗਤ ਵਿਚਕਾਰ ਸਿੱਧਾ ਸੰਵਾਦ ਕਾਇਮ ਕਰਨਾ ਹੈ ਅਤੇ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਹ ਪਹਿਲਕਦਮੀ ਪੰਜਾਬ 'ਚ ਨਵੇਂ ਨਿਵੇਸ਼, ਵਧੇਰੇ ਰੋਜ਼ਗਾਰ ਅਤੇ ਲੋਕਾਂ ਦੀ ਖੁਸ਼ਹਾਲੀ ਦੇ ਨਵੇਂ ਦਰਵਾਜ਼ੇ ਖੋਲ੍ਹੇਗੀ।



ਕੈਬਨਿਟ ਮੰਤਰੀ ਨੇ ਕਿਹਾ ਕਿ ਸੁਝਾਅ ਤੋਂ ਹੱਲ ਤੱਕ ਪਹੁੰਚਣਾ, ਇਹੀ ਸਾਡੀ ਜ਼ਿੰਮੇਵਾਰੀ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਮੈਂ ਗੱਲਾਂ ਵਿੱਚ ਨਹੀਂ, ਕੰਮ ਵਿੱਚ ਯਕੀਨ ਰੱਖਦਾ ਹਾਂ। ਉਹਨਾਂ ਕਿਹਾ ਕਿ ਸਨਅਤਕਾਰਾਂ ਦੇ ਸੁਝਾਅ ਮੈਂ ਨੋਟ ਕਰ ਲਏ ਹਨ ਅਤੇ ਜੋ ਵੀ ਕੰਮ ਹੋਣ ਵਾਲੇ ਹਨ, ਉਹ ਕੁਝ ਦਿਨਾਂ ਵਿੱਚ ਹੀ ਹੋਣਗੇ।

ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਗੁਰੂ ਨਗਰੀ ਹੈ, ਗੇਟਵੇ ਆਫ ਪੰਜਾਬ ਹੈ ਅਤੇ ਇਹ ਦੁਨੀਆ ਦਾ ਸੋਹਣਾ ਸ਼ਹਿਰ ਬਣੇਗਾ।

ਉਨ੍ਹਾਂ ਅੰਮ੍ਰਿਤਸਰ ਦੀ ਮਹਿਮਾਨ ਨਿਵਾਜ਼ੀ ਦੀ ਤਾਰੀਫ ਕਰਦੇ ਕਿਹਾ ਕਿ ਇੱਥੇ ਹਾਸਪਿਟੈਲਿਟੀ ਇੰਡਸਟਰੀ ਦੀਆਂ ਅਥਾਹ ਸੰਭਾਵਨਾਵਾਂ ਹਨ ਅਤੇ ਸਰਕਾਰ ਉਸ ਲਈ ਕੰਮ ਕਰੇਗੀ।

## ਕਾਮਰੇਡ ਹਰਨਾਮ ਸਿੰਘ ਦੇ ਦਿਹਾਂਤ 'ਤੇ ਸੀ ਪੀ ਆਈ ਵੱਲੋਂ ਸ਼ਰਧਾਂਜਲੀ ਸਮਾਰੋਹ

ਚੋਹਲਾ ਸਾਹਿਬ (ਰਮਨ ਚੱਢਾ)-ਪਿਛਲੇ ਦਿਨੀਂ ਸੀ. ਪੀ. ਆਈ. ਬਲਾਕ ਚੋਹਲਾ ਸਾਹਿਬ ਤੇ ਨੌਸ਼ਹਿਰਾ ਪੰਨੂਆਂ ਦੇ ਬਲਾਕ ਕਮੇਟੀ ਮੈਂਬਰ ਅਤੇ ਆਲ ਇੰਡੀਆ ਕਿਸਾਨ ਸਭਾ ਦੇ ਆਗੂ ਕਾਮਰੇਡ ਹਰਨਾਮ ਸਿੰਘ ਦੀ ਮੌਤ ਹੋ ਗਈ ਸੀ।ਉਨ੍ਹਾਂ ਦੀ ਯਾਦ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਸੀ. ਪੀ. ਆਈ. ਵੱਲੋਂ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ।ਇਸ ਮੌਕੇ ਤੇ ਪ੍ਰਵਾਰ ਨਾਲ ਹਮਦਰਦੀ ਪ੍ਰਗਟ ਕਰਨ ਤੋਂ ਬਾਅਦ ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਸਮਾਰੋਹ ਵਿੱਚ ਸ਼ਰਧਾਂਜਲੀ ਅਰਪਿਤ ਕਰਦਿਆਂ ਕਿਹਾ ਕਿ ਹਰਨਾਮ ਸਿੰਘ ਨੇ ਗੁਰੂਆਂ ਦੀ ਧਰਤੀ ਚੋਹਲਾ ਸਾਹਿਬ ਤੇ ਕਮਿਊਨਿਸਟ ਪਾਰਟੀ ਉਸਾਰਨ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਨ੍ਹਾਂ ਦੀ ਪਾਰਟੀ ਨੂੰ ਦੇਣ ਕਦੀ ਭੁਲਾਈ ਨਹੀਂ ਜਾ ਸਕਦੀ।ਇਸ ਕਾਮਰੇਡ ਨੇ ਗੁਰੂਆਂ ਦੀ ਸੋਚ ਅਨੁਸਾਰ ਜਾਤਪਾਤ ਤੇ ਛੂਆਛਾਤ ਦਾ ਕਰੜਾ ਵਿਰੋਧ ਕੀਤਾ।ਮਾੜੀਮੇਘਾ ਨੇ ਕਿਹਾ ਕਿ ਇਸ ਵੇਲੇ ਦੇਸ਼ ਕੌਮੀ ਤੇ ਕੌਮਾਂਤਰੀ ਹਾਲਾਤ ਵਿੱਚ ਘਿਰਿਆ ਹੋਇਆ ਹੈ। ਭਾਜਪਈ ਦੀ ਅਗਵਾਈ ਵਾਲੀ ਸਰਕਾਰ ਜੰਗਲ ਅਤੇ ਕੁਦਰਤੀ ਖਣਿਜ ਪਦਾਰਥ ਕਾਰਪੋਰੇਟ ਘਰਾਣਿਆਂ ਨੂੰ ਲਗਾਤਾਰ ਵੇਚੀ ਜਾ ਰਹੀ ਹੈ।ਕਿਹਾ ਇਹ ਜਾ ਰਿਹਾ ਕਿ ਦੇਸ਼ 'ਚੋਂ ਮਾਓਵਾਦ ਤੇ ਨਕਸਲਵਾਦ ਖ਼ਤਮ ਕਰਨਾ ਹੈ। ਕੌਮਾਂਤਰੀ ਪੱਧਰ ਤੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਵੱਲੋਂ ਆਰੰਭ ਕੀਤੀ ਟਰੇਡ ਵਾਰ ਅਮਰੀਕਾ ਨੂੰ ਤਬਾਹ ਕਰਨ ਦੇ ਨਾਲ ਨਾਲ ਗਰੀਬ ਅਤੇ ਵਿਕਸਤ ਮੁਲਕਾਂ ਨੂੰ ਵੀ ਤਬਾਹ ਕਰ ਦੇਵੇਗਾ। ਇਸ ਲਈ ਟਰੰਪ ਦੀ ਇਸ ਨੀਤੀ ਦਾ ਆਵਾਮ ਵੱਲੋਂ ਵਿਰੋਧ ਜ਼ਰੂਰੀ ਹੈ।ਮਾੜੀਮੇਘਾ ਨੇ ਅਜਿਹੀਆਂ ਹਾਲਤਾਂ ਵਿੱਚ ਸੀ. ਪੀ. ਆਈ. ਦੀ ਕੌਮੀ ਕਾਨਫਰੰਸ 21 ਤੋਂ 25 ਸਤੰਬਰ 2025 ਨੂੰ ਚੰਡੀਗੜ੍ਹ



ਵਿਖੇ ਹੋ ਰਹੀ ਹੈ ਜਿਸ ਵਿੱਚ ਅਗਲੇ ਸੰਘਰਸ਼ ਦਾ ਪ੍ਰੋਗਰਾਮ ਬਣਾਇਆ ਜਾਵੇਗਾ। ਉਨ੍ਹਾਂ ਕਾਨਫਰੰਸ ਦੀ ਹਰ ਪੱਖ ਤੋਂ ਮਦਦ ਕਰਨ ਦੀ ਅਪੀਲ ਕੀਤੀ। ਸੀ. ਪੀ. ਆਈ. ਦੀ ਸੂਬਾ ਸਕੱਤਰੇਤ ਮੈਂਬਰ ਦੇਵੀ ਕੁਮਾਰੀ ਸਰਹਾਲੀ ਕਲਾਂ, ਸੀ. ਪੀ. ਆਈ. ਦੇ ਬਲਕ ਸਕੱਤਰ ਬਲਵਿੰਦਰ ਸਿੰਘ ਦਦੇਹਰ ਸਹਿਬ, ਬਾਬਾ ਪਰਮਜੀਤ ਸਿੰਘ ਚੋਹਲਾ ਸਾਹਿਬ ਅਤੇ ਸੇਵਾ ਸਿੰਘ ਪੰਚ ਦਦੇਹਰ ਸਾਹਿਬ ਨੇ ਵੀ ਸੰਬੋਧਨ ਕੀਤਾ।

## ਸਹੁਰਾ ਪਰਿਵਾਰ ਤੋਂ ਦੁਖੀ ਵਿਆਹੁਤਾ ਵੱਲੋਂ ਨਹਿਰ 'ਚ ਛਾਲ ਮਾਰ ਕੇ ਜੀਵਨ ਲੀਲਾ ਖਤਮ

### * ਪਤੀ, ਦਿਓਰ, ਦਰਾਣੀ ਸਮੇਤ 5 ਜਣਿਆਂ ਵਿਰੁੱਧ ਕੇਸ ਦਰਜ; ਪਤੀ ਗ੍ਰਿਫਤਾਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਹੁਰਾ ਪਰਿਵਾਰ ਤੋਂ ਦੁਖੀ ਇਕ 34 ਸਾਲਾ ਵਿਆਹੁਤਾ ਨੇ ਸ਼ਹਿਰ ਧਾਰੀਵਾਲ ਵਿੱਚ ਲੰਘਦੀ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਨਹਿਰ ਵਿੱਚੋਂ ਤੈਰਦੀ ਹੋਈ ਔਰਤ ਨੂੰ ਦੇਖ ਕੇ ਕੁੱਝ ਲੋਕਾਂ ਨੇ ਨਹਿਰ ਵਿੱਚੋਂ ਬਾਹਰ ਕੱਢ ਉਸਨੂੰ ਤਰੁੰਤ ਕਮਿਊਨਿਟੀ ਸਿਹਤ ਕੇਂਦਰ ਧਾਰੀਵਾਲ ਵਿੱਚ ਪਹੁੰਚਾਇਆ, ਜਿਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕਾ ਦੀ ਪਛਾਣ ਰਣਜੀਤ ਪਤੀ ਸਰਬਦਿਆਲ ਵਾਸੀ ਪ੍ਰੇਮ ਨਗਰ ਗੁਰਦਾਸਪੁਰ ਵਜੋਂ ਹੋਈ। ਮ੍ਰਿਤਕਾ ਦੇ ਪਿਤਾ ਵਰਿਆਮ ਮਸੀਹ ਪੁੱਤਰ ਬੰਤਾ ਮਸੀਹ ਵਾਸੀ ਮੜ੍ਹ ਥਾਣਾ ਸਦਰ ਬਟਾਲਾ ਨੇ ਥਾਣਾ ਧਾਰੀਵਾਲ ਦੀ ਪੁਲਸ ਨੂੰ ਦੱਸਿਆ ਕਿ ਉਸਦੀ ਲੜਕੀ ਰਣਜੀਤ (34 ਸਾਲ) ਦੀ ਸ਼ਾਦੀ 2 ਸਾਲ ਪਹਿਲਾਂ ਸਰਬਦਿਆਲ ਪੁੱਤਰ ਨਵਾਬ ਵਾਸੀ ਪ੍ਰੇਮ ਨਗਰ ਗੁਰਦਾਸਪੁਰ ਨਾਲ ਹੋਈ ਸੀ। ਜਿਨ੍ਹਾਂ ਦਾ ਇੱਕ ਸਾਲ ਦਾ ਬੇਟਾ ਹੈ। ਉਸਦੇ ਪਤੀ ਸਰਬਦਿਆਲ ਦੇ ਆਪਣੀ ਪਹਿਲੇ ਵਿਆਹ ਦੀ ਸਾਲੇਹਾਰ ਪੂਨਮ ਪਤਨੀ ਕਾਲੀ ਵਾਸੀ ਆਲੇਚੱਕ ਨਾਲ ਨਜਾਇਜ਼ ਸਬੰਧ ਸਨ, ਜਿਨ੍ਹਾਂ ਦਾ (ਵਰਿਆਮ ਮਸੀਹ) ਦੀ ਲੜਕੀ ਵਿਰੋਧ ਕਰਦੀ ਸੀ। ਸਰਬਦਿਆਲ ਤੇ ਹੋਰਨਾਂ ਨੇ ਰਣਜੀਤ ਦੀ ਮਾਰ ਕੁਟਾਈ ਕਰਕੇ ਉਸਨੂੰ ਘਰੋਂ ਕੱਢ ਦਿੱਤਾ ਜਿਸ 'ਤੇ ਉਸਦੀ ਲੜਕੀ ਰਣਜੀਤ ਨੇ ਆਪਣੇ ਪਤੀ ਸਰਬਦਿਆਲ, ਦਿਓਰ ਲੱਕੀ, ਦਰਾਣੀ ਜੋਇਆ ਵਾਸੀਆਨ ਪ੍ਰੇਮ ਨਗਰ ਗੁਰਦਾਸਪੁਰ,



ਨਨਾਣ ਪੰਮੀ ਪਤਨੀ ਜੋਜਫ ਮਸੀਹ ਵਾਸੀ ਮਹਿਤਾਬਪੁਰ ਥਾਣਾ ਮੁਕੇਰੀਆਂ, ਆਪਣੇ ਪਤੀ ਸਰਬਦਿਆਲ ਦੇ ਪਹਿਲੇ ਵਿਆਹ ਦੀ ਸਾਲੇਹਾਰ ਪੂਨਮ ਪਤਨੀ ਕਾਲੀ ਵਾਸੀ ਆਲੇਚੱਕ ਤੋਂ ਦੁਖੀ ਹੋ ਕੇ ਨੇ ਧਾਰੀਵਾਲ ਆ ਕੇ ਨਹਿਰ ਵਿੱਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਥਾਣਾ ਧਾਰੀਵਾਲ ਦੇ ਐੱਸਐੱਚਓ ਇੰਸਪੈਕਟਰ ਹਰਪਾਲ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੇ ਜਾਂਚ ਅਧਿਕਾਰੀ ਸਭ ਇੰਸਪੈਕਟਰ ਸੁਲੱਖਣ ਰਾਮ ਨੇ ਮ੍ਰਿਤਕਾ (ਰਣਜੀਤ) ਦੇ ਪਿਤਾ ਵਰਿਆਮ ਸਿੰਘ ਦੇ ਬਿਆਨਾਂ ਅਨੁਸਾਰ ਮ੍ਰਿਤਕਾ ਦੇ ਪਤੀ ਸਰਬਦਿਆਲ, ਦਿਓਰ ਲੱਕੀ, ਦਰਾਣੀ ਜੋਇਆ, ਨਨਾਣ ਪੰਮੀ ਅਤੇ ਸਰਬਦਿਆਲ ਦੇ ਪਹਿਲੇ ਵਿਆਹ ਦੀ ਸਾਲੇਹਾਰ ਪੂਨਮ ਦੇ ਖਿਲਾਫ਼ ਨਵੀਂ ਧਾਰਾ 108,61(2) ਬੀਐੱਸਐੱਸ/ਪੁਰਾਣੀ ਧਾਰਾ 306,120-ਬੀ, ਆਈਪੀਸੀ ਤਹਿਤ ਮੁਕੱਦਮਾ ਦਰਜ ਕਰਕੇ ਮ੍ਰਿਤਕਾ ਦੇ ਪਤੀ ਸਰਬਦਿਆਲ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਲਾਸ਼ ਦਾ ਸਿਵਲ ਹਸਪਤਾਲ ਤੋਂ ਪੋਸਟਮਾਰਟਮ ਕਰਵਾ ਵਾਰਸ਼ਾਂ (ਪੇਕਾ ਪਰਿਵਾਰ) ਨੂੰ ਸੌਂਪ ਦਿੱਤੀ ਹੈ।

## ਧਰੁਵ ਅਬਰੋਲ ਵੱਲੋਂ ਆਈਆਈਟੀ-ਜੇਈਈ ਦੀ ਪ੍ਰੀਖਿਆ ਪਾਸ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਟੀ. ਸੀ. ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਧਰੁਵ ਅਬਰੋਲ ਨੇ ਐੱਨਆਈਟੀ ਜਲੰਧਰ ਵਿੱਚ ਇੰਜੀਨੀਅਰਿੰਗ ਕੋਰਸ ਲਈ ਚੁਣੇ ਜਾਣ ਨਾਲ ਇੱਕ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ। ਇਹ ਕੋਰਸ ਐੱਨਆਈਟੀ ਜਲੰਧਰ ਦੁਆਰਾ ਆਈਆਈਟੀ ਦੇ ਸਹਿਯੋਗ ਨਾਲ ਕਰਵਾਇਆ ਜਾਵੇਗਾ। ਧਰੁਵ ਨੇ ਆਈਆਈਟੀ-ਜੇਈਈ ਦੀ ਪ੍ਰੀਖਿਆ ਪਾਸ ਕਰਕੇ ਇਹ ਸਫਲਤਾ



ਹਾਸਲ ਕੀਤੀ ਹੈ। ਧਰੁਵ ਨੇ ਇਸ ਸਕੂਲ ਤੋਂ 12ਵੀਂ ਜਮਾਤ ਪਾਸ ਕੀਤੀ ਹੈ।ਧਰੁਵ ਨੇ ਬਿਨਾਂ ਕਿਸੇ ਕੋਚਿੰਗ ਦੇ ਸਵੈ-ਅਧਿਐਨ ਰਾਹੀਂ ਇਹ ਪ੍ਰੀਖਿਆ ਪਾਸ ਕੀਤੀ ਹੈ। ਟੀ. ਸੀ. ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਧਰੁਵ, ਉਸਦੇ ਮਾਪਿਆਂ ਅਤੇ ਟੀਸੀਆਈ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਹੈ।ਧਰੁਵ ਨੇ ਆਪਣੇ ਸਕੂਲ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਪ੍ਰਾਪਤੀ ਸਕੂਲ ਦੇ ਸਹਿਯੋਗ ਨਾਲ ਹੀ ਸੰਭਵ ਹੋਈ ਹੈ। ਇਸ ਸਕੂਲ ਦਾ ਪਿਛਲੇ ਸਾਲਾਂ ਵਿੱਚ ਵੀ ਆਈਆਈਟੀ ਵਿੱਚ ਚੋਣ ਦਾ ਰਿਕਾਰਡ ਹੈ। ਅਸੀਂ ਧਰੁਵ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੰਦੇ ਹਾਂ ਅਤੇ ਉਸਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ।

## ਕਲਚਰਲ ਈਵੈਂਟਸ 'ਚ ਭਾਗ ਲੈਣ ਵਾਲਿਆਂ ਬੱਚਿਆਂ ਦਾ ਮਾਣ-ਸਨਮਾਨ

ਪੱਟੀ (ਬਲਦੇਵ ਸਿੰਘ ਸੰਧੂ)-ਪੱਟੀ ਇਲਾਕੇ ਦੀ ਪੁਰਾਣੀ ਤੇ ਨਾਮਵਰ ਵਿੱਦਿਅਕ ਸੰਸਥਾ ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਵਿਖੇ ਕਲਚਰਲ ਈਵੈਂਟਸ ਕਰਵਾਏ ਗਏ ਜਿਸ ਵਿੱਚ ਬੱਚਿਆ ਵੱਲੋਂ ਵੱਖ-ਵੱਖ ਪੇਸ਼ਕਾਰੀਆਂ ਵਿੱਚ ਹਿੱਸਾ ਲਿਆ ਗਿਆ ਜਿਵੇਂ ਕਿ ਗਰੁੱਪ ਗੀਤ ਅਤੇ ਗਰੁੱਪ ਡਾਂਸ ਆਦਿ।ਇਸ ਮੌਕੇ ਮੈਨੇਜਮੈਂਟ ਮੈਂਬਰ ਹਰਬੀਰ ਸਿੰਘ, ਹਰਨੂਰ



ਸਿੰਘ, ਮੈਡਮ ਪਰਮਿੰਦਰ ਕੌਰ, ਪ੍ਰਿੰਸੀਪਲ ਮੈਡਮ ਰਾਜਬੀਰ ਕੌਰ ਅਤੇ ਵਾਈਸ ਪ੍ਰਿੰਸੀਪਲ ਮੈਡਮ ਦਲਬੀਰ ਕੌਰ ਵੱਲੋਂ ਈਵੈਂਟਸ ਵਿੱਚ ਭਾਗ ਲੈਣ ਵਾਲਿਆ ਬੱਚਿਆਂ ਨੂੰ ਸਰਟੀਫਿਕੇਟਸ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਆਉਣ ਵਾਲੇ ਭਵਿੱਖ ਲਈ ਪ੍ਰੇਰਿਤ ਕੀਤਾ ।

## ਕਥਾਵਾਚਕ ਭਾਈ ਮੁਖਤਾਰ ਸਿੰਘ ਦਾ ਬਰੈਂਪਟਨ 'ਚ ਸਨਮਾਨ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਕੈਨੇਡਾ ਬਰੈਂਪਟਨ ਦੇ ਗੁਰਦੁਆਰਾ ਸਿੱਖ ਸੰਗਤ ਸਾਹਿਬ ਵਿਖੇ ਪੰਥ ਦੇ ਮਹਾਨ ਕਥਾਵਾਚਕ ਭਾਈ ਮੁਖਤਾਰ ਸਿੰਘ ਜੋ ਕਿ ਪਿਛਲੇ 6 ਮਹੀਨਿਆਂ ਤੋਂ ਇਥੇ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕਰ ਰਹੇ ਸਨ ਅਤੇ ਉਨ੍ਹਾਂ ਨੇ ਵਾਪਸ ਪੰਜਾਬ ਭਾਰਤ ਆ ਜਾਣਾ ਹੈ, ਵੱਲੋਂ ਅੱਜ ਵੀ ਸੇਵੇਰੇ ਦੇ ਦੀਵਾਨਾਂ ਵਿੱਚ ਸੰਗਤਾਂ ਨੂੰ ਕਥਾ ਰਾਹੀਂ ਸੰਗਤਾਂ ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ ਦੱਸੇ ਹੋਏ



ਉਪਦੇਸ਼ ਰਾਹੀਂ ਨਿਹਾਲ ਕੀਤਾ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਗੁਰੂ ਗ੍ਰੰਥ ਸਾਹਿਬ ਦੇ ਲੜ ਲਗ ਕੇ ਅੰਮ੍ਰਿਤਧਾਰੀ ਹੋ ਕੇ ਨਾਮ ਸਿਮਰਨ ਦਾ ਉਪਦੇਸ਼ ਦਿੱਤਾ। ਦੀਵਾਨ ਦੀ ਸਮਾਪਤੀ ਉਪਰੰਤ ਮੈਨੇਜਰ ਭਾਈ ਦੁਰਲੱਭ ਸਿੰਘ, ਭਾਈ ਜਸਪਾਲ ਸਿੰਘ, ਢਾਡੀ ਗੁਰਦੀਪ ਸਿੰਘ ਦੀਪਕ ਜਲੰਧਰ ਵਾਲੇ,ਸਰੰਗੀ ਮਾਸਟਰ ਕੁਲਵੀਰ ਸਿੰਘ, ਸਾਥੀ ਬਲਵਾਨ ਸਿੰਘ ਸਿੱਧੂ ਅਤੇ ਇੰਦਰਜਿਤ ਸਿੰਘ ਲੱਖਾ ਵੱਲੋ ਸਾਂਝੇ ਤੌਰ ਤੇ ਕਥਾਵਾਚਕ ਭਾਈ ਮੁਖਤਾਰ ਸਿੰਘ ਨੂੰ ਗੁਰੂ ਘਰ ਵੱਲੋਂ ਸਿਰੋਪਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

## ਤਿੰਨ ਰੋਜ਼ਾ 'ਉਮੀਦ ਬਾਜ਼ਾਰ' (ਅਕਾਂਕਸ਼ਾ ਹੱਟ) ਦਾ ਸ਼ਾਨਦਾਰ ਆਗਾਜ਼

### * 50 ਤੋਂ ਵੱਧ ਸਵੈ-ਸਹਾਇਤਾ ਅਤੇ ਕਿਸਾਨ ਸਮੂਹਾਂ ਨੇ ਆਪਣੇ ਸਟਾਲ ਲਗਾਏ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਭਾਰਤ ਸਰਕਾਰ ਦੇ ਨੀਤੀ ਆਯੋਗ ਵੱਲੋਂ ਚਲਾਏ ਜਾ ਰਹੇ ਅਕਾਂਕਸ਼ਾ ਹੱਟ ਪ੍ਰੋਗਰਾਮ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਵੇਕਲੀ ਪਹਿਲ ਕਰਦਿਆਂ ਗੁਰਦਾਸਪੁਰ ਸ਼ਹਿਰ ਦੇ ਪੁਰਾਣੇ ਬੱਸ ਅੱਡੇ ਵਿੱਚ ਤਿੰਨ ਰੋਜ਼ਾ ਉਮੀਦ ਬਾਜ਼ਾਰ ਦਾ ਸ਼ਾਨਦਾਰ ਆਗਾਜ਼ ਹੋ ਗਿਆ। ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਅਤੇ ਐੱਸਐੱਸਪੀ ਗੁਰਦਾਸਪੁਰ ਆਦਿੱਤਯ ਵੱਲੋਂ ਅਕਾਂਕਸ਼ਾ ਹੱਟ (ਉਮੀਦ ਬਾਜ਼ਾਰ) ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ. ਡੀ. ਐੱਮ.



ਦੀਨਾਨਗਰ ਸ. ਜਸਪਿੰਦਰ ਸਿੰਘ ਭੁੱਲਰ, ਐੱਸ. ਡੀ. ਐੱਮ. ਡੇਰਾ ਬਾਬਾ ਨਾਨਕ ਆਦਿੱਤਯ, ਐੱਸਡੀਐੱਮ ਕਲਾਨੌਰ ਜਯੋਤਸਨਾ ਸਿੰਘ, ਆਰ. ਟੀ. ਏ. ਨਵਜੋਤ ਸ਼ਰਮਾ, ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।ਉਮੀਦ ਬਾਜ਼ਾਰ ਦਾ ਉਦਘਾਟਨ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਅਤੇ ਐੱਸਐੱਸਪੀ ਆਦਿੱਤਯ ਵੱਲੋਂ ਸਵੈ ਸਹਾਇਤਾ ਸਮੂਹਾਂ ਵੱਲੋਂ ਲਗਾਏ ਗਏ ਸਟਾਲਾਂ ਦਾ ਦੌਰਾ ਕੀਤਾ ਅਤੇ ਓਥੇ ਵੇਚੇ ਜਾ ਰਹੇ ਸਾਮਾਨ ਬਾਰੇ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਰਤ ਸਰਕਾਰ ਦੇ ਨੀਤੀ ਆਯੋਗ ਵੱਲੋਂ ਪੇਂਡੂ ਤੇ ਸ਼ਹਿਰੀ ਖੇਤਰ ਦੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਿਤ ਕਰਨ ਲਈ ਅਕਾਂਕਸ਼ਾ ਹੱਟ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਸਵੈ-ਸਹਾਇਤਾ ਸਮੂਹਾਂ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੇ ਸਮਾਨ ਨੂੰ ਵੇਚਣ ਲਈ ਪਲੇਟਫ਼ਾਰਮ ਮੁਹੱਈਆ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਵੀ ਏਥੇ ਦੋ ਰੋਜ਼ਾ ਉਮੀਦ ਬਜ਼ਾਰ ਲਗਾਇਆ ਗਿਆ ਸੀ ਜੋ ਬੇਹੱਦ ਕਾਮਯਾਬ ਰਿਹਾ ਸੀ।

## ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦਾ ਵਫਦ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਨੂੰ ਮਿਲਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦਾ ਵਫਦ ਜ਼ਿਲ੍ਹਾ ਪ੍ਰਧਾਨ ਕੁਲਦੀਪ ਪੂਰੋਵਾਲ, ਅਨਿਲ ਕੁਮਾਰ ਅਤੇ ਸੁਖਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਹੇਠ ਅਧਿਆਪਕ ਮੰਗਾਂ ਦੇ ਸਬੰਧ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਰਮਜੀਤ ਨੂੰ ਮਿਲਿਆ। ਅਧਿਆਪਕ ਆਗੂਆਂ ਨੇ ਦੱਸਿਆ ਈਟੀਟੀ ਤੋਂ ਮਾਸਟਰ ਕੇਡਰ ਤਰੱਕੀਆਂ ਦੇ ਭੇਜੇ ਕੇਸਾਂ ਵਿੱਚ ਅਧਿਆਪਕਾਂ ਦੇ ਨਾਮ ਸ਼ਾਮਿਲ ਹੋਣ ਤੋਂ ਰਹਿ ਜਾਣ ਸਬੰਧੀ, ਅਧਿਆਪਕਾਂ ਦੀਆਂ ਬਦਲੀਆਂ ਵਿੱਚ ਸਟੇਸ਼ਨ ਚੋਣ ਵਿੱਚ ਭਰੇ ਹੋਏ ਸਟੇਸ਼ਨ ਵੀ ਖਾਲੀ ਦਰਸਾਉਣ ਬਾਰੇ ਅਤੇ ਅਧਿਆਪਕਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਸਮੇਂ ਸਿਰ ਪਰਵਾਨ ਕਰਨ ਸਬੰਧੀ ਗੱਲਬਾਤ ਕੀਤੀ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਵੱਲੋਂ ਵਫਦ ਨੂੰ ਭੇਜੇ ਗਏ ਕੇਸਾਂ ਦੀ ਲਿਸਟ ਦੇਣ ਅਤੇ ਕਿਸੇ ਵੀ ਅਧਿਆਪਕ ਦਾ ਨਾਮ ਲਿਸਟ ਵਿੱਚ ਸਾਮਿਲ ਹੋਣ ਤੋਂ ਨਹੀਂ ਰਹਿਣ ਦਿੱਤੇ ਜਾਣ ਦਾ ਭਰੋਸਾ ਦਿੱਤਾ ਅਤੇ ਦੱਸਿਆ ਕਿ ਜੇਕਰ ਕਿਸੇ ਅਧਿਆਪਕ ਦਾ ਨਾਮ ਲਿਸਟ ਵਿੱਚ ਸਾਮਿਲ ਹੋਣ ਤੋਂ ਰਹਿ ਗਿਆ ਹੈ ਤਾਂ ਉਹ ਕੱਲ੍ਹ ਤੱਕ ਨਾਮ ਬਲਾਕ ਸਿੱਖਿਆ ਅਫਸਰ ਰਾਹੀਂ ਭੇਜ ਸਕਦੇ ਹਨ। ਬਦਲੀਆਂ ਵਿੱਚ ਭਰੇ ਹੋਏ ਸਟੇਸ਼ਨ ਜਿਵੇਂ ਉਦਾਹਰਣ ਵਜੋਂ ਹੈੱਡ ਟੀਚਰ ਦੀਆਂ ਆਸਾਮੀਆਂ ਸਰਕਾਰੀ ਪ੍ਰਾਇਮਰੀ ਸਕੂਲ ਬਲਾਕ ਧਰੀਵਾਲ-2, ਸਰਕਾਰੀ ਪ੍ਰਾਇਮਰੀ ਸਕੂਲ ਖਿਚੀਆਂ, ਸਰਕਾਰੀ ਪ੍ਰਾਇਮਰੀ ਸਕੂਲ ਆਲੇਚੱਕ ਆਦਿ ਕਈ ਸਟੇਸ਼ਨ ਭਰੇ ਹੋਣ ਦੇ ਬਾਵਜੂਦ ਖਾਲੀ ਦਰਸਾਉਣ ਬਾਰੇ ਉਹਨਾਂ ਯੋਗ ਕਾਰਵਾਈ ਕਰਨ ਦਾ ਭਰੋਸਾ ਦਿੱਤਾ। ਜੱਥੇਬੰਦੀਆਂ ਵੱਲੋਂ ਸਾਲ 2023/24, 2024/25 ਅਤੇ ਪਿਛਲੇ ਸਮੇਂ ਦੀਆਂ ਸਾਲਾਨਾ ਗੁਪਤ



ਰਿਪੋਰਟਾਂ ਨੂੰ ਪ੍ਰਵਾਨ ਕਰਨ ਬਾਰੇ ਕਿਹਾ ਗਿਆ,ਜਿਸ ਸਬੰਧੀ ਉਨ੍ਹਾਂ ਕਿਸੇ ਵੀ ਅਧਿਆਪਕ ਨੂੰ ਸਾਲਾਨਾ ਗੁਪਤ ਰਿਪੋਰਟਾਂ ਸਬੰਧੀ ਮੁਸ਼ਕਿਲ ਨਾ ਆਉਣ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਵਫਦ ਵਿੱਚ ਵਿਜੇ ਕੁਮਾਰ, ਹਰਜੀਤ ਸਿੰਘ, ਸੁਪਿੰਦਰ ਸਿੰਘ, ਗਗਨ ਵੋਹਰਾ, ਗੁਰਮੀਤ, ਅਦਿੱਤੀ ਸ਼ਰਮਾ, ਸੁਖਵੰਤ ਕੌਰ, ਰੇਨੂੰ ਬਾਲਾ, ਰੁਪਿੰਦਰ ਕੌਰ, ਰਿੰਪਲ ਕੁਮਾਰ, ਪੁਨੀਤ ਸਾਰੰਗਲ ਆਦਿ ਸ਼ਾਮਿਲ ਸਨ।

## ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮਹੀਨਾਵਾਰੀ ਮੀਟਿੰਗ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਗੁਰਦੁਆਰਾ ਧੰਨ ਧੰਨ ਬਾਬਾ ਲੰਗਾਹ ਜੀ ਝਬਾਲ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਗੰਡੀਵਿੰਡ ਦੀ ਮਹੀਨਾ ਵਾਰੀ ਮੀਟਿੰਗ ਹੋਈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜੱਥੇਬੰਦੀ ਬਲਾਕ ਗੰਡੀਵਿੰਡ ਨੇ ਮਹੀਨਾ ਵਾਰੀ ਮੀਟਿੰਗ ਕੀਤੀ ਜਿਸ ਵਿੱਚ ਵੱਖ-ਵੱਖ ਪਿੰਡਾਂ ਦੇ ਪ੍ਰਧਾਨਾ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ।24 ਤਰੀਕ ਨੂੰ ਸਮਰਾਲਾ ਵਿਖੇ ਹੋਣ ਵਾਲੀ ਰੈਲੀ ਵਿੱਚ ਸ਼ਾਮਲ ਹੋਣ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਬਲਾਕ ਪ੍ਰਧਾਨ ਮੇਜਰ ਸਿੰਘ ਮੰਨਣ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਜ਼ਿਲ੍ਹਾ ਸਕੱਤਰ ਸੁਖਬੀਰ ਸਿੰਘ ਗੱਗੋਬੂਹਾ, ਜ਼ਿਲ੍ਹਾ ਸਲਾਹਕਾਰ ਦਿਲਬਾਗ ਸਿੰਘ ਐਮਾ, ਹਰਪ੍ਰੀਤ ਸਿੰਘ ਐਮਾ, ਲਖਵਿੰਦਰ ਸਿੰਘ ਫੌਜੀ ਮੰਨਣ, ਬਾਬਾ ਬਲਜਿੰਦਰ ਸਿੰਘ ਬਾਬਾ ਕਾਲਾ ਬਲਾਕ ਆਗੂ ਬਾਬਾ ਲੰਗਾਹ ਜੀ ਝਬਾਲ, ਆਤਮਾ ਸਿੰਘ ਸੋਹਲ, ਦਿਲਬਾਗ ਸਿੰਘ ਸੋਹਲ, ਸ਼ਮਸ਼ੇਰ ਸਿੰਘ ਬੋਹੜੂ, ਤਰਸੇਮ ਸਿੰਘ ਬੋਹੜੂ, ਪ੍ਰਧਾਨ ਨਿਰਵੈਲ ਸਿੰਘ ਪੰਜਵੜ੍ਹ, ਮਨਜੀਤ ਸਿੰਘ ਪੰਜਵੜ੍ਹ ਆਦਿ ਕਿਸਾਨ ਆਗੂ ਹਾਜ਼ਰ ਸਨ।

## ਸਹੂਲਤਾਂ ਨੂੰ ਤਰਸੇ ਜ਼ੀਰਕਪੁਰ ਵਾਸੀ, ਸਰਕਾਰ ਕਰ ਰਹੀ ਵਿਕਾਸ ਦੇ ਝੂਠੇ ਦਾਅਵੇ : ਐੱਨ ਕੇ ਸ਼ਰਮਾ

ਜ਼ੀਰਕਪੁਰ, (ਵਿਨੈ ਕੁਮਾਰ ਜੈਨ)-ਸ਼੍ਰੋਮਣੀ ਅਕਾਲੀ ਦਲ ਦੇ ਖਜ਼ਾਨਚੀ ਅਤੇ ਸਾਬਕਾ ਵਿਧਾਇਕ ਐੱਨ. ਕੇ. ਸ਼ਰਮਾ ਨੇ ਕਿਹਾ ਹੈ ਕਿ ਜ਼ੀਰਕਪੁਰ ਦੇ ਲੋਕ ਅੱਜ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਇੱਥੇ ਮੁੱਢਲੀਆਂ ਸਹੂਲਤਾਂ ਖਤਮ ਹੋ ਰਹੀਆਂ ਹਨ। ਇਸਦੇ ਬਾਵਜੂਦ, ਮੌਜੂਦਾ ਸਰਕਾਰ ਅਤੇ ਵਿਧਾਇਕ ਝੂਠੇ ਪ੍ਰਚਾਰ ਨਾਲ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।ਐੱਨ. ਕੇ. ਸ਼ਰਮਾ ਨੇ ਇੱਥੇ ਪੀਰਮੁਛੱਲਾ ਸਥਿਤ



ਰਿਹਾਇਸ਼ੀ ਕਲੋਨੀਆਂ ਬਾਲਾਜੀ ਹੋਮਜ਼, ਸਟੈਲਾ ਹੋਮਜ਼ ਅਤੇ ਪਿੰਕ ਸਿਟੀ ਸਮੇਤ ਕਈ ਥਾਵਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ।ਸ਼ਰਮਾ ਨੇ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਸ਼ਹਿਰ ਦੇ ਲੋਕ ਨਗਰ ਕੌਂਸਲ ਦੇ ਅਧਿਕਾਰੀਆਂ ਅਤੇ ਹਲਕਾ ਵਿਧਾਇਕ ਨੂੰ ਲੱਭ ਰਹੇ ਹਨ ਅਤੇ ਉਹ ਸਾਰੇ ਗਾਇਬ ਹਨ। ਸ਼ਹਿਰ ਦਾ ਕੋਈ ਵੀ ਹਿੱਸਾ ਅਜਿਹਾ ਨਹੀਂ ਹੈ ਜਿੱਥੇ ਪਾਣੀ ਭਰਨ ਦੀ ਸਮੱਸਿਆ ਨਾ ਹੋ ਰਹੀ ਹੋਵੇ।ਐੱਨ. ਕੇ. ਸ਼ਰਮਾ ਨੇ ਕਿਹਾ ਕਿ ਲੋਕਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਇੱਥੇ ਕਈ ਥਾਵਾਂ ਤੇ ਸੀਵਰੇਜ ਓਵਰਫਲੋ ਹੋ ਰਹੇ ਹਨ।ਸਟ੍ਰੀਟ ਲਾਈਟਾਂ ਬੰਦ ਪਈਆਂ ਹਨ।ਨਗਰ ਕੌਂਸਲ ਵਿੱਚ ਲੋਕਾਂ ਦੀ ਸੁਣਵਾਈ ਨਹੀਂ ਹੋ ਰਹੀ ਹੈ।ਸਾਬਕਾ ਵਿਧਾਇਕ ਨੇ ਕਿਹਾ ਕਿ ਸੂਬਾ ਸਰਕਾਰ ਵਾਂਗ ਮੌਜੂਦਾ ਵਿਧਾਇਕ ਵੀ ਵਿਕਾਸ ਦੇ ਨਾਮ 'ਤੇ ਝੂਠੇ ਦਾਅਵੇ ਕਰਕੇ ਇੱਥੋਂ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਪਹਿਲਾਂ ਕਾਂਗਰਸ ਸਰਕਾਰ ਦੌਰਾਨ ਅਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਜ਼ੀਰਕਪੁਰ ਵਿੱਚ ਆਬਾਦੀ ਦੇ ਅਨੁਸਾਰ ਬੁਨਿਆਦੀ ਢਾਂਚਾ ਵਿਕਸਤ ਨਹੀਂ ਹੋਇਆ ਹੈ।ਇੱਥੇ ਬਿਜਲੀ ਸਪਲਾਈ ਲਈ ਗਰਿੱਡ, ਪੀਣ ਵਾਲੇ ਪਾਣੀ ਲਈ ਟਿਊਬਵੈੱਲ, ਸਿਹਤ ਸਹੂਲਤਾਂ ਦੇ ਨਾਮ ਤੇ ਸਿਰਫ਼ ਖੋਖਲੇ ਵਾਅਦੇ ਕੀਤੇ ਗਏ ਹਨ। ਸ਼ਰਮਾ ਨੇ ਕਿਹਾ ਕਿ ਜ਼ੀਰਕਪੁਰ ਵਿੱਚ ਵਿਕਾਸ ਅਕਾਲੀ ਦਲ ਦੀ ਸਰਕਾਰ ਦੇ ਸਮੇਂ ਦੌਰਾਨ ਸ਼ੁਰੂ ਹੋਇਆ ਸੀ।ਅਕਾਲੀ ਸਰਕਾਰ ਨੇ ਮਾਸਟਰ ਪਲਾਨ ਬਣਾ ਕੇ ਇੱਥੋਂ ਦੇ ਲੋਕਾਂ ਨੂੰ ਸਹੂਲਤਾਂ ਦਿੱਤੀਆਂ, ਪਰ ਮੌਜੂਦਾ ਸਰਕਾਰ ਅਕਾਲੀ ਦਲ ਦੇ ਸਮੇਂ ਸ਼ੁਰੂ ਹੋਈਆਂ ਉਨ੍ਹਾਂ ਸਹੂਲਤਾਂ ਨੂੰ ਵੀ ਸੁਚਾਰੂ ਨਹੀਂ ਰੱਖ ਰਹੀ ਹੈ।ਇਸ ਮੌਕੇ ਮਹਿਲਾ ਅਕਾਲੀ ਦਲ ਈਸਟ ਜ਼ੋਨ ਦੀ ਪ੍ਰਧਾਨ ਅਨੀਤਾ ਕਟਾਰੀਆ, ਕੌਂਸਲਰ ਜਗਦੇਵ ਸਿੰਘ ਅਤੇ ਪਤਵੰਤੇ ਮੌਜੂਦ ਸਨ।

## ਬੀਕੇਯੂ ਕਾਦੀਆਂ ਦੀ ਜ਼ੀਰਾ ਵਿਖੇ ਨਵੀਂ ਇਕਾਈ ਦਾ ਗਠਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦਾ ਸੁਖਦੇਵ ਸਿੰਘ ਬਲਾਕ ਪ੍ਰਧਾਨ ਜ਼ੀਰਾ ਦੀ ਅਗਵਾਈ ਵਿੱਚ ਜ਼ੀਰਾ ਇਲਾਕੇ ਵਿੱਚ ਲਗਾਤਾਰ ਵਿਸਥਾਰ ਹੋ ਰਿਹਾ ਹੈ।ਇਸੇ ਲੜੀ ਤਹਿਤ ਯੂਨੀਅਨ ਦੇ ਆਗੂ ਦਰਸ਼ਨ ਸਿੰਘ ਮੀਆਂ ਸਿੰਘ ਵਾਲਾ, ਪ੍ਰੀਤਮ ਸਿੰਘ ਮੀਆਂ ਸਿੰਘ ਵਾਲਾ, ਗੁਰਚਰਨ ਸਿੰਘ ਨੂਰਪੁਰ, ਹਰਪ੍ਰੀਤ ਸਿੰਘ ਲੋਂਗੋਦੇਵਾ, ਬਚਿੱਤਰ ਸਿੰਘ ਬੱਢਾ, ਪਰਮਿੰਦਰ ਸਿੰਘ ਬੱਢਾ ਆਦਿ ਆਦਿ ਯੂਨੀਅਨ ਦੇ ਆਗੂਆਂ ਦੀ ਅਗਵਾਈ ਵਿੱਚ ਜ਼ੀਰਾ ਵਿੱਚ ਇੱਕ ਹੋਰ ਨਵੀਂ ਇਕਾਈ ਦਾ ਗਠਨ ਕੀਤਾ ਗਿਆ। ਸਰਬਸੰਮਤੀ



ਨਾਲ ਬਲਜਿੰਦਰ ਸਿੰਘ ਜ਼ੀਰਾ ਨੂੰ ਇਕਾਈ ਪ੍ਰਧਾਨ ਚੁਣਿਆ ਗਿਆ। ਬਚਿੱਤਰ ਸਿੰਘ ਨੂੰ ਖ਼ਜ਼ਾਨਚੀ, ਹਰਪ੍ਰੀਤ ਸਿੰਘ ਨੂੰ ਜਨਰਲ ਸਕੱਤਰ, ਮੇਜਰ ਸਿੰਘ ਮੀਤ ਪ੍ਰਧਾਨ ਅਤੇ ਸਰਪ੍ਰਸਤ ਸਰਵਣ ਸਿੰਘ ਵਿਰਕ ਨੂੰ ਇਕਾਈ ਦਾ ਸਰਪ੍ਰਸਤ ਨਿਯੁਕਤ ਕੀਤਾ ਗਿਆ। ਜਸਪਾਲ ਸਿੰਘ, ਜੁਗਰਾਜ ਸਿੰਘ, ਗੁਰਜੰਟ ਸਿੰਘ, ਗੁਰਦੇਵ ਸਿੰਘ, ਨਿਰਵੈਰ ਸਿੰਘ ਇਕਾਈ ਦੇ ਮੈਂਬਰ ਵਜੋਂ ਸ਼ਾਮਿਲ ਹੋਏ।ਇਸ ਮੌਕੇ ਪਰਮਜੀਤ ਸਿੰਘ ਬਰਾੜ, ਗੁਰਦੀਪ ਸਿੰਘ ਕਾਨੂੰਗੋ, ਬਾਬਾ ਗੁਰਚਰਨ ਸਿੰਘ, ਬਾਬਾ ਪ੍ਰਗਟ ਸਿੰਘ ਜ਼ੀਰਾ, ਨੈਬ ਸਿੰਘ ਸੇਖਵਾਂ, ਸੁਰਿੰਦਰ ਸਿੰਘ, ਅਜੈਬ ਸਿੰਘ, ਹਰਜਿੰਦਰ ਸਿੰਘ, ਇਕਾਈ ਪ੍ਰਧਾਨ ਵਰਪਾਲ, ਹਰਪਾਲ ਸਿੰਘ ਇਕਾਈ ਪ੍ਰਧਾਨ ਪੰਡੋਰੀ ਜੱਟਾਂ, ਸੁੱਖਾ ਸਿੰਘ ਇਕਾਈ ਪ੍ਰਧਾਨ, ਗੁਰਪ੍ਰੀਤ ਸਿੰਘ ਇਕਾਈ ਪ੍ਰਧਾਨ ਮੱਲੋਕੇ ਤੇ ਖਜਾਨ ਸਿੰਘ ਇਕਾਈ ਪ੍ਰਧਾਨ ਤਲਵੰਡੀ ਜੱਲੇ ਖਾਂ, ਜਸਵੀਰ ਸਿੰਘ ਮਾਛੀਆਂ, ਸੁਰਿੰਦਰ ਸਿੰਘ, ਜੁਗਰਾਜ ਸਿੰਘ ਵਾੜਾ ਵਰਿਆਮ ਸਿੰਘ ਅਤੇ ਬਲਕਾਰ ਸਿੰਘ ਆਦਿ ਕਿਸਾਨ ਆਗੂ ਹਾਜ਼ਰ ਸਨ।

## ਕਾਦੀਆਂ ਪੁਲਸ ਵੱਲੋਂ 24 ਘੰਟਿਆਂ 'ਚ ਚੋਰੀ ਦੇ ਗਹਿਣਿਆਂ ਸਮੇਤ ਤਿੰਨ ਚੋਰ ਗ੍ਰਿਫਤਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਹਾਸਲ ਹੋਈ ਜਦੋਂ 24 ਘੰਟਿਆਂ ਦੇ ਵਿੱਚ ਚੋਰੀ ਕਰਨ ਵਾਲੇ ਤਿੰਨ ਚੋਰਾਂ ਨੂੰ ਚੋਰੀ ਕੀਤੇ ਗਏ ਸੋਨੇ ਦੇ ਗਹਿਣਿਆਂ ਸਮੇਤ ਗ੍ਰਿਫਤਾਰ ਕੀਤਾ ਗਿਆ।ਇਸ ਸਬੰਧੀ ਪੁਲਸ ਥਾਣਾ ਕਾਦੀਆਂ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਡੀਐੱਸਪੀ ਹਰੀਸ਼ ਬਹਿਲ ਨੇ ਦੱਸਿਆ ਕਿ ਪੁਲਿਸ ਜ਼ਿਲਾ ਬਟਾਲਾ ਦੇ ਮਾਨਯੋਗ ਐੱਸਐੱਸਪੀ ਸੁਹੇਲ ਕਾਸਿਮ ਮੀਰ ਆਈਪੀਐੱਸ ਦੇ



ਵੱਲੋਂ ਸਮਾਜ ਵਿਰੋਧੀ ਅੰਸਰਾਂ ਨੂੰ ਨੱਥ ਪਾਉਣ ਦੀ ਮੁਹਿੰਮ ਤਹਿਤ ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਦੇ ਵੱਲੋਂ ਸਖਤ ਮਿਹਨਤ ਕਰਦਿਆਂ ਇਸ ਕੇਸ ਨੂੰ ਹੱਲ ਕਰਦਿਆਂ ਤਿੰਨ ਚੋਰਾਂ ਨੂੰ ਚੋਰੀ ਦੇ ਗਹਿਨਿਆ ਸਮੇਤ ਗ੍ਰਿਫਤਾਰ ਕੀਤਾ ਹੈ।ਉਨ੍ਹਾਂ ਦੱਸਿਆ ਕਿ ਦਿਨ ਵੇਲੇ ਰਜਾਦਾ ਰੋਡ ਵਿਖੇ ਇੰਦਰਜੀਤ ਸਿੰਘ ਪੁੱਤਰ ਜਸਬੀਰ ਸਿੰਘ ਵਾਸੀ ਰਜਾਦਾ ਰੋਡ ਕਾਦੀਆਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ 16 ਅਗਸਤ ਨੂੰ ਦਿਨ ਵੇਲੇ ਚੋਰਾਂ ਦੇ ਵੱਲੋਂ ਚਾਰ ਮੁੰਦਰੀਆਂ ਸੋਨਾ, ਇੱਕ ਲੇਡੀਜ਼ ਸੈੱਟ, ਦੋ ਜੋੜੀਆਂ ਟਾਪਸ, ਇੱਕ ਚੇਨ ਲੇਡੀਜ਼, ਇੱਕ ਜੋੜਾ ਵਾਲੀਆਂ ਅਤੇ ਕਰੀਬ 50 ਹਜ਼ਾਰ ਰੁਪਏ ਦੀ ਨਗਦੀ ਚੋਰੀ ਕੀਤੀ ਗਈ ਸੀ ਜਿਸ ਤੋਂ ਬਾਅਦ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਦੇ ਵੱਲੋਂ ਅਤੇ ਉਨ੍ਹਾਂ ਦੀ ਪੁਲਸ ਟੀਮ ਵੱਲੋਂ ਸਖਤ ਮਿਹਨਤ ਕਰਦਿਆਂ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕੀਤੀ ਅਤੇ ਜਿਨ੍ਹਾਂ ਨੂੰ ਪੁਲਸ ਦੇ ਵੱਲੋਂ ਦਾਣਾ ਮੰਡੀ ਕਾਦੀਆਂ ਤੋਂ ਗ੍ਰਿਫਤਾਰ ਕਰ ਲਿਆ ਗਿਆ ।ਡੀਐੱਸਪੀ ਹਰੀਸ਼ ਬਹਿਲ ਨੇ ਅੱਗੇ ਦੱਸਿਆ ਕਿ ਫੜੇ ਗਏ ਚੋਰਾਂ ਦੀ ਪਹਿਚਾਣ ਹਨੀ ਰਾਜ ਉਰਫ ਹਨੀ ਪੁੱਤਰ ਤਰਸੇਮ ਲਾਲ ਵਾਸੀ ਮੁਹੱਲਾ ਸੂਹੜਾ ਮੰਡੀ ਹਿਮਾਚਲ ਪ੍ਰਦੇਸ਼, ਤੇ ਮੇਹਰ ਚੰਦ ਉਰਫ ਮੇਹਰੂ ਪੁੱਤਰ ਉੱਤਮ ਰਾਮ ਵਾਸੀ ਗਲਾਸਣੀ ਥਾਣਾ ਭੋਤਰ ਕੁੱਲੂ ਹਿਮਾਚਲ ਪ੍ਰਦੇਸ਼, ਰਾਹੁਲ ਪੁੱਤਰ ਜੀਵਨ ਲਾਲ ਵਾਸੀ ਮੁਹੱਲਾ ਸੂਹੜਾ ਮੰਡੀ ਹਿਮਾਚਲ ਪ੍ਰਦੇਸ਼ ਵਜੋਂ ਹੋਈ ਜਿਨ੍ਹਾਂ ਦੇ ਕੋਲੋਂ ਇੱਕ ਲੇਡੀਜ਼ ਹਾਰ ਸੋਨੇ ਦਾ ਅਤੇ ਦੋ ਜੋੜਾ ਟੋਪਸ ਸੋਨੇ ਦੇ ਬਰਾਮਦ ਕਰ ਲਏ ਗਏ ਹਨ।ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਥਾਣਾ ਕਾਦੀਆਂ ਵਿਖੇ ਤਫਤੀਸ਼ੀ ਅਫਸਰ ਏਐੱਸਆਈ ਗੁਰਨਾਮ ਸਿੰਘ ਦੇ ਵੱਲੋਂ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ।ਇਸ ਮੌਕੇ ਥਾਣਾ ਕਾਦੀਆਂ ਦੇ ਮੁੱਖ ਮੁਨਸ਼ੀ ਲਵਪ੍ਰੀਤ ਸਿੰਘ ਤੇ ਸਮੂਹ ਪੁਲਸ ਥਾਣਾ ਕਾਦੀਆਂ ਦਾ ਸਟਾਫ ਹਾਜ਼ਰ ਸੀ।

## ਵਿਧਾਨ ਸਭਾ ਹਲਕਾ 21-ਤਰਨਤਾਰਨ ਦੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਵੋਟਰ ਸੂਚੀ ਦੀ ਵਿਸ਼ੇਸ਼ ਸੰਖੇਪ ਸੋਧ ਲਈ ਸ਼ਡਿਊਲ ਜਾਰੀ

ਪੱਟੀ (ਬਲਦੇਵ ਸਿੰਘ ਸੰਧੂ)-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ. ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਵਿਧਾਨ ਸਭਾ ਹਲਕਾ 21-ਤਰਨਤਾਰਨ ਲਈ ਹੋਣ ਵਾਲੀ ਜ਼ਿਮਨੀ ਚੋਣ ਦੇ ਮੱਦੇਨਜ਼ਰ ਯੋਗਤਾ 1 ਜੁਲਾਈ, 2025 ਦੇ ਅਧਾਰ ਤੇ ਵੋਟਰ ਸੂਚੀ ਦੀ ਵਿਸ਼ੇਸ਼ ਸੰਖੇਪ ਸੋਧ ਲਈ ਸ਼ਡਿਊਲ ਜਾਰੀ ਕੀਤਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ ਪੈਂਦੇ ਵਿਧਾਨ ਸਭਾ ਚੋਣ ਹਲਕਾ 21-ਤਰਨ ਤਾਰਨ ਵਿੱਚ ਪੋਲਿੰਗ ਬੂਥਾਂ ਦੀ ਰੈਸ਼ਨਲਾਈਜੇਸ਼ਨ 28 ਅਗਸਤ ਤੱਕ ਕਰਵਾਈ ਜਾਣੀ ਹੈ ਅਤੇ ਫੋਟੋ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 2 ਸਤੰਬਰ, ਨੂੰ ਕਰਵਾਈ ਜਾਣੀ ਹੈ।

ਫੋਟੋ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਅਨੁਸਾਰ ਵਿਧਾਨ ਸਭਾ ਚੋਣ ਹਲਕਾ 21-ਤਰਨ ਤਾਰਨ ਵਿੱਚ ਕੁੱਲ 193255 ਵੋਟਰ ਹਨ ਜਿਨ੍ਹਾਂ ਵਿੱਚ 101296 ਮਰਦ ਵੋਟਰ 91951 ਔਰਤਾਂ ਅਤੇ 8 ਥਰਡ ਜੈਂਡਰ ਵੋਟਰ ਹਨ।ਫੋਟੋ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 2 ਸਤੰਬਰ ਨੂੰ ਹੋਵੇਗੀ।ਇਸ ਸਬੰਧੀ ਦਾਅਵੇ ਅਤੇ ਇਤਰਾਜ਼ ਦਾਖਲ ਕਰਨ ਦੀ ਮਿਤੀ 2 ਸਤੰਬਰ (ਮੰਗਲਵਾਰ) ਤੋਂ 17 ਦਿਨ (ਬੁੱਧਵਾਰ) ਤੱਕ ਅਤੇ ਦਾਅਵੇ ਅਤੇ ਇਤਰਾਜ਼ ਦਾ ਨਿਪਟਾਰਾ 25 ਸਤੰਬਰ (ਵੀਰਵਾਰ) ਤੱਕ ਕੀਤਾ ਜਾਵੇਗਾ। ਫੋਟੋ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 30 ਸਤੰਬਰ (ਮੰਗਲਵਾਰ) ਨੂੰ ਹੋਵੇਗੀ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਦਾਅਵੇ ਤੇ ਇਤਰਾਜ਼ ਆਦਿ ਦਾਖਲ ਕਰਨ ਲਈ ਵਰਤੇ ਜਾਣ ਵਾਲੇ ਫਾਰਮਾਂ ਦਾ ਵੇਰਵਾ ਇਸ ਤਰ੍ਹਾਂ ਹੈ।ਨਾਮ ਸ਼ਾਮਲ ਕਰਨ ਲਈ ਬਿਨੈ ਪੱਤਰ ਫਾਰਮ ਨੰਬਰ 06, ਓਵਰਸੀਜ਼ ਵੋਟਰਾਂ ਲਈ ਨਾਮ ਸ਼ਾਮਲ ਕਰਨ ਲਈ ਬਿਨੈ ਪੱਤਰ ਫਾਰਮ ਨੰਬਰ 06 ਏ, ਫੋਟੋ ਵੋਟਰ ਸੂਚੀ ਵਿੱਚ ਦਰਜ ਵੇਰਵਿਆ ਦੇ ਇੰਦਰਾਜ ਸਬੰਧੀ ਬਿਨੈ ਪੱਤਰ ਫਾਰਮ ਨੰਬਰ 07, ਫੋਟੋ ਵੋਟਰ ਸੂਚੀ ਵਿੱਚ ਦਰਜ ਇੰਦਰਾਜਾਂ ਦੀ ਸੋਧ ਲਈ ਬਿਨੈ ਪੱਤਰ ਫਾਰਮ ਨੰਬਰ 08 ਵਿੱਚ ਭਰ ਕੇ ਦਿੱਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਸਾਰੇ ਫਾਰਮ ਜ਼ਿਲ੍ਹਾ ਚੋਣ ਦਫ਼ਤਰ, ਤਰਨ ਤਾਰਨ, ਦਫ਼ਤਰ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਅਤੇ ਡੈਜ਼ੀਗਨੇਟਡ ਅਫ਼ਸਰਾਂ (ਬੀਐੱਲਓਜ਼) ਪਾਸੋਂ ਮੁਫਤ ਪ੍ਰਾਪਤ ਕੀਤੇ ਜਾ ਸਕਦੇ ਹਨ।ਸੁਧਾਈ ਦੇ ਸਮੇਂ ਦੌਰਾਨ ਦਾਅਵੇ ਅਤੇ ਇਤਰਾਜ਼ ਡੈਜ਼ੀਗਨੇਟਡ ਅਫ਼ਸਰ (ਬੀਐੱਲਓਜ਼) ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਨੂੰ ਦਿੱਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰਾਂ ਦੀ ਸਹੂਲਤ ਲਈ ਚੱਲ ਰਹੇ ਐੱਨਵੀਐੱਸਪੀ ਪੋਰਟਲ ਅਤੇ ਵੋਟਰ ਹੈਲਪਲਾਈਨ 'ਤੇ ਵੀ ਵੋਟ ਅਪਲਾਈ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਟੋਲ ਫ੍ਰੀ ਨੰਬਰ 1950 ਤੋਂ ਵੀ ਵੋਟਾਂ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ।ਉਨ੍ਹਾਂ ਫੋਟੋ ਵੋਟਰ ਸੂਚੀ ਦੀ ਸੁਧਾਈ ਸਬੰਧੀ ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਨੂੰ ਭਰਪੂਰ ਸਹਿਯੋਗ ਦੇਣ ਦੀ ਅਪੀਲ ਕੀਤੀ ਤਾਂ ਜੋ ਕੋਈ ਵੀ ਵੋਟਰ ਆਪਣੇ ਅਧਿਕਾਰ ਤੋਂ ਵਾਂਝਾ ਨਾ ਰਹਿ ਜਾਵੇ।

## ਬਾਬਾ ਬੰਦਾ ਸਿੰਘ ਬਹਾਦਰ ਸਕੂਲ ਵਿਖੇ ਅਧਿਆਪਕਾਂ ਨੇ ਮਨਾਇਆ ਤੀਆਂ ਦਾ ਤਿਉਹਾਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਸਮੂਹ ਸਟਾਫ ਵੱਲੋਂ ਮਿਲ ਕੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਜਿਸ ਦੌਰਾਨ ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਅਤੇ ਮੈਡਮ ਮਨਦੀਪ ਕੌਰ ਚਾਹਲ ਪ੍ਰਿੰਸੀਪਲ ਬਾਬਾ ਬੰਦਾ ਸਿੰਘ ਬਹਾਦਰ ਕਾਲਜ



ਆਫ ਐਜੂਕੇਸ਼ਨ ਬਤੌਰ ਮੁੱਖ ਮਹਿਮਾਨ ਸਾਮਿਲ ਹੋਏ। ਤੀਆਂ ਦੇ ਤਿਉਹਾਰ ਮੌਕੇ ਅਧਿਆਪਕਾਂ ਵੱਲੋਂ ਪੰਜਾਬੀ ਲੋਕ ਨਾਚ ਗਿੱਧਾ ਅਤੇ ਕਿੱਕਲੀ ਦਾ ਬਹੁਤ ਸੋਹਣਾ ਪ੍ਰਦਰਸ਼ਨ ਕੀਤਾ ਗਿਆ ਜਿਸ ਨਾਲ ਅਧਿਆਪਕਾਂ ਦੇ ਬਚਪਨ ਦੀਆਂ ਯਾਦਾਂ ਤਾਜ਼ਾ ਹੋਈਆਂ। ਇਸ ਤੋਂ ਇਲਾਵਾ ਵੱਖ-ਵੱਖ ਹਾਸਰੱਸ ਗੇਮਾਂ ਖੇਡੀਆਂ ਗਈਆਂ। ਸਮੂਹ ਸਟਾਫ ਵੱਲੋਂ ਇਨ੍ਹਾਂ ਗੇਮਾਂ ਦਾ ਆਨੰਦ ਮਾਣਿਆ ਗਿਆ। ਇਸ ਮੌਕੇ ਪੰਜਾਬ ਦੀ ਪ੍ਰੰਪਰਾਵਾਦੀ ਮਠਿਆਈ ਖੀਰ ਪੂੜੇ ਵੀ ਬਣਾ ਕੇ ਖਵਾਏ ਗਏ। ਤੀਆਂ ਦੇ ਤਿਉਹਾਰ ਵਿੱਚ ਸ਼ਾਮਿਲ ਹੋਏ ਮੁੱਖ ਮਹਿਮਾਨਾਂ ਵੱਲੋਂ ਸਮੂਹ ਸਟਾਫ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਗਈਆਂ।

ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ ਗਈਆਂ।

## ਰਵੀ ਕਰਿਆਨਾ ਸਟੋਰ ਦੇ ਮਾਲਕ ਰਵੀ ਢਿੱਲੋਂ ਦਾ ਨਮ ਅੱਖਾਂ ਨਾਲ ਅੰਤਿਮ ਸੰਸਕਾਰ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਉੱਘੇ ਕਾਰੋਬਾਰੀ ਲੱਕੀ ਢਿੱਲੋਂ ਦੇ ਛੋਟੇ ਭਰਾ ਰਵੀ ਕਰਿਆਨਾ ਸਟੋਰ ਦੇ ਮਾਲਕ ਨੌਜਵਾਨ ਰਵੀ ਢਿੱਲੋਂ (42) ਜਿਨ੍ਹਾਂ ਦਾ ਬੀਤੀ ਰਾਤ ਉਨ੍ਹਾਂ ਦੇ ਘਰ ਦੇ ਬਾਹਰ ਤਿੰਨ ਅਣਪਛਾਤੇ ਨੌਜਵਾਨਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਦਾ ਅੰਤਿਮ ਸੰਸਕਾਰ ਦੇਰ ਸ਼ਾਮ ਕਸਬੇ ਦੀ ਸ਼ਿਵ ਪੁਰੀ ਵਿਖੇ ਕਰ ਦਿੱਤਾ ਗਿਆ।ਇਸ ਮੌਕੇ ਭਾਈ ਗੁਰਜੰਟ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਭਰਾ ਲੱਕੀ ਢਿੱਲੋਂ ਅਤੇ ਉਨ੍ਹਾਂ ਦੇ ਸਪੁੱਤਰਾਂ ਵੱਲੋਂ ਸਾਂਝੇ ਤੌਰ 'ਤੇ ਦਿਖਾਈ ਗਈ।ਇਸ ਅੰਤਿਮ ਯਾਤਰਾ ਮੌਕੇ ਵੱਡੀ ਗਿਣਤੀ ਵਿੱਚ ਸਿਆਸੀ, ਧਾਰਮਿਕ ਤੇ ਸਮਾਜ ਸੇਵੀ ਆਗੂਆਂ ਤੋਂ ਇਲਾਵਾ ਇਲਾਕੇ ਦੇ ਲੋਕਾਂ ਨੇ ਸ਼ਾਮਲ ਹੋ ਕੇ ਰਵੀ ਢਿੱਲੋਂ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ ਤੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਪ੍ਰਗਟ ਕੀਤਾ।ਇਸ ਮੌਕੇ ਲੱਕੀ ਢਿੱਲੋਂ, ਸੁਨੀਲ ਢਿੱਲੋਂ, ਬਾਬਾ ਅਵਤਾਰ ਸਿੰਘ ਬੇਦੀ, ਕਾਂਗਰਸੀ ਆਗੂ ਉਦੇਵੀਰ ਸਿੰਘ ਰੰਧਾਵਾ, ਸਾਬਕਾ ਚੇਅਰਮੈਨ ਨਰਿੰਦਰ ਸਿੰਘ ਬਾਜਵਾ, ਸਾਬਕਾ ਚੇਅਰਮੈਨ ਹਰਦੀਪ ਸਿੰਘ ਗੋਰਾਇਆ, ਪ੍ਰਧਾਨ ਰਾਜੇਸ਼ ਕੁਮਾਰ ਬਿੱਟਾ, ਦਵਿੰਦਰ ਸਿੰਘ ਪਾਲੀ, ਹਰਭਜਨ ਸਿੰਘ ਚੀਮਾ, ਮੁਨੀਸ਼ ਗੁਪਤਾ, ਐਕਸੀਅਨ ਐੱਸ. ਪੀ. ਰੰਧਾਵਾ, ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਹਰਿੰਦਰ ਸਿੰਘ ਰੰਧਾਵਾ, ਕਾਂਗਰਸੀ ਆਗੂ ਮਹਿੰਗਾ ਰਾਮ ਗਰੀਬ, ਭਾਜਪਾ ਆਗੂ ਰਾਜੂ ਪੰਡਿਤ, ਸਰਪੰਚ ਸੁਰਜੀਤ ਸਿੰਘ, ਜਸਵਿੰਦਰ ਸਿੰਘ ਬਿੱਲੂ, ਰਮੇਸ਼ ਢਿੱਲੋਂ, ਸੁਰਜੀਤ ਸਿੰਘ ਮੁਹਾਲ ਨੰਗਲ, ਮਨੀ ਢਿੱਲੋਂ, ਅਸ਼ੋਕ ਸ਼ਰਮਾ, ਡਾ. ਵਿਜੇ ਘਈ, ਲਖਬੀਰ ਸਿੰਘ ਆੜ੍ਹਤੀ, ਕੁਲਦੀਪ ਸਿੰਘ ਭਿੱਡਾ, ਐਰੀ ਸ਼ਰਮਾ, ਡਾ. ਅਸ਼ੋਕ ਸੋਨੀ, ਹੀਰਾ



ਲਾਲ ਜੰਡਿਆਲ, ਕਮਲਜੀਤ ਸਿੰਘ ਟੋਨੀ, ਵਿਨੋਦ ਕੁਮਾਰ ਮੱਤਰੀ, ਰਾਕੇਸ਼ ਮਹਾਜਨ, ਜਨਕ ਰਾਜ ਮਹਾਜਨ, ਰਾਮ ਲਾਲ ਸ਼ਰਮਾ, ਲਾਡੀ ਸਮਰਾ, ਜਸਵੰਤ ਸਿੰਘ ਜੱਜ, ਕਪਿਲ ਧਵਨ, ਰਮੇਸ਼ ਬੱਬਰ, ਡਾ. ਸਾਹਿਲ ਮਹਾਜਨ, ਪਰਮਿੰਦਰ ਸਿੰਘ ਬੇਦੀ, ਦਲਜੀਤ ਸਿੰਘ ਜੋਸ਼, ਹਰਜੀਤ ਸਿੰਘ ਜੋਸ਼, ਗੁਰਬਖਸ਼ ਸਿੰਘ ਰੰਧਾਵਾ, ਸਤਬੀਰ ਸਿੰਘ ਬਿੱਟੂ, ਇੰਦਰਜੀਤ ਸ਼ਹਿਜ਼ਾਦਾ, ਸੁੱਖਾ ਖੋਦੇਬੇਟ, ਸੁੱਚਾ ਸਿੰਘ ਕੋਠਾ, ਬਿਕਰਮ ਸਿੰਘ ਕਾਹਲਾਂ ਵਾਲੀ, ਬੱਬਲੀ ਪੱਡਾ ਕੋਟ, ਸਤਨਾਮ ਸਿੰਘ ਠੇਠਰਕੇ, ਗੁਰਪ੍ਰੀਤ ਸਿੰਘ ਬਾਦਲ, ਨਿਰਮਲ ਸਿੰਘ ਅਗਵਾਨ, ਸੁਧੀਰ ਬੇਦੀ, ਡਾ. ਗੁਰਦੇਵ ਸਿੰਘ, ਸ਼ਾਮ ਅਵੱਸਥੀ, ਰਾਜੀਵ ਮਹਾਜਨ, ਬਿੱਲੂ ਮਹਿਤਾ ਸਮੇਤ ਵੱਖ-ਵੱਖ ਪਾਰਟੀਆਂ ਦੇ ਆਗੂ ਤੇ ਇਲਾਕੇ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਜਗਰੂਪ ਸੇਖਵਾਂ ਨੇ ਬਲਾਕ ਧਾਰੀਵਾਲ ਦੀਆਂ ਪੰਚਾਇਤਾਂ ਦੀਆਂ ਸਮੱਸਿਆਵਾਂ ਸੁਣੀਆਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਆਮ ਆਦਮੀ ਪਾਰਟੀ ਦੇ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਬਲਾਕ ਧਾਰੀਵਾਲ ਦੇ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਬਹੁਤ ਸਾਰੇ ਮਸ਼ਲੇ ਤੇ ਸਮੱਸਿਆਵਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਮੌਕੇ ਬਲਾਕ ਵਿਕਾਸ ਪੰਚਾਇਤ ਦਫਤਰ ਧਾਰੀਵਾਲ ਵਿਖੇ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਵਿਸ਼ੇਸ਼ ਪ੍ਰੋਗਰਾਮ ਤਹਿਤ ਪਿੰਡਾਂ ਦੀਆਂ ਪੰਚਾਇਤਾਂ ਕੋਲੋਂ ਉਨ੍ਹਾਂ ਦੇ ਪਿੰਡਾਂ ਵਿੱਚ ਹੋਣ ਵਾਲੇ ਵਿਕਾਸ ਕਾਰਜਾਂ ਦੇ ਵੇਰਵੇ ਵੀ ਹਾਸਲ ਕੀਤੇ। ਇਸ ਮੌਕੇ ਬੀਡੀਪੀਓ ਧਾਰੀਵਾਲ ਕੁਲਜਿੰਦਰ ਸਿੰਘ ਚਾਹਲ, ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਦੇ ਐਸਡੀਓ ਰਛਪਾਲ ਸਿੰਘ ਢਿੱਲੋਂ, ਪੰਚਾਇਤੀ ਰਾਜ ਵਿਭਾਗ ਦੇ ਜੇਈ ਪਰਮਿੰਦਰ ਸਿੰਘ ਸੋਹਲ,ਪਾਵਰਕੌਮ ਵਿਭਾਗ ਦੇ ਐਸਡੀਓ ਸਤਨਾਮ ਸਿੰਘ, ਥਾਣਾ ਧਾਰੀਵਾਲ ਦੇ ਮੁਖੀ ਇੰਸਪੈਕਟਰ ਹਰਪਾਲ ਸਿੰਘ, ਵਾਟਰ ਸਪਲਾਈ ਵਿਭਾਗ ਦੇ ਐਸਡੀਓ ਜਤਿੰਦਰ ਸਿੰਘ ਤੇ ਐੱਸਡੀਓ ਅਨਿਲ ਕੁਮਾਰ ਆਦਿ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਜਗਰੂਪ ਸਿੰਘ ਸੇਖਵਾਂ ਨੇ ਕਿਹਾ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਜਲਦ ਹੀ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਹਲਕਾ ਕਾਦੀਆਂ ਅੰਦਰ ਵਿਕਾਸ ਕਾਰਜਾਂ ਦੀ ਕੋਈ ਕਸਰ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੁੰਡਾ, ਸਰਪੰਚ ਜਗਤਾਰ ਸਿੰਘ ਸਿੱਧਵਾਂ,



ਗੁਰਜੀਤ ਸਿੰਘ ਮਿੰਟਾ ਚੀਮਾ, ਸਰਪੰਚ ਪਰਮਜੀਤ ਸਿੰਘ ਜਫਰਵਾਲ, ਸਰਪੰਚ ਰਛਪਾਲ ਸਿੰਘ ਫੈਜ਼ਉਲਾਚੱਕ, ਸਰਪੰਚ ਗੁਰਨਾਮ ਸਿੰਘ ਪਸਨਾਵਾਲ, ਰਕੇਸ਼ ਵਿਲੀਅਮ ਤਾਰੀਜਾ ਨਗਰ, ਸਰਪੰਚ ਹਰਪਾਲ ਸਿੰਘ, ਸਰਪੰਚ ਨੰਦ ਲਾਲ ਕਲਿਆਣਪੁਰ ਆਦਿ ਸਮੇਤ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ ਅਤੇ ਸਮੂਹ ਪੰਚਾਇਤ ਸਕੱਤਰ ਹਾਜ਼ਰ ਸਨ।

## ਤੀਜ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬੇਬੇ ਨਾਨਕੀ ਖਾਲਸਾ ਕਾਲਜ ਫਾਰ ਵੂਮੈਨ ਧਾਰੀਵਾਲ ਵਿਖੇ ਤੀਜ ਦੇ ਤਿਉਹਾਰ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ। ਇਹ ਸਮਾਗਮ ਪੰਜਾਬੀ ਸੰਸਕ੍ਰਿਤੀ, ਰਿਵਾਇਤ ਅਤੇ ਖੁਸ਼ੀਆਂ ਦਾ ਸੁੰਦਰ ਮੇਲ ਸੀ ਜਿਸ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਤੇ ਸਟਾਫ ਮੈਂਬਰਾਂ ਨੇ ਬੜੇ ਚਾਅ ਤੇ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦਾ ਸ਼ਾਨਦਾਰ ਆਯੋਜਨ ਕਾਲਜ ਪ੍ਰਿੰਸੀਪਲ ਡਾ. ਬਲਬੀਰ ਕੌਰ, ਮੈਨੇਜਮੈਂਟ ਕਮੇਟੀ ਅਤੇ ਸਮਰਪਿਤ ਸਟਾਫ



ਮੈਂਬਰਾਂ ਦੀ ਮਿਹਨਤ ਨਾਲ ਸੰਭਵ ਹੋ ਸਕਿਆ। ਇਸ ਮੌਕੇ ਕਾਲਜ ਦਾ ਸੁੰਦਰ ਸਜਾਇਆ ਗਿਆ ਕੈਂਪਸ ਪੰਜਾਬੀ ਵਿਰਾਸਤ ਦਾ ਅਸਲ ਰੂਪ ਦਰਸਾ ਰਿਹਾ ਸੀ, ਜਿਸ ਵਿੱਚ ਝੂਲੇ, ਲੋਕ-ਗੀਤ ਅਤੇ ਰਵਾਇਤੀ ਪ੍ਰਸਤੁਤੀਆਂ ਨੇ ਚਾਰ-ਚੰਦ ਲਗਾ ਦਿੱਤੇ।

ਪ੍ਰੋਗਰਾਮ ਵਿੱਚ ਬਲਵਿੰਦਰ ਕੌਰ ਹੇਅਰ ਬਤੌਰ ਮੁੱਖ ਮਹਿਮਾਨ ਸਾਮਲ ਹੋਏ। ਉਨ੍ਹਾਂ ਦੀ ਹਾਜ਼ਰੀ ਅਤੇ ਪ੍ਰੇਰਨਾਦਾਇਕ ਸੰਬੋਧਨ ਨੇ ਸਮਾਗਮ ਨੂੰ ਹੋਰ ਵੀ ਯਾਦਗਾਰ ਬਣਾ ਦਿੱਤਾ। ਸ਼੍ਰੀਮਤੀ ਗੀਤੂ ਬਾਲਾ, ਦਲਜੀਤ ਕੌਰ, ਸੁਮਨ ਸੈਣੀ, ਸੁਮਨ ਲਤਾ, ਲਵਪ੍ਰੀਤ ਕੌਰ ਅਤੇ ਪੂਰੇ ਸਟਾਫ ਦੀਆਂ ਕੋਸ਼ਿਸ਼ਾਂ ਸਦਕਾ ਇਹ ਪ੍ਰੋਗਰਾਮ ਬਹੁਤ ਸਫਲ ਰਿਹਾ। ਮੁੱਖ ਮਹਿਮਾਨ ਦਾ ਕਾਲਜ ਪਹੁੰਚਣ 'ਤੇ ਸਮੂਹ ਸਟਾਫ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੌਰਾਨ ਵਿਦਿਆਰਥਣਾਂ ਨੇ ਗਿੱਧਾ, ਲੋਕ-ਗੀਤ, ਮਹਿੰਦੀ ਮੁਕਾਬਲੇ ਅਤੇ ਰਵਾਇਤੀ ਪਹਿਰਾਵੇ ਰਾਹੀਂ ਆਪਣੀ ਕਲਾ ਪੇਸ਼ ਕੀਤੀ। ਇਹ ਯਾਦਗਾਰ ਤਿਉਹਾਰ ਖੁਸ਼ੀ, ਏਕਤਾ ਅਤੇ ਰਵਾਇਤਾਂ ਦੀਆਂ ਸੋਹਣੀਆਂ ਯਾਦਾਂ ਛੱਡ ਗਿਆ।

# ਆਹਲੀ ਕਲਾਂ ਦਾ ਐਡਵਾਂਸ ਬੰਨ੍ਹ ਬਚਾਉਣ 'ਚ ਡਟੇ ਸੀਚੇਵਾਲ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਪਿੰਡ ਆਹਲੀ ਕਲਾਂ ਵਿਖੇ ਬਿਆਸ ਦਰਿਆ ਦੇ ਐਡਵਾਂਸ ਬੰਨ੍ਹ ਨੂੰ ਲਗਾਤਾਰ ਲੱਗ ਰਹੀ ਢਾਅ ਨੂੰ ਰੋਕਣ ਲਈ ਵਾਤਾਵਰਣ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਲਾਕੇ ਦੇ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਇਸ ਬੰਨ੍ਹ ਨੂੰ ਮਜ਼ਬੂਤ ਕਰਨ ਲਈ ਅੱਗੇ ਆਉਣ। ਇਸ ਬੰਨ੍ਹ ਦੀ ਮਜ਼ਬੂਤੀ ਨੇ 35 ਪਿੰਡਾਂ ਨੂੰ ਹੜ੍ਹ ਦੀ ਕਰੋਪੀ ਤੋਂ ਬਚਾਇਆ ਹੈ। ਉਹਨਾਂ ਆਹਲੀ ਕਲਾਂ ਵਿੱਚ ਬੰਨ੍ਹ ਨੂੰ ਮਜ਼ਬੂਤ ਕਰਨ ਵਿੱਚ ਲੱਗੇ ਲੋਕਾਂ ਦੀ ਹੌਸਲਾ ਅਫਜ਼ਾਈ ਕਰਦਿਆ ਕਿਹਾ ਕਿ ਉਹਨਾਂ ਦੀ ਮੁਸ਼ਤੈਦੀ ਕਾਰਨ ਹਾਲ ਦੀ ਘੜੀ ਐਡਵਾਂਸ ਬੰਨ੍ਹ ਟੁੱਟਣ ਤੋਂ ਬਚ ਗਿਆ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਇਸ ਵਾਰ ਵੀ ਸਥਿਤੀ ਗੰਭੀਰ ਹੈ ਅਤੇ ਕਿਸਾਨ ਆਪਣੇ ਖੇਤਾਂ, ਸਮਾਨ ਅਤੇ ਪਸ਼ੂਆਂ ਨੂੰ ਲੈ ਕੇ ਬਹੁਤ ਚਿੰਤਤ ਹਨ।ਬਿਆਸ ਦਰਿਆ ਦੇ ਉਛਾਲ ਨਾਲ ਧੁੱਸੀ ਬੰਨ੍ਹ ਦੇ ਅੰਦਰ 500 ਤੋਂ 600 ਫੁੱਟ ਲੰਬੇ ਐਡਵਾਂਸ ਧੁੱਸੀ ਬੰਨ੍ਹ ਨੂੰ ਢਾਅ ਲੱਗ ਰਹੀ ਹੈ। ਸੰਤ ਸੀਚੇਵਾਲ ਵੱਲੋਂ ਇਲਾਕੇ ਦੇ ਲੋਕਾਂ ਤੇ ਕਿਸਾਨਾਂ ਨਾਲ ਮਿਲ ਕੇ ਐਡਵਾਂਸ ਬੰਨ੍ਹ ਨੂੰ ਸੁਰੱਖਿਅਤ ਕਰਨ ਲਈ ਕਮਾਨ ਸਾਂਭੀ ਹੋਈ ਹੈ। ਸੰਤ ਸੀਚੇਵਾਲ ਵੱਲੋਂ ਬੰਨ੍ਹ ਦੀ ਮਜ਼ਬੂਤੀ ਲਈ ਖੁਦ ਬੋਰੇ ਚੁੱਕੇ ਜਾ ਰਹੇ ਹਨ ਤੇ ਪਿੰਡਾਂ ਵਿੱਚ ਬੋਰੀਆਂ ਇੱਕਠੀਆਂ ਕੀਤੀਆਂ ਜਾ ਰਹੀਆਂ ਹਨ। ਹੁਣ ਤੱਕ ਆਹਲੀ ਕਲਾਂ ਦੇ ਐਡਵਾਂਸ ਬੰਨ੍ਹ ਤੇ ਹਜ਼ਾਰ ਤੋਂ ਵੱਧ ਬੋਰੇ ਭਰੇ ਜਾ ਚੁੱਕੇ ਹਨ ਤੇ ਲਗਾਤਾਰ ਮਿੱਟੀ ਦੇ ਬੋਰੇ ਦੇ ਕਰੇਟ ਬਣਾ ਕੇ ਬੰਨ੍ਹ ਦੇ ਨਾਲ ਸੁੱਟੇ ਜਾ ਰਹੇ ਹਨ।ਪਿੰਡ ਬਾਊਪੁਰ ਦੇ ਕਿਸਾਨ ਜਰਨੈਲ ਸਿੰਘ ਸਮੇਤ ਇਲਾਕੇ ਦੇ ਕਿਸਾਨਾਂ ਨੇ ਦੱਸਿਆ ਕਿ, ਉਹਨਾਂ ਨੇ ਹਜ਼ਾਰਾਂ ਏਕੜ ਖੇਤੀਬਾੜੀ ਜ਼ਮੀਨ 'ਤੇ ਝੋਨੇ ਦੀ ਫ਼ਸਲ ਬੀਜੀ ਸੀ, ਜੋ ਬਿਆਸ ਦਰਿਆ ਦੇ ਹੜ੍ਹ ਦੇ ਪਾਣੀ ਨਾਲ ਤਬਾਹ ਹੋ ਗਈ ਹੈ ਅਤੇ ਹੁਣ ਉਹਨਾਂ ਨੂੰ ਡਰ ਹੈ ਕਿ ਉਹਨਾਂ ਦੀਆਂ ਜ਼ਮੀਨਾਂ ਵੀ ਕਿਤੇ ਹੜ੍ਹ ਦੀ ਭੇਂਟ ਨਾ ਚੜ੍ਹ ਜਾਣ। ਸੰਤ ਬਲਬੀਰ ਸਿੰਘ ਸੀਚੇਵਾਲ ਜੀ ਵੱਲੋਂ ਪਹਿਲੇ ਦਿਨ ਤੋਂ ਐਡਵਾਂਸ ਬੰਨ੍ਹ ਦੇ ਨਾਲ ਲਗਦੇ ਪਿੰਡਾਂ ਵਿੱਚ ਰਾਹਤ ਕਾਰਜਾਂ ਨੂੰ ਲੈ ਕੇ ਸੇਵਾਦਾਰਾਂ ਨਾਲ ਕਮਾਨ ਸਾਂਭੀ ਹੋਈ ਹੈ। ਉਹਨਾਂ ਵੱਲੋਂ ਰੋਜ਼ਾਨਾ ਚੱਪੂ ਚਲਾ ਕੇ ਕਈ ਕਿਲੋਮੀਟਰ ਦੇ ਇਲਾਕੇ ਜੋ ਪਾਣੀ ਨਾਲ ਪ੍ਰਭਾਵਿਤ ਹਨ, ਉੱਥੇ ਤੱਕ ਕਿਸ਼ਤੀ ਰਾਹੀ ਪਹੁੰਚ ਕੀਤੀ ਜਾ ਰਹੀ ਹੈ ਤੇ ਲੋਕਾਂ ਤੱਕ ਲੋੜੀਂਦੀਆਂ ਵਸਤਾਂ ਪਹੁੰਚਾਈਆਂ ਜਾ ਰਹੀਆਂ ਹਨ। ਸੰਤ ਸੀਚੇਵਾਲ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਐਕਸਾਵੇਟਰ ਮਸ਼ੀਨ, ਜੇ.ਸੀ.ਬੀ ਮਸ਼ੀਨ ਅਤੇ 2 ਕਿਸ਼ਤੀਆਂ ਰਾਹੀ ਕਾਰਸੇਵਕਾਂ ਦੀ ਪੱਕੀ ਡਿਊਟੀ ਵੀ ਲਗਾਈ ਹੋਈ ਹੈ ਤੇ ਹੜ੍ਹ ਪ੍ਰਭਾਵਿਤ ਲੋਕਾਂ ਲਈ ਰਾਹਤ ਸਮੱਗਰੀ ਪਹੁੰਚਦੀ ਕਰ ਰਹੇ ਹਨ।



# ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਐੱਸ ਡੀ ਐੱਮ ਫਿਲੌਰ ਨੂੰ ਸੌਂਪਿਆ ਮੰਗ ਪੱਤਰ



**ਫਿਲੌਰ ( ਨਿਰਮਲ, ਹਰਜਿੰਦਰ ਕੌਰ ਚਾਹਲ )** ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ ਵੱਲੋਂ ਅੱਜ ਪੰਜਾਬ ਸਰਕਾਰ ਨੂੰ ਨੌਜਵਾਨਾਂ ਨਾਲ ਕੀਤੇ ਚੋਣ ਵਾਅਦੇ ਯਾਦ ਕਰਵਾਉਣ ਲਈ ਯਾਦ ਪੱਤਰ ਐਸ. ਡੀ.ਐਮ ਫਿਲੌਰ ਰਾਹੀਂ ਸਰਕਾਰ ਨੂੰ ਭੇਜਿਆ ਗਿਆ। ਇਸ ਮੌਕੇ ਨੌਜਵਾਨਾਂ ਦੀ ਅਗਵਾਈ ਮੱਖਣ ਸੰਗਰਾਮੀ, ਗਗਨਦੀਪ ਗੰਗਾ, ਅਮਰੀਕ ਭੁਕੜ, ਬਲਦੇਵ ਸਾਹਨੀ ਨੇ ਕੀਤੀ। ਇਸ ਉਪਰੰਤ ਨੌਜਵਾਨਾਂ ਵਲੋਂ ਸ਼ਹਿਰ ਵਿੱਚ ਰੋਸ ਮਾਰਚ ਵੀ ਕੀਤਾ ਗਿਆ। ਸਭਾ ਦੇ ਸੂਬਾਈ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨੌਜਵਾਨਾਂ ਵਿਰੋਧੀ ਨੀਤੀਆਂ ਕਾਰਨ ਸਿੱਖਿਆ ਦਾ ਵਪਾਰੀਕਰਨ ਹੋ ਚੁੱਕਾ ਹੈ ਅਤੇ ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕੀ ਹੈ, ਬੇਰੁਜ਼ਗਾਰੀ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਉਹਨਾਂ ਸਰਕਾਰ ਨੂੰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਜਾਂ ਬੇਰੁਜ਼ਗਾਰੀ ਭੱਤਾ ਦੇਣ ਤੋਂ ਮੁੱਕਰਨ ਦੀ ਪੰਜਾਬ ਸਰਕਾਰ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਕੀਤੀ। ਉਹਨਾਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਨੇ ਚੋਣਾਂ ਦੌਰਾਨ ਨੌਜਵਾਨਾਂ ਨਾਲ ਕੀਤੇ ਵਾਅਦੇ ਵੀ ਪੂਰੇ ਨਹੀਂ ਕੀਤੇ ਜਦ ਕਿ ਸਰਕਾਰ ਦੇ ਨੌਜਵਾਨ ਨੂੰ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦਾ ਐਲਾਨ ਵੀ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤਾ ਸੀ। ਇਸ ਮੌਕੇ ਜ਼ਿਲ੍ਹਾ ਸਕੱਤਰ ਅਜੇ ਫ਼ਿਲੌਰ ਨੇ ਕਿਹਾ ਕਿ ਪੰਜਾਬ ਦੀ ਸਰਕਾਰ ਦੁਆਰਾ ਜੋ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਰੌਲਾ ਪਾਇਆ ਜਾ ਰਿਹਾ ਹੈ ਉਹ ਕੇਵਲ ਇਕ ਡਰਾਮਾ ਹੈ, ਕਿਉਂਕਿ ਸਿਆਸੀ, ਪੁਲਸ, ਨਸ਼ਾ ਸਮਗਲਰ ਗੱਠਜੋੜ ਜਿਉਂ ਦਾ ਤਿਉਂ ਬਰਕਰਾਰ ਹੈ। ਉਕਤ ਆਗੂਆਂ ਨੇ ਪੰਜਾਬ ਸਰਕਾਰ ਤੋਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਨੌਜਵਾਨਾਂ ਨਾਲ ਕੀਤੇ ਚੋਣ ਵਾਅਦੇ ਤੁਰੰਤ ਪੂਰੇ ਕੀਤੇ ਜਾਣ, ਕੰਮ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ 'ਚ ਸ਼ਾਮਲ ਕੀਤਾ ਜਾਵੇ, ਵਿੱਦਿਆ ਦਾ ਵਪਾਰੀਕਰਨ/ਨਿੱਜੀਕਰਨ ਬੰਦ ਕੀਤਾ ਜਾਵੇ। ਰੁਜ਼ਗਾਰ ਦੇ ਨਵੇਂ ਵਸੀਲੇ ਪੈਦਾ ਕੀਤੇ ਜਾਣ, ਲੜਕੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਇਸ ਮੌਕੇ ਤਹਿਸੀਲ ਸਕੱਤਰ ਸੁਨੀਲ ਭੈਣੀ, ਜੱਸਾ ਭੁਕੜ, ਸਨੀ ਜੱਸਲ, ਸੰਦੀਪ ਫਿਲੌਰ, ਓਂਕਾਰ ਬਿਰਹਨੀ, ਗੁਰਿੰਦਰਜੀਤ ਗੋਗੀ, ਲਖਵੀਰ ਖੱਖੋਵਾਲ, ਵਿੱਕੀ ਮਿਓਵਾਲ, ਰਛਪਾਲ ਬਿਰਹਨੀ, ਲਵਰਾਜ ਬੋਲੀਨਾ, ਜੱਗਾ ਸੰਗੋਵਾਲ, ਜਸਬੀਰ ਢੇਸੀ, ਪਾਰਸ ਫਿਲੌਰ, ਓਮੇਸ਼ ਸਿਮਕ ਆਦਿ ਹਾਜ਼ਰ ਸਨ।

# ਅਲਾਵਲਪੁਰ 'ਚ ਕਈ ਕਾਂਗਰਸੀ ਨੌਜਵਾਨ ਟੀਨੂੰ ਦੀ ਅਗਵਾਈ ਹੇਠ 'ਆਪ' 'ਚ ਸ਼ਾਮਿਲ



**ਅਲਾਵਲਪੁਰ, (ਮਦਨ ਭੰਗਣ)**-ਕਸਬਾ ਅਲਾਵਲਪੁਰ ਵਿਖੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਵੱਡੀ ਗਿਣਤੀ ਵਿੱਚ ਨੌਜਵਾਨ ਪਰਵਾਰਾਂ ਸਮੇਤ ਆਦਮਪੁਰ ਹਲਕਾ ਇੰਚਾਰਜ ਪਵਨ ਟੀਨੂੰ ਦੀ ਅਗਵਾਈ ਹੇਠ ਆਪ ਵਿਚ ਸ਼ਾਮਲ ਹੋਏ।ਬੀਤੇ ਦਿਨ ਅਲਾਵਲਪੁਰ ਵਿਖੇ ਮੀਟਿੰਗ ਦੌਰਾਨ ਪਵਨ ਟੀਨੂੰ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੇ ਵਿਕਾਸ ਕਾਰਜਾਂ ਨੂੰ ਦੇਖਦਿਆਂ ਲੋਕਾਂ ਦੇ ਵੋਟਰ ਆਪ ਵਿਚ ਸ਼ਾਮਿਲ ਹੋ ਰਹੇ ਹਨ।ਉਹਨਾਂ ਨੂੰ ਦੱਸਿਆ ਕਿ ਪਰਮਜੀਤ ਸਿੰਘ ਪੰਮੀ ਰਿਟਾਇਰਡ ਅਫਸਰ ਨੂੰ ਅਲਾਵਲਪੁਰ ਸ਼ਹਿਰੀ ਤੋਂ ਆਮ ਆਦਮੀ ਪਾਰਟੀ ਪ੍ਰਧਾਨ ਤੇ ਅਮਰਜੀਤ ਸਿੰਘ ਨੂੰ ਐਕਸ ਸਰਵਿਸ ਮੈਨ ਪ੍ਰਧਾਨ ਅਲਾਵਲਪੁਰ ਲਗਾਇਆ ਗਿਆ। ਆਪ ਵਿਚ ਸ਼ਾਮਲ ਨੌਜਵਾਨ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਰਮਜੀਤ ਪੰਮਾ ਸੰਗਠਨ ਇੰਚਾਰਜ, ਅਸ਼ਵਨੀ ਸ਼ਰਮਾ, ਮਨਦੀਪ ਸਿੰਘ, ਅਮਰਜੀਤ ਸਿੰਘ ਸਰਵੇ ਕੌਂਸਲ, ਅਮਰੀਕ ਸਿੰਘ ਬਲਾਕ ਪ੍ਰਧਾਨ, ਸੁਖਵੀਰ ਕੁਮਾਰ, ਕੁਲਦੀਪ ਸਿੰਘ, ਹੰਸ ਰਾਜ ਭੈਣੀ, ਸੰਜੀਵ ਮਿੰਟੂ, ਵਰਿੰਦਰ ਕੁਮਾਰ, ਹਨੀ ਕੁਮਾਰ, ਬਲਵਿੰਦਰ ਕੁਮਾਰ, ਫਕੀਰ ਚੰਦ, ਬਿੱਟੂ, ਬੱਬੀ ਰਵਿੰਦਰ ਕੁਮਾਰ, ਜਸਵਿੰਦਰ ਸਿੰਘ, ਅਸ਼ਵਨੀ ਕੁਮਾਰ, ਜਸਵਿੰਦਰ ਕੁਮਾਰ, ਕਿਸ਼ਨ ਲਾਲ, ਵਰਿੰਦਰ ਕੁਮਾਰ ਸਮੇਤ ਆਪ ਵਰਕਰ ਹਾਜ਼ਰ ਸਨ।

## ਸੁੰਨੜ ਕਲਾਂ ਦਾ ਸਾਲਾਨਾ ਛਿੰਝ ਮੇਲਾ ਅੱਜ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਸੁੰਨੜ ਕਲਾਂ ਵਿਖੇ ਗੁੱਗਾ ਜਾਹਰ ਪੀਰ ਛਿੰਝ ਕਮੇਟੀ ਐੱਨ ਆਰ ਆਈ, ਵੀਰ ਪਿੰਡ ਵਾਸੀਆਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ 19ਵਾਂ ਸਾਲਾਨਾ ਛਿੰਝ ਮੇਲਾ 21 ਅਗਸਤ ਦਿਨ ਵੀਰਵਾਰ ਕਰਵਾਇਆ ਜਾ ਰਿਹਾ ਹੈ। ਛਿੰਝ ਮੇਲਾ ਦੌਰਾਨ ਆਏ ਹੋਏ ਦਰਸ਼ਕਾਂ ਨੂੰ ਪੱਕਾ ਸਾਈਕਲ ਇਨਾਮ ਅਵਤਾਰ ਸਿੰਘ ਫਰੀਦ ਪਰਵਾਰ ਵੱਲੋਂ ਦਿੱਤੇ ਜਾਣਗੇ, 21 ਅਗਸਤ ਸਵੇਰੇ 11 ਵਜੇ ਇੰਟਰਨੈਸ਼ਨਲ ਅਵਾਜ਼ ਸਰਦੂਲ ਸਿਕੰਦਰ ਅਤੇ ਰਣਵੀਰ ਕੌਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ। ਛਿੰਝ ਮੇਲੇ ਵਿਚ ਨਾਮੀ ਅਖਾੜਿਆਂ ਦੇ ਅੰਤਰਰਾਸ਼ਟਰੀ ਪਹਿਲਵਾਨ ਪਹੁੰਚ ਰਹੇ ਹਨ।

## ਏਕਮ ਪਬਲਿਕ ਸਕੂਲ 'ਚ ਮਨਾਇਆ ਸੁਤੰਤਰਤਾ ਦਿਵਸ

**ਮਹਿਤਪੁਰ (ਰਾਜਾ)**- ਏਕਮ ਪਬਲਿਕ ਸਕੂਲ ਮਹਿਤਪੁਰ ਵਿੱਚ ਦੇਸ਼ ਭਗਤਾਂ, ਸ਼ਹੀਦਾਂ ਅਤੇ ਵੀਰ ਯੋਧਿਆਂ ਨੂੰ ਯਾਦ ਕਰਦੇ ਹੋਏ ਸੁਤੰਤਰਤਾ ਦਿਵਸ ਬੜੇ ਹੀ ਸ਼ਰਧਾ ਭਾਵ ਨਾਲ ਮਨਾਇਆ ਗਿਆ। ਇਹ ਜਾਣਕਾਰੀ ਸਕੂਲ ਪ੍ਰਿੰਸੀਪਲ ਸ੍ਰੀਮਤੀ ਅਮਨਦੀਪ ਕੌਰ ਵਲੋਂ ਦਿੱਤੀ ਗਈ।ਉਨ੍ਹਾਂ ਕਿਹਾ ਕਿ ਇਸ ਮੌਕੇ ਸਕੂਲ ਡਾਇਰੈਕਟਰ ਨਿਰਮਲ ਸਿੰਘ ਥਿੰਦ ਵਲੋਂ ਤਿਰੰਗਾ ਝੰਡਾ ਲਹਿਰਾਇਆ ਗਿਆ।ਮੈਡਮ ਅਮਨਦੀਪ ਕੌਰ ਨੇ ਦੱਸਿਆ ਕਿ ਇਸ ਮੌਕੇ ਸਕੂਲ ਵਿਦਿਆਰਥੀਆਂ ਦੀਆਂ ਕਲਾਸ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਤੱਕ ਉਹਨਾਂ ਦੀਆਂ ਜਮਾਤਾਂ ਮੁਤਾਬਿਕ ਅਲੱਗ ਅਲੱਗ ਐਕਟੀਵਿਟੀਜ਼ ਕਰਵਾਈਆਂ ਗਈਆਂ। ਇਸ ਮੌਕੇ ਸਕੂਲ ਮੈਂਨਜਮੈਂਟ ਤੋਂ ਸਰਦਾਰ ਦਲਜੀਤ ਸਿੰਘ, ਵਾਈਸ ਪ੍ਰਿੰਸੀਪਲ ਦਲਜੀਤ ਕੌਰ, ਸਮੀਕਸ਼ਾ ਸ਼ਰਮਾ, ਕੋਆਰਡੀਨੇਟਰ ਸਵਪਨਦੀਪ ਕੌਰ, ਦਵਿੰਦਰ ਨਾਹਰ, ਰਾਜਵਿੰਦਰ ਕੌਰ, ਚੇਤਨਾ ਰਾਜਦੇਵ, ਨੇਹਾ ਭੱਲਾ, ਐਕਟੀਵਿਟੀ ਇੰਚਾਰਜ ਦੀਪਤੀ ਕਵਾਤਰਾ, ਦਲਵੀਰ ਕੌਰ , ਸਟਾਫ਼ ਵਿੱਚੋਂ ਸਰਦਾਰ ਪਰਮਿੰਦਰ ਸਿੰਘ, ਚੰਦਨ ਸਿੰਘ, ਦਵਿੰਦਰ ਸ਼ਰਮਾ, ਮਾਈਕਲ, ਹਰਸ਼ਦੀਪ ਸਿੰਘ, ਕੋਮਲਪ੍ਰੀਤ ਕੌਰ, ਕਿਰਨ, ਮਨਜੀਤ ਕੌਰ, ਚੰਚਲ ਰਾਣੀ, ਦਵਿੰਦਰਜੀਤ ਕੌਰ, ਨਿਧੀ, ਚਰਨਜੀਤ ਕੌਰ ਅਤੇ ਬਾਕੀ ਸਕੂਲ ਅਧਿਆਪਕ ਸ਼ਾਮਲ ਸਨ।



## ਸਾਲਾਨਾ ਜਾਗਰਣ 24 ਨੂੰ

**ਬਸਤੀ ਸ਼ੇਖ ਜਲੰਧਰ (ਲਖਵਿੰਦਰ ਸਿੰਘ)** ਦੁਰਗਾ ਭਜਨ ਮੰਡਲੀ ਪਿੰਡ ਕੁਲਾਰ ਤੇ ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 33ਵਾਂ ਸਲਾਨਾ ਜਾਗਰਣ 24 ਅਗਸਤ ਦਿਨ ਐਤਵਾਰ ਨੂੰ ਪਿੰਡ ਕੁਲਾਰ ਜ਼ਿਲ੍ਹਾ ਜਲੰਧਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ ਮਾਤਾ ਦੇ ਭਗਤ ਹਰਜਿੰਦਰ ਸਿੰਘ ਬੁੱਧੂ ਨੇ ਦੱਸਿਆ ਕਿ ਇਸ ਵਾਰ ਪਹੁੰਚ ਰਹੇ ਗਾਇਕ ਗਗਨ ਮਹਿਰਾ ਤੇ ਮਨਰਾਜ ਵਾਇਸ ਆਫ ਪੰਜਾਬ ਮਾਤਾ ਦੀਆਂ ਭੇਂਟਾ ਗਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

## ਵਰਲਡ ਫੋਟੋਗ੍ਰਾਫੀ ਦਿਵਸ ਮਨਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**- ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਜੰਡਿਆਲਾ ਮੰਜਕੀ ਇਕਾਈ ਵੱਲੋਂ ਅੰਤਰਰਾਸ਼ਟਰੀ ਫੋਟੋਗ੍ਰਾਫੀ ਦਿਵਸ ਸਥਾਨਕ ਓਹਰੀ ਕੌਂਟੀਨੈਂਟਲ ਵਿੱਚ ਕੇਕ ਕੱਟ ਕੇ ਮਨਾਇਆ ਗਿਆ।ਇਸ ਮੌਕੇ ਹਾਜ਼ਰ ਫੋਟੋਗਰਾਫਰਾਂ ਨੂੰ ਸੰਬੋਧਨ ਕਰਦੇ ਹੋਏ ਇਕਾਈ ਦੇ ਪ੍ਰਧਾਨ ਮਨੂੰ ਦੇਵ ਨੇ ਦੱਸਿਆ ਕਿ ਫੋਟੋਗ੍ਰਾਫੀ ਦੀ ਸ਼ੁਰੂਆਤ 19ਵੀਂ ਸਦੀ ਵਿੱਚ ਹੋਈ ਸੀ।ਅੰਤਰ-ਰਾਸ਼ਟਰੀ ਫੋਟੋਗ੍ਰਾਫੀ ਦੀ ਸ਼ੁਰੂਆਤ 19 ਅਗਸਤ, 1839 ਨੂੰ ਹੋਈ ਸੀ। ਇਸ ਲਈ ਹਰ ਸਾਲ 19 ਅਗਸਤ ਨੂੰ 'ਅੰਤਰ-ਰਾਸ਼ਟਰੀ ਫੋਟੋਗਰਾਫੀ ਦਿਵਸ' ਵਜੋਂ ਮਨਾਇਆ ਜਾਂਦਾ ਹੈ।ਅਜੋਕੇ ਸਮੇਂ ਵਿੱਚ ਫੋਟੋਗ੍ਰਾਫਰਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਹਲ ਲਈ ਸੂਬਾ ਪੱਧਰੀ ਐਸੋਸੀਏਸ਼ਨ ਬਣਾਈ ਗਈ ਹੈ।

# ਐੱਸ ਐੱਸ ਜੀ ਆਈ ਵੱਲੋਂ ਓਰੀਐਂਟੇਸ਼ਨ ਪ੍ਰੋਗਰਾਮ ਐਜੂ-ਇਗਨਾਈਟ 2025




**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਸ੍ਰੀ ਸੁਖਮਨੀ ਗਰੁੱਪ ਆਫ ਇੰਸਟੀਚਿਊਸ਼ਨਜ਼ (ਐਸ ਐਸ ਜੀ ਆਈ) ਨੇ ਆਪਣੇ ਓਰੀਐਂਟੇਸ਼ਨ ਪ੍ਰੋਗਰਾਮ ਐਜੂ-ਇਗਨਾਈਟ 2025 ਨੂੰ ਇੱਕ ਜੀਵੰਤ ਅਤੇ ਅਭੁੱਲ ਸੱਭਿਆਚਾਰਕ ਤੋਹਫ਼ੇ ਨਾਲ ਸਫਲਤਾਪੂਰਵਕ ਸਮਾਪਤ ਕੀਤਾ, ਜੋ ਕਿ ਵਿਦਿਆਰਥੀਆਂ ਦੇ ਨਵੇਂ ਬੈਚ ਲਈ ਬਹੁ-ਦਿਨ ਦੇ ਪ੍ਰਵੇਸ਼ ਦੇ ਸੰਪੂਰਨ ਸਿੱਟੇ ਵਜੋਂ ਦਰਸਾਇਆ ਗਿਆ ਹੈ।ਇਹ ਪ੍ਰੋਗਰਾਮ, ਜਿਸਨੇ ਫਰੈਸ਼ਰ, ਫੈਕਲਟੀ ਅਤੇ ਸੀਨੀਅਰ ਵਿਦਿਆਰਥੀਆਂ ਨੂੰ ਇਕੱਠਾ ਕੀਤਾ, ਨੇ ਸਿੱਖਣ, ਰਚਨਾਤਮਕਤਾ ਅਤੇ ਏਕਤਾ ਦੀ ਭਾਵਨਾ ਦਾ ਜਸ਼ਨ ਮਨਾਇਆ। ਓਰੀਐਂਟੇਸ਼ਨ ਪ੍ਰੋਗਰਾਮ ਐਜੂ-ਇਗਨਾਈਟ 2025 ਦਾ ਉਦੇਸ਼ ਨਵੇਂ ਪ੍ਰਵੇਸ਼ਕਾਂ ਨੂੰ ਅਕਾਦਮਿਕ ਢਾਂਚੇ, ਕਰੀਅਰ ਮਾਰਗਦਰਸ਼ਨ ਅਤੇ ਪ੍ਰੇਰਣਾਦਾਇਕ ਸੈਸ਼ਨਾਂ ਨਾਲ ਸਸ਼ਕਤ ਬਣਾਉਣਾ ਸੀ, ਨਾਲ ਹੀ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਆਪਣੇ ਸਾਥੀਆਂ ਨਾਲ ਜੁੜਨ ਲਈ ਇੱਕ ਪਲੇਟਫਾਰਮ ਵੀ ਦਿੱਤਾ।ਸਮਾਪਤੀ ਸਮਾਰੋਹ ਡਾਂਸ ਪ੍ਰਦਰਸ਼ਨਾਂ, ਸੰਗੀਤ, ਨਾਟਕਾਂ ਅਤੇ ਫੈਸ਼ਨ ਸ਼ੋਅ ਨਾਲ ਭਰੀ ਇੱਕ ਸ਼ਾਨਦਾਰ ਸ਼ਾਮ ਵਿੱਚ ਬਦਲ ਗਿਆ। ਇਸ ਮੌਕੇ ਡਾਇਰੈਕਟਰ ਐਸ ਐਸ ਜੀ ਆਈ ਡਾ. ਦਮਨਜੀਤ ਸਿੰਘ ਨੇ ਕਿਹਾ ਕਿ ਐਜੂ-ਇਗਨਾਈਟ ਸਿਰਫ਼ ਵਿਦਿਆਰਥੀਆਂ ਨੂੰ ਅਕਾਦਮਿਕ ਤੌਰ 'ਤੇ ਸੇਧ ਦੇਣ ਬਾਰੇ ਨਹੀਂ ਹੈ, ਸਗੋਂ ਉਨ੍ਹਾਂ ਦੀ ਅੰਦਰੂਨੀ ਚੰਗਿਆਈ, ਰਚਨਾਤਮਕਤਾ ਅਤੇ ਆਤਮਵਿਸ਼ਵਾਸ ਨੂੰ ਜਗਾਉਣ ਬਾਰੇ ਵੀ ਹੈ।ਮੁੱਖ ਪ੍ਰਸ਼ਾਸਕ ਪ੍ਰੋ. ਰਛਪਾਲ ਸਿੰਘ ਨੇ ਕਿਹਾ: ਅੱਜ ਦਾ ਸੱਭਿਆਚਾਰਕ ਪ੍ਰਦਰਸ਼ਨ ਸਾਡੇ ਵਿਦਿਆਰਥੀਆਂ ਦੇ ਉਤਸ਼ਾਹ ਅਤੇ ਸਮਰੱਥਾ ਦਾ ਪ੍ਰਮਾਣ ਰਿਹਾ ਹੈ।ਪ੍ਰੋਗਰਾਮ ਵਿੱਚ ਪੁਰਸਕਾਰ ਮਾਨਤਾ, ਮਜ਼ੇਦਾਰ ਗਤੀਵਿਧੀਆਂ ਅਤੇ ਇੰਟਰਐਕਟਿਵ ਸੈਸ਼ਨ ਵੀ ਸ਼ਾਮਲ ਸਨ। ਇਸ ਮੌਕੇ ਹੋਰ ਪ੍ਰਮੁੱਖ ਸ਼ਖਸੀਅਤਾਂ ਡਾ. ਐਸ. ਕੇ. ਭੱਟਾਚਾਰੀਆ (ਡਾਇਰੈਕਟਰ ਅਕਾਦਮਿਕ), ਵਰਮਾ (ਪ੍ਰਿੰਸੀਪਲ ਐਸ ਐਸ ਆਈ ਈ ਟੀ), ਡਾ. ਪ੍ਰਦੀਪ (ਪ੍ਰਿੰਸੀਪਲ ਐਸ ਐਸ ਪੀ), ਡਾ. ਮੁਕੇਸ਼ ਵਰਮਾ (ਡੀਨ ਅਕਾਦਮਿਕ) ਮੌਜੂਦ ਸਨ।

# ਬਸਪਾ ਚੱਬੇਵਾਲ 'ਪੰਜਾਬ ਸੰਭਾਲੋ ਰੈਲੀ' ਨਵਾਂ ਇਤਿਹਾਸ ਸਿਰਜੇਗੀ : ਠੇਕੇਦਾਰ ਭਗਵਾਨ ਸਿੱਧੂ, ਐਡਵੋਕੇਟ ਮਾਨਾ



**ਹੁਸ਼ਿਆਰਪੁਰ (ਓ ਪੀ ਰਾਣਾ)**- ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਆਗੂਆਂ ਨੇ 23 ਅਗਸਤ ਨੂੰ ਹੋਣ ਵਾਲੀ 'ਪੰਜਾਬ ਸੰਭਾਲੋ ਰੈਲੀ' ਦੀ ਸਫਲਤਾ ਲਈ ਪਿੰਡ ਹਰਖੋਵਾਲ, ਪੰਡੋਰੀ ਗੰਗਾ ਸਿੰਘ ਅਤੇ ਕਾਲੇਵਾਲ ਫੱਤੂ ਵਿਖੇ ਮੀਟਿੰਗਾਂ ਕੀਤੀਆਂ, ਜਿਸ ਵਿਚ ਠੇਕੇਦਾਰ ਭਗਵਾਨ ਦਾਸ ਸਿੱਧੂ ਜਨਰਲ ਸਕੱਤਰ ਬਸਪਾ ਪੰਜਾਬ ਮੁੱਖ ਮਹਿਮਾਨ ਅਤੇ ਐਡਵੋਕੇਟ ਪਲਵਿੰਦਰ ਮਾਨਾ ਇੰਚਾਰਜ ਹਲਕਾ ਚੱਬੇਵਾਲ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ। ਇਸ ਮੀਟਿੰਗ ਵਿੱਚ 'ਪੰਜਾਬ ਸੰਭਾਲੋ ਮੁਹਿੰਮ' ਦੇ ਤਹਿਤ ਹਲਕਾ ਚੱਬੇਵਾਲ ਵਿਚੋਂ 23 ਅਗਸਤ ਨੂੰ ਰੱਖੀ ਗਈ ਰੈਲੀ ਦੀਆਂ ਤਿਆਰੀਆਂ ਸਬੰਧੀ ਵਰਕਰਾਂ ਤੇ ਆਮ ਲੋਕਾਂ ਨੂੰ ਲਾਮਬੰਦ ਕੀਤਾ ਗਿਆ। ਇਸ ਮੌਕੇ ਠੇਕੇਦਾਰ ਭਗਵਾਨ ਦਾਸ ਸਿੱਧੂ ਅਤੇ ਐਡਵੋਕੇਟ ਮਾਨਾ ਨੇ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਆਪਣੇ ਪਿੰਡਾਂ ਵਿਚੋਂ ਇਕ ਇਕ ਵੱਡੀ ਗੱਡੀ ਦਾ ਪ੍ਰਬੰਧ ਜ਼ਰੂਰ ਕਰਨ ਅਤੇ ਵੱਧ ਤੋਂ ਵੱਧ ਸਾਥੀਆਂ ਦੀ ਰੈਲੀ ਵਿਚ ਸ਼ਮੂਲੀਅਤ ਯਕੀਨੀ ਬਣਾਉਣ। ਇਲਾਕਾ ਵਾਸੀਆਂ ਨੇ ਵਿਸ਼ਵਾਸ ਦਵਾਇਆ ਕਿ ਹਰ ਪਿੰਡ ਵਿੱਚੋਂ ਲੋਕ ਰੈਲੀ ਵਿਚ ਸ਼ਮੂਲੀਅਤ ਕਰਨਗੇ। ਠੇਕੇਦਾਰ ਭਗਵਾਨ ਦਾਸ ਸਿੱਧੂ ਅਤੇ ਐਡਵੋਕੇਟ ਮਾਨਾ ਨੇ ਕਿਹਾ ਕਿ ਹਲਕਾ ਚੱਬੇਵਾਲ ਦੇ ਪਿੰਡਾਂ ਵਿਚ ਸਰਕਾਰ ਵੱਲੋਂ ਦਲਿਤਾਂ, ਪੱਛੜਿਆਂ ਅਤੇ ਆਮ ਲੋਕਾਂ ਤੇ ਕੀਤੇ ਜਾਂ ਰਹੇ ਜਬਰ ਜ਼ੁਲਮ ਤੇ ਅਤਿਆਚਾਰਾਂ ਦੇ ਵਿਰੋਧ ਵਿੱਚ ਬਸਪਾ ਵੱਲੋਂ ਵਿਸ਼ਾਲ ਰੈਲੀ ਰੱਖੀ ਗਈ ਹੈ ਜੋ ਕਿ ਪੰਜਾਬ ਅਤੇ ਖਾਸ ਕਰਕੇ ਦੁਆਬੇ ਦੀ ਰਾਜਨੀਤੀ ਵਿਚ ਨਵਾਂ ਇਤਿਹਾਸ ਰਚੇਗੀ।

# ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ ਦੇ 32ਵੇਂ ਨਵੇਂ ਵਿਦਿਅਕ ਵਰ੍ਹੇ ਦੀ ਸ਼ੁਰੂਆਤ

**ਨਵਾਸ਼ਹਿਰ (ਮਨੋਜ ਲਾਡੀ)** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਇੱਥੇ ਅਮਰਦੀਪ ਸਿੰਘ ਸੇਰਗਿੱਲ ਮੈਮੋਰੀਅਲ ਕਾਲਜ ਦੇ 32ਵੇਂ ਨਵੇਂ ਵਿਦਿਅਕ ਵਰ੍ਹੇ ਦੀ ਸ਼ੁਰੂਆਤ ਮੌਕੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਲਗਾਤਾਰ ਯਤਨਸ਼ੀਲ ਹੈ ਜਿਸ ਦੇ ਸਿੱਟੇ ਵਜੋਂ ਅੱਜ ਪੰਜਾਬ ਦੇਸ਼ ਅੰਦਰ ਸਿੱਖਿਆ ਦੇ ਖੇਤਰ ਵਿੱਚ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ।ਕਾਲਜ ਕੈਂਪਸ ਅੰਦਰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸਿੱਖਿਆ ਦਾ ਕੋਈ ਬਦਲ ਨਹੀਂ ਹੈ ਅਤੇ ਉਚੇਰੀ ਸਿੱਖਿਆ ਹਾਸਲ ਕਰਕੇ ਵਿਦਿਆਰਥੀ ਜ਼ਿੰਦਗੀ ਵਿੱਚ ਸਫਲਤਾ ਦੀਆਂ ਸਿਖਰਾਂ ਨੂੰ ਛੋਹ ਸਕਦੇ ਹਨ।ਉਨ੍ਹਾਂ ਨੇ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦਿਆਂ ਕਿਹਾ ਕਿ ਜ਼ਿੰਦਗੀ ਵਿੱਚ ਸਫਲਤਾ ਦੇ ਅਸੀਮ ਮੌਕੇ ਹਨ ਜਿਨ੍ਹਾਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਹਾਸਲ ਕੀਤਾ ਜਾ ਸਕਦਾ ਹੈ।ਕਾਲਜ ਪ੍ਰਿੰਸੀਪਲ ਮਨਜੀਤ ਸਿੰਘ ਨੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਜੋਤ ਕੌਰ ਲੋਹਟੀਆ ਅਤੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ।ਇਸ ਮੌਕੇ ਸੁਰਜੀਤ ਕੌਰ ਰੇਸ਼ਮ ਸਿੰਘ ਐਜੂਕੇਸ਼ਨਲ ਐਂਡ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਚੇਅਰਮੈਨ ਸੁਰਜੀਤ ਸਿੰਘ ਬੀਸਲਾ, ਗੁਰਿੰਦਰ ਕੌਰ ਬੀਸਲਾ, ਸਰਪੰਚ ਪੰਕਜ ਲੋਹਟੀਆ, ਸੋਹਨ ਲਾਲ ਢੰਡਾ, ਤਹਿਸੀਲ ਭਲਾਈ ਅਫਸਰ ਸ਼ੁਭਮ ਪੰਕਜ, ਸਰਪੰਚ ਹਰਮਿੰਦਰ ਸਿੰਘ, ਪੀ.ਟੀ.ਏ. ਵਾਈਜ ਚੇਅਰਮੈਨ ਸੁਰਿੰਦਰ ਸਿੰਘ ਢੀਡਸਾ, ਮੰਚ ਸੰਚਾਲਕ ਡਾ. ਨਿਰਦੋਸ਼ ਕੌਰ ਅਤੇ ਕਾਲਜ ਦਾ ਸਮੁੱਚਾ ਸਟਾਫ ਮੌਜੂਦ ਸੀ।

# ਦੀਪਕ ਸਿੰਘ ਉਰਫ਼ ਬੱਬੂ ਨੇ ਰੋਸ਼ਨ ਕੀਤਾ ਫਿਲੌਰ ਦਾ ਨਾਂਅ




**ਫਿਲੌਰ (ਹਰਜਿੰਦਰ ਕੌਰ ਚਾਹਲ)**-ਪਿੰਡ ਰਾਮਗੜ੍ਹ (ਫਿਲੌਰ) ਦੇ ਨੌਜਵਾਨ ਕ੍ਰਿਕਟਰ ਦੀਪਕ ਸਿੰਘ ਉਰਫ਼ ਬੱਬੂ ਨੇ ਆਪਣੀ ਕਾਬਲੀਅਤ ਅਤੇ ਮਿਹਨਤ ਨਾਲ ਨਾ ਸਿਰਫ਼ ਆਪਣੇ ਪਿੰਡ ਦਾ, ਸਗੋਂ ਪੂਰੇ ਸ਼ਹਿਰ ਫਿਲੌਰ ਦਾ ਨਾਂਅ ਚਮਕਾਇਆ ਹੈ। ਭਾਰਤ ਵਿੱਚ ਹੋਣ ਵਾਲੀ ਪਹਿਲੀ ਸੀ ਐਲ ਟੀ 10 ਲੀਗ ਵਿੱਚ ਇਸ ਹੋਣਹਾਰ ਖਿਡਾਰੀ ਨੂੰ ਉਸ ਦੇ ਬੇਸ ਪੁਆਇੰਟ 50 ਲੱਖ ਰੁਪਏ ਤੇ ਖਰੀਦਿਆ ਗਿਆ।ਦੀਪਕ ਨੂੰ ਪ੍ਰਸਿੱਧ ਕ੍ਰਿਕਟਰ ਪਾਰਥਿਵ ਪਟੇਲ ਵੱਲੋਂ ਆਪਣੀ ਟੀਮ ਵਿਕਟਰੀ ਵੈਨਗਾਰਡ ਲਈ 50 ਲੱਖ ਰੁਪਏ ਦੀ ਕੀਮਤ 'ਤੇ ਖਰੀਦਣਾ ਫਿਲੌਰ ਖੇਤਰ ਲਈ ਇੱਕ ਵੱਡੀ ਉਪਲਬਧੀ ਮੰਨੀ ਜਾ ਰਹੀ ਹੈ।

# ਕਿਸ਼ੋਰ ਅਵਸਥਾ ਪ੍ਰੋਗਰਾਮ ਸੰਬੰਧੀ ਨੋਡਲ ਅਧਿਆਪਕਾਂ ਦੀ ਦੋ ਰੋਜ਼ਾ ਐਡਵੋਕੇਸੀ ਵਰਕਸ਼ਾਪ

**ਨਵਾਂਸ਼ਹਿਰ (ਮਨੋਜ ਲਾਡੀ)**- ਡਾਇਰੈਕਟਰ ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਦੇ ਹੁਕਮਾਂ ਅਨੁਸਾਰ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐਲੀ.ਸਿ) ਅਨੀਤਾ ਸ਼ਰਮਾ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਲਖਬੀਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨੌਰਾ ਵਿਖੇ ਕਿਸ਼ੋਰ ਅਵਸਥਾ ਪ੍ਰੋਗਰਾਮ ਤਹਿਤ ਨੋਡਲ ਅਧਿਆਪਕਾਂ ਦੀ ਦੋ ਰੋਜ਼ਾ ਵਰਕਸ਼ਾਪ ਲਗਾਈ ਜਾ ਰਹੀ ਹੈ।ਵਰਕਸ਼ਾਪ ਦੇ ਪਹਿਲੇ ਦਿਨ ਸਿਹਤ ਵਿਭਾਗ ਤੋਂ ਡਾਕਟਰ ਕਿਸ਼ਨ ਰਾਏ ਅਤੇ ਮੈਡਮ ਮਨਦੀਪ ਕੌਰ ਆਈ ਸੀ ਟੀ ਸੀ ਕੌਂਸਲਰ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ।ਇਸ ਵਰਕਸ਼ਾਪ ਦੇ ਪਹਿਲੇ ਦਿਨ ਨਵੀਨ ਪਾਲ ਗੁਲਾਟੀ ਵੱਲੋਂ ਵਿਦਿਆਰਥੀਆਂ ਨੂੰ ਪਰੋੜ ਅਵਸਥਾ ਦੌਰਾਨ ਆਉਣ ਵਾਲੀਆਂ ਦਰਪੇਸ਼ ਮੁਸ਼ਕਲਾਂ ਤੋਂ ਸਾਰੇ ਨੋਡਲ ਅਧਿਆਪਕਾਂ ਨੂੰ ਜਾਣੂੰ ਕਰਵਾਇਆ ਗਿਆ।ਮੈਡਮ ਨਵਨੀਤ ਕੌਰ ਲੈਕਚਰ ਬਾਇਓ ਵੱਲੋਂ ਵਿਗਿਆਨਿਕ ਤੌਰ 'ਤੇ ਵਿਦਿਆਰਥੀਆਂ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਨੂੰ ਉਜਾਗਰ ਕੀਤਾ ਗਿਆ। ਮੈਡਮ ਮਨਦੀਪ ਕੌਰ ਆਈ.ਸੀ.ਟੀ.ਸੀ ਕੌਂਸਲਰ ਵੱਲੋਂ ਐਚ ਆਈ ਵੀ ਅਤੇ ਏਡਜ਼ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਉਪ ਜਿਲ੍ਹਾ ਸਿੱਖਿਆ ਅਫਸਰ ਲਖਬੀਰ ਸਿੰਘ ਨੇ ਦੱਸਿਆ ਕਿ ਪਹਿਲੇ ਦਿਨ ਦੀ ਵਰਕਸ਼ਾਪ ਵਿੱਚ ਵਿਚਾਰੇ ਗਏ ਸਾਰੇ ਮੁੱਦਿਆਂ ਨੂੰ ਸਕੂਲਾਂ ਵਿੱਚ ਲਾਗੂ ਕੀਤਾ ਜਾਵੇ ਵੱਖ ਵੱਖ ਕਰਵਾਈਆਂ ਜਾਣ ਵਾਲੀਆਂ ਗਤੀਆਂ ਵਿਧੀਆਂ ਨੂੰ ਕਰਵਾਉਣ ਉਪਰੰਤ ਰਜਿਸਟਰ ਵਿੱਚ ਦਰਜ ਕੀਤਾ ਜਾਵੇ, ਜਿਸ ਦੀ ਸਮੇਂ ਸਮੇਂ ਤੇ ਚੈਕਿੰਗ ਵੀ ਕੀਤੀ ਜਾਵੇਗੀ। ਸਟੇਜ ਸੰਚਾਲਨ ਅਤੇ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਹਿੱਤ ਉਹਨਾਂ ਸਤਨਾਮ ਸਿੰਘ ਜਿਲਾ ਸਾਇੰਸ ਸੁਪਰਵਾਈਜ਼ਰ ਨੂੰ ਵਧਾਈ ਦਿੱਤੀ।

# ਟਕਸਾਲੀ ਅਕਾਲੀ ਆਗੂ ਬਾਬਾ ਮਹਿੰਦਰ ਸਿੰਘ ਦਾ ਦੇਹਾਂਤ

**ਮਹਿਤਪੁਰ (ਰਾਜਾ)**-ਬੀਤੇ ਦਿਨੀਂ ਟਕਸਾਲੀ ਅਕਾਲੀ ਆਗੂ ਬਾਬਾ ਮਹਿੰਦਰ ਸਿੰਘ ਦਾ ਅਚਾਨਕ ਦੇਹਾਂਤ ਹੋ ਗਿਆ। ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਬਾਬਾ ਮਹਿੰਦਰ ਸਿੰਘ ਰਾਤ ਨੂੰ ਹਰ ਰੋਜ਼ ਦੀ ਤਰ੍ਹਾਂ ਆਪਣੇ ਕਮਰੇ ਵਿੱਚ ਸੌਣ ਲਈ ਗਏ ਪਰ ਸੁੱਤੇ ਪਏ ਨਹੀਂ ਉੱਠੇ । ਜਿਸ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਮਹਿੰਦਰ ਸਿੰਘ ਜੋ ਕਿ 59 ਸਾਲ ਦੇ ਸਨ ਉਹ ਆਪਣੇ ਪਿੱਛੇ ਇੱਕ ਬੇਟਾ ਤੇ ਧਰਮ ਪਤਨੀ ਛੱਡ ਗਏ ਹਨ। ਉਹਨਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ । ਇਸ ਮੌਕੇ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਨੇ ਪਹੁੰਚ ਕੇ ਦੁੱਖ ਪ੍ਰਗਟ ਕੀਤਾ। ਉਹਨਾਂ ਦੀ ਅੰਤਿਮ ਅਰਦਾਸ 28 ਅਗਸਤ ਨੂੰ ਗੁਰਦੁਆਰਾ ਸਾਹਿਬ ਪੱਤੀ ਝੁੱਗੀਆਂ, ਮਹਿਤਪੁਰ ਵਿਖੇ ਹੋਵੇਗੀ। ਸਸਕਾਰ ਮੌਕੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪ੍ਰਧਾਨ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਐਸ ਜੀ ਪੀ ਸੀ ਦੇ ਜੂਨੀਅਰ ਮੀਤ ਪ੍ਰਧਾਨ ਜਥੇਦਾਰ ਬਲਦੇਵ ਸਿੰਘ ਕਲਿਆਣ, ਤੇਜਿੰਦਰ ਸਿੰਘ ਰਾਮਪੁਰ, ਬੀ ਜੇ ਪੀ ਮੰਡਲ ਪ੍ਰਧਾਨ ਟੋਨੀ ਅਨੇਜਾ, ਪ੍ਰਧਾਨ ਅਸ਼ਵਨੀ ਧਾਰੀਵਾਲ, ਰਮੇਸ਼ ਵਰਮਾ ਸਾਬਕਾ ਪ੍ਰਧਾਨ, ਤੇਜਿੰਦਰ ਸਿੰਘ ਰਾਜੂ, ਸੁਰਿੰਦਰ ਸਿੰਘ ਚਾਹਲ, ਮੰਗਤ ਰਾਮ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਸੋਨੀ ਆਦਿ ਹਾਜ਼ਰ ਸਨ।



# ਪਲਾਸਟਿਕ ਕੈਰੀ ਬੈਗ ਦੀ ਵਰਤੋਂ ਵਿਰੁੱਧ ਕੀਤੀ ਕਾਰਵਾਈ

**ਫਗਵਾੜਾ, (ਜਸਵਿੰਦਰ ਢੱਡਾ)**-ਅਕਸ਼ਿਤਾ ਗੁਪਤਾ ਆਈ ਏ ਐਸ, ਕਮਿਸ਼ਨਰ ਨਗਰ ਨਿਗਮ ਫਗਵਾੜਾ ਦੇ ਨਿਰਦੇਸ਼ਾਂ ਹੇਠ, ਨਗਰ ਨਿਗਮ ਫਗਵਾੜਾ ਨੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਦੇ ਸਹਿਯੋਗ ਨਾਲ ਵਾਤਾਵਰਣ ਸੁਰੱਖਿਆ ਅਤੇ ਟਿਕਾਊ ਜੀਵਨ ਵੱਲ ਫੈਸਲਾਕੁੰਨ ਕਦਮ ਚੁੱਕੇ ਹਨ।ਇਸ ਚੱਲ ਰਹੀ ਮੁਹਿੰਮ ਦੇ ਹਿੱਸੇ ਵਜੋਂ, ਪਲਾਸਟਿਕ ਕੈਰੀ ਬੈਗਾਂ ਦੀ ਵਰਤੋਂ 'ਤੇ ਪਾਬੰਦੀ ਦੀ ਉਲੰਘਣਾ ਕਰਨ ਲਈ ਬਹੁਤ ਸਾਰੇ ਦੁਕਾਨਦਾਰਾਂ ਦੇ ਚਲਾਨ ਕੱਟੇ ਗਏ।ਇਹ ਪਹਿਲਕਦਮੀ ਵਾਤਾਵਰਣ ਨਿਯਮਾਂ ਨੂੰ ਲਾਗੂ ਕਰਨ ਅਤੇ ਵਾਤਾਵਰਣ-ਅਨੁਕੂਲ ਵਿਕਲਪਾਂ ਨੂੰ ਉਤਸ਼ਾਹਿਤ ਕਰਨ ਲਈ ਨਗਰ ਨਿਗਮ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।ਕਾਰਵਾਈ 'ਤੇ ਬੋਲਦੇ ਹੋਏ, ਡਾ. ਅਕਸ਼ਿਤਾ ਗੁਪਤਾ ਨੇ ਸਮੂਹਿਕ ਜ਼ਿੰਮੇਵਾਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਪਲਾਸਟਿਕ ਪ੍ਰਦੂਸ਼ਣ ਸਾਡੇ ਵਾਤਾਵਰਣ ਅਤੇ ਜਨਤਕ ਸਿਹਤ ਲਈ ਇੱਕ ਗੰਭੀਰ ਖ਼ਤਰਾ ਹੈ। ਨਗਰ ਨਿਗਮ ਪਾਬੰਦੀ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ।



# ਸੁਤੰਤਰਤਾ ਦਿਵਸ ਮੌਕੇ ਮਹਾਨ ਸ਼ਹੀਦਾਂ ਨੂੰ ਕੀਤਾ ਯਾਦ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** - ਆਜ਼ਾਦੀ ਦਿਹਾੜੇ ਮੌਕੇ ਸ਼ਹੀਦ ਭਗਤ ਸਿੰਘ ਵੈਲਫੇਅਰ ਸੁਸਾਇਟੀ ਭੋਗਪੁਰ ਵਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਨੌਜਵਾਨਾਂ ਵੱਲੋਂ ਸ਼ਹੀਦਾਂ ਦੇ ਬਲਿਦਾਨਾਂ ਨੂੰ ਯਾਦ ਕਰਦਿਆਂ ਲਾਲ ਸਲਾਮ ਪੇਸ਼ ਕੀਤਾ ਗਿਆ। ਅਮਰਜੀਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕਰਦੇ ਹੋਏ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸ਼ਹੀਦਾਂ ਦੇ ਵਿਚਾਰਾਂ ਤੇ ਚੱਲਣ ਦੀ ਲੋੜ ਹੈ, ਤਾਂ ਜੋ ਸਮਾਜ ਵਿੱਚ ਅਸਲੀ ਇਨਕਲਾਬ ਆ ਸਕੇ।ਇਸ ਮੌਕੇ ਅਰਵਿੰਦਰ ਸਿੰਘ ਝੰਮਟ, ਅਮਰਜੀਤ ਸਿੰਘ, ਸੁਖਬੀਰ ਸਿੰਘ, ਜਤਿੰਦਰ ਸਿੰਘ, ਉਪਕਾਰ ਸਿੰਘ, ਦਲਬੀਰ ਸਿੰਘ, ਪਾਲੀ, ਬੀਰਾ, ਸੀਰਾ, ਰਾਣਾ, ਸੁਖਜੀਤ ਸਿੰਘ ਹੋਰ ਆਦਿ ਸ਼ਾਮਲ ਸਨ।

# ਐੱਸ ਡੀ ਕਾਲਜ ਫਾਰ ਵੂਮੈਨ 'ਚ ਐਂਟੀ ਰੈਗਿੰਗ ਸਪਤਾਹ ਮਨਾਇਆ

**ਸੁਲਤਾਨਪੁਰ ਲੋਧੀ, (ਹਨੀ)**

ਐੱਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਐਂਟੀ ਰੈਗਿੰਗ ਸਪਤਾਹ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਹੇਠ ਮਨਾਇਆ ਗਿਆ।ਜਿਸ ਵਿੱਚ ਸੀਨੀਅਰ ਅਤੇ ਯੂਨੀਅਨ ਵਿਦਿਆਰਥੀਆਂ ਨੂੰ ਲੈਕਚਰ ਦੁਆਰਾ ਮੈਡਮ ਰਜਨੀ ਬਾਲਾ ਨੇ ਦੱਸਿਆ ਕਿ ਰੈਗਿੰਗ ਦੀ ਕਾਲਜ ਕੈਂਪਸ ਵਿੱਚ ਸਖਤ ਮਨਾਹੀ ਹੈ।ਉਨ੍ਹਾਂ ਦੱਸਿਆ ਕਿ ਰੈਗਿੰਗ ਕਾਨੂੰਨ ਦੀ ਉਲੰਘਣਾ ਹੈ ਅਤੇ ਇਸ ਸੰਬੰਧ ਵਿਚ ਅਲੱਗ ਅਲੱਗ ਪ੍ਰਕਾਰ ਦੀਆਂ ਕਾਨੂੰਨੀ ਧਾਰਾਵਾਂ ਤੇ ਸਜਾਵਾਂ ਹਨ।ਇਸ ਮੌਕੇ ਪ੍ਰਿੰਸੀਪਲ ਡਾ ਸ਼ੁਕਲਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਪ੍ਰੇਮ ਭਾਵਨਾ ਨਾਲ ਰਹਿਣਾ ਚਾਹੀਦਾ ਹੈ। ਵਿਦਿਆਰਥੀਆਂ ਇਸੇ ਸੰਬੰਧੀ ਰੈਲੀ ਵੀ ਕੱਢੀ ਤਾਂ ਕਿ ਹਰ ਇੱਕ ਵਿਦਿਆਰਥੀ ਇਸ ਗੱਲ ਤੋਂ ਜਾਗਰੂਕ ਹੋ ਸਕੇ ਕਿ ਰੈਗਿੰਗ ਨਹੀਂ ਕਰਨੀ ਹੈ।ਇਸ ਦੌਰਾਨ ਪੋਸਟਰ ਤੇ ਸਲੋਗਨ ਰਾਈਟਿੰਗ ਪ੍ਰਤੀਯੋਗਿਤਾ ਵੀ ਕਰਵਾਈ ਗਈ।ਪੋਸਟਰ ਪ੍ਰਤੀਯੋਗਤਾ ਵਿੱਚ ਬੀ ਸੀ ਏ ਤੀਜਾ ਸਮੈਸਟਰ ਦੀ ਜਸ਼ਨਦੀਪ ਕੌਰ ਪਹਿਲੇ, ਬੀ ਏ ਪੰਜਵਾਂ ਸਮੈਸਟਰ ਦੀ ਰਮਨਪ੍ਰੀਤ ਕੌਰ ਦੂਜੇ, ਬੀ ਏ ਪੰਜਵਾਂ ਸਮੈਸਟਰ ਦੀ ਜੈਸਮੀਨ ਕੌਰ ਅਤੇ ਸੰਦੀਪ ਕੌਰ ਸਾਂਝੇ ਤੌਰ 'ਤੇ ਤੀਜੇ ਸਥਾਨ 'ਤੇ ਰਹੀਆਂ। ਸਲੋਗਨ ਪ੍ਰਤੀਯੋਗਤਾ ਵਿੱਚ ਪਹਿਲਾ ਥਾਂ ਬੀ.ਸੀ.ਏ ਪੰਜਵਾਂ ਸਮੈਸਟਰ ਦੀ ਸੁਪਨਪ੍ਰੀਤ ਕੌਰ ਪਹਿਲੇ, ਨਵਜੋਤ ਕੌਰ ਬੀ.ਏ ਪੰਜਵਾਂ ਸਮੈਸਟਰ ਦੀ ਨਵਜੋਤ ਕੌਰ ਅਤੇ ਕਾਮਰਸ ਪੰਜਵਾਂ ਸਮੈਸਟਰ ਦੀ ਰੁਚੀ ਸਾਂਝੇ ਤੌਰ 'ਤੇ ਸੈਕਿੰਡ ਰਹੀਆਂ ਤੇ ਤੀਸਰਾ ਸਥਾਨ ਲਵਪ੍ਰੀਤ ਕੌਰ ਬੀ.ਏ ਤੀਸਰਾ ਸਮੈਸਟਰ ਦੀ ਲਵਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ।ਜੇਤੂ ਵਿਦਿਆਰਥਣਾਂ ਨੂੰ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਵੱਲੋਂ ਸਨਮਾਨਤ ਕੀਤਾ ਗਿਆ। ਇਹ ਸਾਰਾ ਸਪਤਾਹ ਮੈਡਮ ਰਜਨੀ ਬਾਲਾ ਦੀ ਦੇਖ ਰੇਖ ਵਿੱਚ ਮਨਾਇਆ ਗਿਆ।




# ਲਖਵਿੰਦਰ ਸਿੰਘ ਨੂੰ ਸਦਮਾ, ਸਹੁਰੇ ਦਾ ਦੇਹਾਂਤ

**ਕਾਲਾ ਸੰਘਿਆਂ (ਮਨਜੀਤ ਮਾਨ)** 'ਨਵਾਂ ਜ਼ਮਾਨਾ' ਅਖ਼ਬਾਰ ਦੇ ਬਸਤੀ ਸ਼ੇਖ ਜਲੰਧਰ ਤੋਂ ਪੱਤਰਕਾਰ ਤੇ ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਆਧੀ ਦੇ ਸਤਿਕਾਰਯੋਗ ਸਹੁਰਾ ਸਾਹਿਬ ਅਤੇ ਸ਼ਾਹਕੋਟ ਦੇ ਸਾਬਕਾ ਐਮ ਸੀ ਪਨਸਪ ਦੇ ਠੇਕੇਦਾਰ ਸੁਖਮਿੰਦਰ ਸਿੰਘ (ਮੰਗਾਂ) ਘਈ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਪਿਤਾ ਠੇਕੇਦਾਰ ਮਹਿੰਦਰਪਾਲ ਘਈ 70 ਸਾਲ ਵਾਸੀ ਮਹੁੱਲਾ ਢੇਰੀਆਂ ਸ਼ਾਹਕੋਟ (ਜਲੰਧਰ) ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ।ਉਹ ਅਰਮਾਨ ਹਸਪਤਾਲ ਜਲੰਧਰ ਅਤੇ ਐਨ ਐਸ ਐਚ ਸ਼ਾਹਕੋਟ ਵਿਚ ਇਲਾਜ ਲਈ ਦਾਖਲ ਰਿਹੇ ਸਨ।ਇਸ ਦੁਖ ਦੀ ਘੜੀ ਵਿੱਚ ਜਰਨਲਿਸਟ ਪ੍ਰੈਸ ਕਲੱਬ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਪ੍ਰੀਤ ਸੰਗੋਜਲਾ, ਰਾਮ ਸਿੰਘ ਭੱਟੀ ਮੁੱਖ ਬੁਲਾਰੇ ਪੰਜਾਬ, ਰਣਯੋਧ ਸਿੰਘ ਯੋਧੂ ਪ੍ਰਧਾਨ ਐਨ ਆਰ ਆਈ ਵਿੰਗ ਪੰਜਾਬ, ਪੱਤਰਕਾਰ ਅਵਿਨਾਸ਼ ਸ਼ਰਮਾ, ਸਰਬਣ ਸਿੰਘ ਸੰਘਾ, ਸਰਪੰਚ ਮਨਜੀਤ ਰਾਣੀ ਪਤਨੀ ਬਲਦੇਵ ਕੁਮਾਰ ਆਧੀ, ਹਰਨੇਕ ਸਿੰਘ ਨਾਹਲ, ਕੁਲਵੰਤ ਸਿੰਘ ਨਾਹਰ, ਬਲਵਿੰਦਰ ਸਿੰਘ ਉਗੀ ਸਾਬੀ ਰਸੂਲਪੁਰ, ਬਲਵੀਰ ਸਿੰਘ ਮੱਲ੍ਹੀ, ਲੱਖੀ ਟੇਲਰ, ਜਗਤਾਰ ਤਾਰੀ, ਗੁਰਦੇਵ ਸਿੰਘ ਬਿੱਟੂ, ਜਸਵੀਰ ਸ਼ੀਰਾ ਆਦਿ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।ਪ੍ਰੈਸ ਕਲੱਬ ਦੇ ਸਾਥੀ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਏ।ਉਹ ਆਪਣੇ ਪਿਛੇ ਪਤਨੀ ਸੁਰਿੰਦਰ ਕੌਰ ਤਿੰਨ ਧੀਆਂ ਤੇ ਦੋ ਪੁੱਤਰ ਸਮੇਤ ਹੱਸਦਾ ਵੱਸਦਾ ਪਰਵਾਰ ਛੱਡ ਗਏ ਉਨ੍ਹਾਂ ਦੀ ਅੰਤਿਮ ਅਰਦਾਸ 23 ਅਗਸਤ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਸਿੰਘ ਸਭਾ ਮੇਨ ਬਾਜ਼ਾਰ ਸ਼ਾਹਕੋਟ ਵਿਖੇ ਹੋਵੇਗੀ।



# ਲੰਗਰ ਸੇਵਾ ਪੰਜਾਬੀ ਸੱਭਿਆਚਾਰ ਤੇ ਪਰੰਪਰਾ ਦਾ ਅਨਮੋਲ ਪ੍ਰਤੀਕ : ਜਿੰਪਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਆਜ਼ਾਦੀ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਗਮਾਂ ਮੌਕੇ ਹੁਸ਼ਿਆਰਪੁਰ ਵਿਚ ਮਨੁੱਖਤਾ ਅਤੇ ਸੇਵਾ ਦੀ ਇਕ ਅਨੋਖੀ ਉਦਾਹਰਣ ਦੇਖਣ ਨੂੰ ਮਿਲੀ। ਮਾਨਵਤਾ ਮੰਦਰ ਦੇ ਮੈਂਬਰ ਜੁਗਲ ਬਡਿਆਲ ਅਤੇ ਮਨਮੋਹਨ ਕਸ਼ਯਪ ਨੇ ਪੁਲਸ ਲਾਈਨ ਨੇੜੇ ਲੰਗਰ ਸੇਵਾ ਦਾ ਆਯੋਜਨ ਕੀਤਾ। ਇਸ ਮੌਕੇ ਹੁਸ਼ਿਆਰਪੁਰ ਦੇ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਪਟੀਸ਼ਨ ਕਮੇਟੀ ਦੇ ਚੇਅਰਮੈਨ ਬ੍ਰਮ ਸ਼ੰਕਰ ਜਿੰਪਾ ਨੇ ਵੀ ਇਸ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਲੰਗਰ ਸੇਵਾ ਵਿਚ ਨਿੱਜੀ ਤੌਰ 'ਤੇ ਹਿੱਸਾ ਲਿਆ। ਵਿਧਾਇਕ ਜਿੰਪਾ ਨੇ ਕਿਹਾ ਕਿ ਆਜ਼ਾਦੀ ਦਿਵਸ ਨਾ ਸਿਰਫ਼ ਇਕ ਰਾਸ਼ਟਰੀ ਤਿਉਹਾਰ ਹੈ, ਸਗੋਂ ਸਮਾਜ ਸੇਵਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦੇਣ ਦਾ ਮੌਕਾ ਵੀ ਹੈ। ਉਨ੍ਹਾਂ ਲੰਗਰ ਸੇਵਾ ਨੂੰ ਪੰਜਾਬੀ ਸੱਭਿਆਚਾਰ ਅਤੇ ਪਰੰਪਰਾ ਦਾ ਇਕ ਅਨਮੋਲ ਪ੍ਰਤੀਕ ਦੱਸਿਆ, ਜੋ ਬਿਨਾਂ ਕਿਸੇ ਭੇਦ-ਭਾਵ ਦੇ ਸਾਰਿਆਂ ਨੂੰ ਸਮਾਨਤਾ ਅਤੇ ਪਿਆਰ ਦਾ ਸੰਦੇਸ਼ ਦਿੰਦਾ ਹੈ।ਉਨ੍ਹਾਂ ਕਿਹਾ ਕਿ ਅਜਿਹੇ ਯਤਨ ਸਮਾਜ ਵਿੱਚ ਆਪਸੀ ਸਹਿਯੋਗ ਅਤੇ ਏਕਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ। ਇਸ ਮੌਕੇ ਉਨ੍ਹਾਂ ਹਾਜ਼ਰ ਲੋਕਾਂ ਨੂੰ ਆਜ਼ਾਦੀ ਦਿਵਸ ਦੀਆਂ ਸ਼ੁੱਭਕਾਮਨਾਵਾਂ ਵੀ ਦਿੱਤੀਆਂ ਅਤੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਖੁਸ਼ਹਾਲ, ਰੰਗੀਨ ਅਤੇ ਵਿਕਸਿਤ ਬਣਾਉਣ ਲਈ ਵਚਨਬੱਧ ਹੈ। ਵਿਧਾਇਕ ਜਿੰਪਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜੀਵਨ ਵਿਚ ਸੇਵਾ ਨੂੰ ਸਭ ਤੋਂ ਵੱਧ ਤਰਜੀਹ ਦੇਣ ਅਤੇ ਸਮਾਜ ਨੂੰ ਸੁਧਾਰਨ ਵਿਚ ਯੋਗਦਾਨ ਪਾਉਣ। ਇਸ ਮੌਕੇ ਅਨੀਤ ਬਡਿਆਲ, ਸਾਹਿਲ ਬਡਿਆਲ, ਸ਼ੈਫਾਲੀ ਬਡਿਆਲ, ਸੁਨੀਤਾ ਕਸ਼ਯਪ, ਅਵਿਨਾਸ਼ ਕਸ਼ਯਪ, ਜਯੰਤ ਕਸ਼ਯਪ, ਵਰਿੰਦਰ ਵੈਦਿਆ ਆਦਿ ਹਾਜ਼ਰ ਸਨ।

# ਸਿਵਲ ਸਰਜਨ ਕਪੂਰਥਲਾ ਵੱਲੋਂ ਢਿੱਲਵਾਂ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

**ਕਾਲਾ ਸੰਘਿਆਂ (ਮਨਜੀਤ ਮਾਨ)**- ਹੜ੍ਹਾਂ ਦੀ ਸਥਿਤੀ ਨੂੰ ਮਦਦੇਨਜ਼ਰ ਰੱਖਦਿਆਂ ਸਿਵਲ ਸਰਜਨ ਕਪੂਰਥਲਾ ਡਾਕਟਰ ਹਰਪਾਲ ਸਿੰਘ ਅਤੇ ਜ਼ਿਲ੍ਹਾ ਐਪੀਡਮੋਲੋਜਿਸਟ ਡਾ. ਭਰਮਿੰਦਰ ਬੈਂਸ ਵੱਲੋਂ ਬਲਾਕ ਢਿੱਲਵਾਂ ਅਧੀਨ ਆਉਂਦੇ ਹੜ੍ਹ ਪ੍ਰਭਾਵਿਤ ਪਿੰਡਾਂ, ਬੁਤਾਲਾ ਮੰਡ ਅਤੇ ਮੰਡ ਸਰਦਾਰ ਸਾਹਿਬ ਵਾਲਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਮੈਡੀਕਲ ਅਫਸਰ ਮੁੱਢਲਾ ਸਿਹਤ ਕੇਂਦਰ ਢਿੱਲਵਾਂ ਡਾ. ਪ੍ਰੇਮ ਕੁਮਾਰ ਵੀ ਹਾਜ਼ਰ ਸਨ।ਇਸ ਦੌਰਾਨ ਉਹਨਾਂ ਵੱਲੋਂ ਵਿਸ਼ੇਸ਼ ਤੌਰ 'ਤੇ ਮੰਡ ਬੁਤਾਲਾ ਅਤੇ ਮੰਡ ਸਰਦਾਰ ਸਿੰਘ ਵਾਲਾ ਵਿਖੇ ਗੁਰਦੁਆਰੇ ਵਿੱਚ ਲਗੇ ਮੈਡੀਕਲ ਕੈਂਪ ਦਾ ਮੁਆਇਨਾ ਵੀ ਕੀਤਾ ਗਿਆ। ਇਸ ਮੌਕੇ ਸਿਵਲ ਸਰਜਨ ਡਾ. ਹਰਪਾਲ ਸਿੰਘ ਵੱਲੋਂ ਮੈਡੀਕਲ ਟੀਮ ਨਾਲ ਗੱਲਬਾਤ ਕੀਤੀ ਗਈ ਤੇ ਦਵਾਈਆਂ ਦਾ ਸਟਾਕ ਚੈਕ ਕੀਤਾ ਗਿਆ। ਉਨ੍ਹਾਂ ਇਸ ਮੌਕੇ ਨਿਰਦੇਸ਼ ਦਿੱਤੇ ਕਿ ਲੋਕਾਂ 'ਤੇ ਮਰੀਜ਼ਾਂ ਨੂੰ ਦਵਾਈਆਂ ਤੇ ਇਲਾਜ ਦੇ ਸੰਬਧ ਵਿੱਚ ਕਿਸੇ ਤਰ੍ਹਾਂ ਦੀ ਵੀ ਕੋਈ ਕਮੀਂ ਨਹੀਂ ਆਉਣੀ ਚਾਹੀਦੀ। ਇਸ ਮੌਕੇ ਡਾ. ਰਮਨਦੀਪ ਸਿੰਘ, ਡਾ. ਨਵਦੀਪ ਕੌਰ, ਸ਼ੁਭ ਸ਼ਰਮਾ ਫਾਰਮਾਸਿਸਟ, ਬੀ.ਈ.ਈ ਮੋਨਿਕਾ, ਮ.ਪ.ਹ.ਸ ਜਸਵਿੰਦਰ ਸਿੰਘ, ਸਰਬਜੀਤ ਸਿੰਘ, ਮ.ਪ.ਹ.ਵ ਸੁਖਦੇਵ ਸਿੰਘ, ਬਲਜਿੰਦਰ ਸਿੰਘ, ਸਤਨਾਮ ਸਿੰਘ ਅਤੇ ਨਰਿੰਦਰ ਸਿੰਘ ਆਦਿ ਹਾਜ਼ਰ ਸਨ।



# ਜਦੋਂ ਸਾਬਕਾ ਫੌਜੀਆਂ ਦਾ ਦਰਦ ਛਲਕਿਆ



**ਸਾਬਕਾ ਫੌਜੀ ਅਫਸਰਾਂ ਨੂੰ ਸੰਬੋਧਨ ਕਰਦੇ ਹੋਏ ਕਰਨਲ ਸੁਰਜੀਤ ਸਿੰਘ ਟੁਰਨਾ।**

**ਸ਼ਾਹਕੋਟ (ਗਿਆਨ ਸੈਦਪੁਰੀ)**

ਜਿਸ ਵੇਲੇ ਸ਼ਾਹਕੋਟ ਦੇ ਸਰਕਾਰੀ ਕਾਲਜ ਵਿੱਚ ਸਬ ਡਿਵੀਜ਼ਨ ਪੱਧਰ ਦਾ ਸੁਤੰਤਰਤਾ ਸਮਾਗਮ ਕਰਵਾਇਆ ਜਾ ਰਿਹਾ ਸੀ, ਐਨ ਉਸ ਮੌਕੇ ਭਾਰਤ ਵਿੱਚ ਆਪਣੇ ਕਿਸਮ ਦੀ ਸ਼ਾਇਦ ਇੱਕੋ ਇੱਕ ਫੌਜੀ ਕੰਟੀਨ ਵਿੱਚ ਐਕਸ ਸਰਵਿਸਮੈਨ ਵੈਲਫੇਅਰ ਸੁਸਾਇਟੀ ਵੱਲੋਂ ਜਿੱਥੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ, ਉੱਥੇ ਉਨ੍ਹਾਂ ਦੇ ਅੰਦਰਲਾ ਦਰਦ ਵੀ ਛਲਕ ਉੱਠਿਆ।ਕਰਨਲ ਸੁਰਜੀਤ ਸਿੰਘ ਟੁਰਨਾ ਦੀ ਅਗਵਾਈ ਅਤੇ ਗੁਰਨਾਮ ਸਿੰਘ ਸੈਦਪੁਰ ਦੀ ਪ੍ਰਧਾਨਗੀ ਵਿੱਚ ਹੋਈ ਵਿਸ਼ੇਸ਼ ਇਕੱਤਰਤਾ ਵਿੱਚ ਰੋਸ ਦਾ ਪ੍ਰਗਟਾਵਾ ਕੀਤਾ ਕਿ ਸਰਕਾਰੀ ਤੌਰ 'ਤੇ ਮਨਾਏ ਗਏ ਸੁਤੰਤਰਤਾ ਦਿਵਸ ਮੌਕੇ ਸਬ ਡਿਵੀਜ਼ਨ ਦੇ ਸਾਬਕਾ ਫੌਜੀਆਂ ਨੂੰ ਅਣਗੌਲਿਆ ਕਰਕੇ ਉਹਨਾਂ ਦੀ ਤੌਹੀਨ ਕੀਤੀ ਗਈ ਹੈ।ਕਰਨਲ ਸੁਰਜੀਤ ਸਿੰਘ ਟੁਰਨਾ ਨੇ ਕਿਹਾ ਕਿ ਕੌਣ ਨਹੀਂ ਜਾਣਦਾ ਕਿ ਭਾਰਤ ਦੇ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਮਿਲੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਸਰਹੱਦਾਂ 'ਤੇ ਹੋਈਆਂ ਜੰਗਾਂ ਦੌਰਾਨ ਦੇਸ਼ ਦੇ ਸੈਨਿਕਾਂ ਨੇ ਅਥਾਹ ਖ਼ੂਨ ਡੋਲ੍ਹਿਆ।ਇਸ ਤੋਂ ਇਲਾਵਾ ਦੇਸ਼ ਦੀਆਂ ਅੰਦਰੂਨੀ ਆਫਤਾਂ ਵੇਲੇ ਵੀ ਸੈਨਿਕ ਤੇ ਅਰਧ ਸੈਨਿਕ ਹੀ ਸਹਾਈ ਹੁੰਦੇ ਹਨ।ਕਰਨਲ ਟੁਰਨਾ ਨੇ ਬੌਧਿਕ ਪੱਧਰ ਦੇ ਨਿਵਾਣਾਂ ਵੱਲ ਜਾਣ ਦੇ ਦੌਰ ਦੀ ਗੱਲ ਕਰਦਿਆਂ ਦੇਸ਼ ਦੇ ਸਿਆਸਤਦਾਨਾਂ ਦੇ ਸਿਆਸੀ ਕਿਰਦਾਰ 'ਤੇ ਵੀ ਉਂਗਲ ਧਰੀ।ਉਹਨਾਂ ਕਿਹਾ ਕਿ ਸਾਬਕਾ ਫੌਜੀਆਂ ਪ੍ਰਤੀ ਸਰਕਾਰ ਅਤੇ ਪ੍ਰਸ਼ਾਸਨ ਦਾ ਵਤੀਰਾ ਹਾਂ ਪੱਖੀ ਨਹੀਂ ਹੈ। ਸਾਬਕਾ ਫੌਜੀ ਅਫਸਰ ਨੇ ਮੌਜੂਦਾ ਪੰਜਾਬ ਸਰਕਾਰ ਦੀ ਵੀ ਆਲੋਚਨਾ ਕੀਤੀ। ਉਹਨਾਂ ਕਿਹਾ ਕਿ ਇਸ ਸਰਕਾਰ ਦੇ ਕੁਹਾੜੇ ਦਾ ਪਹਿਲਾ ਵਾਰ ਸਾਬਕਾ ਫੌਜੀਆਂ ਦੀ ਸੰਸਥਾ ਜੀ ਓ ਜੀ 'ਤੇ ਹੋਇਆ।

ਕਰਨਲ ਟੁਰਨਾ ਨੇ ਫੌਜ ਵਿੱਚ ਅਗਨੀ ਵੀਰਾਂ ਦੀ ਭਰਤੀ ਨੂੰ ਵੀ ਅਣਉਚਿਤ ਦੱਸਿਆ। ਉਹਨਾਂ ਕਿਹਾ ਕਿ ਚਾਰ ਸਾਲਾਂ ਦੇ ਸਮੇਂ ਵਿੱਚ ਤਾਂ ਫੌਜੀ ਜਵਾਨ ਅਜੇ ਸਿੱਖਅਕ ਹੁੰਦਾ ਹੈ। ਉਨ੍ਹਾਂ ਨੇ ਅਗਨੀ ਵੀਰ ਸਕੀਮ ਬੰਦ ਕਰਨ ਦੀ ਮੰਗ ਕੀਤੀ। ਕਰਨਲ ਟੁਰਨਾ ਨੇ ਕਰਨਲ ਬਾਠ ਤੇ ਉਨਾਂ ਦੇ ਪੁੱਤਰ ਨਾਲ ਹੋਏ ਧੱਕੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੋਸ਼ੀਆਂ ਵਿਰੁੱਧ ਕਾਰਵਾਈ ਸੁਪਰੀਮ ਕੋਰਟ ਦੇ ਦਬਕੇ ਤੋਂ ਬਾਅਦ ਹੀ ਸ਼ੁਰੂ ਹੋਈ। ਉਨਾਂ ਨੇ ਮਲੇਰ ਕੋਟਲਾ ਵਿੱਚ ਇੱਕ ਫੌਜੀ ਜਵਾਨ ਨਾਲ ਹੋਏ ਦੁਰਵਿਹਾਰ ਦੀ ਵੀ ਨਿੰਦਾ ਕੀਤੀ।ਇਕੱਤਰਤਾ ਵਿੱਚ ਇੱਕ ਹੋਰ ਸਾਬਕਾ ਫੌਜੀ ਅਫਸਰ ਨੇ ਕਿਹਾ ਕਿ ਅਪਰੇਸ਼ਨ ਸੰਦੂਰ ਵੇਲੇ ਵੀ ਸਾਬਕਾ ਫੌਜੀ ਆਪੋ ਆਪਣੇ ਹਿੱਸੇ ਦੀ ਕੁਰਬਾਨੀ ਕਰਨ ਲਈ ਤਿਆਰ ਸਨ।ਅਜਿਹੀ ਭਾਵਨਾ ਵਾਲੇ ਵਰਗ ਨਾਲ ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਉਚਿਤ ਵਿਹਾਰ ਨਾ ਕਰਨਾ ਨਿੰਦਣਯੋਗ ਹੈ ਇਕੱਤਰਤਾ ਨੂੰ ਬਲਵੰਤ ਸਿੰਘ ਵੀ. ਡਬਲਯੂ. ਓ, ਸੂਬੇਦਾਰ ਸੁਖਦੇਵ ਸਿੰਘ ਸੁਪਰਵਾਈਜ਼ਰ, ਸੁੱਚਾ ਸਿੰਘ, ਸੁਲੱਖਣ ਸਿੰਘ ਤੇ ਸੁਰਜੀਤ ਸਿੰਘ ਕੋਹਾੜ ਨੇ ਵੀ ਸੰਬੋਧਨ ਕੀਤਾ।

# ਜਨਰਲ ਕੈਟਾਗਰੀ ਕਮਿਸ਼ਨ ਦਾ ਚੇਅਰਮੈਨ ਨਾ ਲਗਾਉਣਾ ਮੰਦਭਾਗਾ : ਜਥੇਦਾਰ ਫੁਗਲਾਣਾ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**

ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੀ ਅਹਿਮ ਮੀਟਿੰਗ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੀ ਰਹਿਨੁਮਾਈ ਹੇਠ ਹੋਈ।ਜਿਸ ਵਿੱਚ ਗੁਰਦਿਆਲ ਸਿੰਘ ਜਲਵੇਹੜਾ, ਮਨਜੀਤ ਸਿੰਘ ਸੋਨੂੰ, ਸਤਨਾਮ ਸਿੰਘ ਸਿੱਦੂ, ਨਾਨਕ ਵੀਰ ਸਿੰਘ ਮੋਨਾ ਕਲਾਂ, ਜਗਦੇਵ ਸਿੰਘ ਕੂਕੋਵਾਲ, ਬਲਵਿੰਦਰ ਸਿੰਘ ਭਾਮ, ਜਸਵਿੰਦਰ ਸਿੰਘ ਸੰਘਾ, ਵਰਿੰਦਰ ਸਿੰਘ ਭਿੰਡਰ, ਬਲਵਿੰਦਰ ਸਿੰਘ ਗਿੱਲ ਬਘਾਣਾ, ਹੈਰੀ ਸਿੰਘ ਭੁੰਗਰਨੀ, ਜਸਵੀਰ ਸਿੰਘ ਮਿਨਹਾਸ, ਸਤਨਾਮ ਸਿੰਘ ਪਰਹਾਰ ਆਦਿ ਹਾਜ਼ਰ ਸਨ।ਇਸ ਮੌਕੇ ਬਲਵੀਰ ਸਿੰਘ ਫੁਗਲਾਣਾ ਨੇ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਆਖਿਆ ਕਿ ਪੰਜਾਬ ਸਰਕਾਰ ਵੱਲੋਂ ਜਨਰਲ ਕੈਟਾਗਰੀ ਚੇਅਰਮੈਨ ਨਾਲ ਲਗਾਉਣ ਨੂੰ ਮੰਦਭਾਗਾ ਆਖਿਆ ਹੈ। ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਵੱਲੋਂ ਆਪ ਸਰਕਾਰ ਦੇ ਮੰਤਰੀ ਸਾਹਿਬਾਨ ਐਮ ਐਲ ਏ ਸਾਹਿਬਾਨ ਅਤੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਕਈ ਵਾਰ ਮੰਗ ਪੱਤਰ ਭੇਜੇ ਜਾ ਚੁੱਕੇ ਹਨ।ਪਰ ਸਰਕਾਰ ਦਾ ਕਿਹਾ ਸਿਰ ਮੱਥੇ ਪਰਨਾਲਾ ਉੱਥੇ ਦਾ ਉੱਥੇ ਸਰਕਾਰ ਦੀ ਕਾਰਗੁਜ਼ਾਰੀ ਸਾਬਤ ਹੋਈ ਹੈ, ਜਦਕਿ ਬਾਕੀ ਸਾਰੇ ਹੀ ਵਰਗਾਂ ਬੋਰਡਾਂ ਕਾਰਪੋਰੇਸ਼ਨਾਂ ਦੇ ਚੇਅਰਮੈਨ ਵਾਈਸ ਚੇਅਰਮੈਨ ਅਤੇ ਦਫਤਰੀ ਅਮਲਾ ਤਾਇਨਾਤ ਕੀਤਾ ਜਾ ਚੁੱਕਾ ਹੈ।ਸਰਕਾਰ 'ਚ ਜਨਰਲ ਵਰਗ ਨਾਲ ਸੰਬੰਧਿਤ ਐਮ ਐਲ ਏ ਮੰਤਰੀ ਜੋ ਕਿ ਆਪਣੇ ਕੰਨ ਅਤੇ ਜ਼ੁਬਾਨ ਬੰਦ ਕਰਕੇ ਬੈਠੇ ਹੋਏ ਹਨ।ਉਹਨਾਂ ਪ੍ਰਤੀ ਵੀ ਜਨਰਲ ਵਰਗ ਦੇ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਬਾਰ ਬਾਰ ਮੰਗ ਪੱਤਰ ਦੇਣ ਅਤੇ ਜਨਰਲ ਵਰਗ ਦੀ ਕਮਿਸ਼ਨ ਦੀ ਮੰਗ ਕਰਨ ਦੇ ਬਾਵਜੂਦ ਸਾਡੀ ਮੰਗ ਨੂੰ ਸਦਾ ਅਣਗੌਲਿਆ ਕੀਤਾ ਗਿਆ। ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਸਮੁੱਚੇ ਜਨਰਲ ਵਰਗ ਨੂੰ ਆਪਣੇ ਨਾਲ ਕੀਤੀ ਬੇਇਨਸਾਫੀ ਅਤੇ ਵਿਤਕਰੇ ਦੇ ਖਿਲਾਫ ਜਨਤਕ ਰੋਹ ਆਪਣਾਇਆ ਜਾਵੇਗਾ। ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਵੱਖ ਵੱਖ ਜਿਲ੍ਹਿਆਂ ਦੇ ਵਿੱਚ ਪ੍ਰੈਸ ਕਾਨਫਰੰਸਾਂ ਰਾਹੀਂ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਅਤੇ ਜਨਰਲ ਵਰਗ ਨੂੰ ਲਾਮਬੰਦ ਕਰਨ ਲਈ ਜਲਦੀ ਹੀ ਪ੍ਰੋਗਰਾਮ ਉਲੀਕੇ ਜਾਣਗੇ ਅਤੇ ਜਿਲਾ ਹੈਡਕੁਆਟਰਾਂ ਉੱਪਰ ਧਰਨੇ ਪ੍ਰਦਰਸ਼ਨ ਵੀ ਕੀਤੇ ਜਾਣਗੇ।



# ਸ੍ਰੀ ਅਨੰਦਪੁਰ ਸਾਹਿਬ ਦੇ ਖਾਲਸਾ ਸਕੂਲ ਵਿਖੇ ਸ਼ੁਰੂ ਹੋਈਆਂ ਚਾਰ ਰੋਜ਼ਾ ਜ਼ਿਲ੍ਹਾ ਪੱਧਰੀ ਸਕੂਲ ਕਬੱਡੀ ਖੇਡਾਂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਸਥਾਨਕ ਐਸ ਜੀ ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਚਾਰ ਰੋਜ਼ਾ ਜ਼ਿਲ੍ਹਾ ਪੱਧਰੀ ਸਕੂਲ ਨੈਸ਼ਨਲ ਸਟਾਈਲ ਕਬੱਡੀ ਖੇਡਾਂ ਸ਼ੁਰੂ ਹੋ ਗਈਆਂ। ਇਹਨਾਂ ਖੇਡਾਂ ਦੀ ਸ਼ੁਰੂਆਤ ਸ੍ਰੀ ਅਨੰਦਪੁਰ ਸਾਹਿਬ ਦੇ ਨਾਇਬ ਤਹਿਸੀਲਦਾਰ ਕਰਨਵੀਰ ਸਿੰਘ ਮਾਨ ਵੱਲੋਂ ਕੀਤੀ ਗਈ। ਉਹਨਾਂ ਕਿਹਾ ਕਿ ਲੜਕੀਆਂ ਕਿਸੇ ਗੱਲੋਂ ਘੱਟ ਨਹੀਂ ਹਨ ਇਸ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਲੜਕੀਆਂ ਦਾ ਭਰਪੂਰ ਸਹਿਯੋਗ ਦੇਣਾ ਚਾਹੀਦਾ ਹੈ। ਅਤੇ ਹਰੇਕ ਖੇਡਾਂ ਵਿੱਚ ਇਹਨਾਂ ਦੀ ਸ਼ਮੂਲੀਅਤ ਯਕੀਨੀ ਬਣਾਉਣੀ ਚਾਹੀਦੀ ਹੈ। ਇਸ ਤੋਂ ਬਾਅਦ ਉਹਨਾਂ ਖਿਡਾਰੀਆਂ ਨਾਲ ਜਾਣ ਪਹਿਚਾਣ ਵੀ ਕੀਤੀ। ਸਮਾਗਮ ਸ਼ੁਰੂਆਤ ਮੌਕੇ ਜ਼ੋਨਲ ਪ੍ਰਧਾਨ ਤੇ ਸਕੂਲ ਮੁਖੀ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਵਲੋਂ ਉਹਨਾਂ ਨੂੰ ਜੀ ਆਇਆਂ ਕਿਹਾ ਅਤੇ ਖੇਡਾਂ ਸੰਬੰਧੀ ਸਮੁੱਚੀ ਜਾਣਕਾਰੀ ਦਿੱਤੀ ਗਈ। ਜ਼ੋਨਲ ਸਕੱਤਰ ਅਸ਼ੋਕ ਰਾਣਾ ਅਤੇ ਉਪ ਕਨਵੀਨਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਪਹਿਲੇ ਦੋ ਦਿਨ ਲੜਕੀਆਂ ਦੇ ਮੁਕਾਬਲੇ ਹੋ ਰਹੇ ਹਨ। ਜਿਸ ਦੇ 14 ਸਾਲ ਉਮਰ ਵਰਗ ਕਬੱਡੀ ਨੈਸ਼ਨਲ ਸਟਾਈਲ ਵਿੱਚ ਸ੍ਰੀ ਅਨੰਦਪੁਰ ਸਾਹਿਬ ਜ਼ੋਨ ਨੇ ਪਹਿਲਾ, ਸ੍ਰੀ ਚਮਕੌਰ ਸਾਹਿਬ ਜ਼ੋਨ ਨੇ ਦੂਜਾ ਅਤੇ ਨੂਰਪੁਰ ਬੇਦੀ ਜ਼ੋਨ ਨੇ ਤੀਜਾ, 17 ਸਾਲ ਉਮਰ ਵਰਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਜ਼ੋਨ ਨੇ ਪਹਿਲਾ, ਤਖਤਗੜ੍ਹ ਜ਼ੋਨ ਨੇ ਦੂਜਾ ਸਥਾਨ ਅਤੇ ਰੂਪਨਗਰ ਜ਼ੋਨ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਗੁਰਿੰਦਰ ਸਿੰਘ ਕੰਦੋਲਾ, ਸਤਨਾਮ ਸਿੰਘ, ਸੁਖਪ੍ਰੀਤ ਸਿੰਘ, ਪੁਸ਼ਪਾ ਦੇਵੀ, ਹਰਿੰਦਰ ਪਾਲ ਕੌਰ, ਰਣਵੀਰ ਸਿੰਘ, ਰਾਮ ਕੁਮਾਰ ਰਾਣਾ, ਅਸ਼ਵਨੀ ਕੁਮਾਰ, ਸੁਰਿੰਦਰ ਸਿੰਘ, ਸ਼ਮਸ਼ੇਰ ਸਿੰਘ,ਇਕਬਾਲ ਸਿੰਘ, ਹਰਜੀਤ ਸਿੰਘ, ਮਨਿੰਦਰ ਸਿੰਘ ਰਾਣਾ ਆਦਿ ਹਾਜ਼ਰ ਸਨ।